ੴ

# ਨਾਮ ਸਿਮਰਨ ਮਹਿਮਾ

ਪ੍ਰਿੰ.ਸੇਵਾ ਸਿੰਘ ਮਾਨ

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥

# ਨਾਮ ਸਿਮਰਨ ਮਹਿਮਾ

ਪ੍ਰਿੰ. ਸੇਵਾ ਸਿੰਘ ਮਾਨ

SIKHBOOKCLUB.COM

ਵਾਰਿਸ ਸ਼ਾਹ ਫ਼ਾਉਂਡੇਸ਼ਨ
ਅੰਮ੍ਰਿਤਸਰ-143002

# NAAM SIMRAN MAHIMA

*by :*

**Principal Sewa Singh Maan**

© Author

ISBN 978-81-7856-439-5

ਪਹਿਲੀ ਵਾਰ : 2015

SIKHBOOKCLUB.COM

**ਮੁੱਲ : 200 ਰੁਪਏ**

*ਪ੍ਰਕਾਸ਼ਕ :*

**ਵਾਰਿਸ ਸ਼ਾਹ ਫ਼ਾਉਂਡੇਸ਼ਨ**

42, ਗੁਰੂ ਤੇਗ ਬਹਾਦਰ ਨਗਰ,

ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002

ਫ਼ੋਨ : 0183-2450520

*ਟਾਈਪ ਸੈਟਿੰਗ :*

**ਜੋਤ ਕ੍ਰਿਏਸ਼ਨਜ਼**

ਅੰਮ੍ਰਿਤਸਰ। ਫ਼ੋਨ : 99157 22047

*ਪ੍ਰਿੰਟਰ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

*Produced & Bound in India*

# ਤਤਕਰਾ


| | | |
|---|---|---|
| 1. | ਸਿਮਰਨ ਮਹਿਮਾ | 5 |
| 2. | ਨਾਮ ਦਾਤਾ ਸਤਿਗੁਰੂ ਨਾਨਕ ਦੇਵ ਜੀ | 8 |
| 3. | ਮੂਲ ਮੰਤਰ ਦੀ ਵਿਆਖਿਆ | 15 |
| 4. | ਸਤਿਨਾਮ | 23 |
| 5. | ਕਰਤਾ ਪੁਰਖ | 29 |
| 6. | ਨਿਰਭਉ | 33 |
| 7. | ਨਿਰਵੈਰ | 36 |
| 8. | ਅਕਾਲ ਮੂਰਤਿ | 39 |
| 9. | ਅਜੂਨੀ | 45 |
| 10. | ਸੈਭੰ | 50 |
| 11. | ਗੁਰਪ੍ਰਸਾਦਿ | 55 |
| 12. | ਜਪੁ | 63 |
| 13. | ਨਾਮ ਪ੍ਰਾਪਤੀ ਦੇ ਸਾਧਨ | 71 |
| 14. | ਗੁਰਬਾਣੀ ਅਤੇ ਨਾਮ | 73 |
| 15. | ਨਾਮ ਜਾਂ ਸ਼ਬਦ | 79 |
| 16. | ਨਾਨਕ ਨਾਮ ਅਮੋਲ | 89 |
| 17. | ਗੁਰ ਮੰਤਰ | 94 |
| 18. | ਮਨ ਜੀਤੈ ਜਗਿ ਜੀਤ | 98 |
| 19. | ਮੁਕਤੀ ਦਾ ਸੰਕਲਪ | 102 |
| 20. | ਕਰਮ ਫ਼ਿਲਸਾਫ਼ੀ | 103 |


SIKHBOOKCLUB.COM

21. ਨਾਮ ਜਪਣ ਦੀ ਜੁਗਤ (ਨਿੱਜੀ ਅਨੁਭਵ) 109
22. ਲਾਵਾਂ ਦੀ ਫ਼ਿਲਾਸਫ਼ੀ 115
23. ਹਠ-ਜੋਗ ਤੋਂ ਸਹਿਜ-ਜੋਗ ਤਕ 119
24. ਹਠ-ਜੋਗ ਦੇ ਖਟ ਕਰਮ 123
25. ਕੁੰਡਲਨੀ ਸ਼ਕਤੀ 127
26. ਕੰਵਲ ਦਲਾਂ ਦੇ ਰੰਗ 129
27. ਕੁੰਡਲਨੀ ਸ਼ਕਤੀ ਬਾਰੇ ਮਤਭੇਦ 131
28. ਜੋਗ ਦੀਆਂ ਕਿਸਮਾਂ 132
29. ਗਿਆਨ-ਜੋਗ 132
30. ਸਹਿਜ-ਜੋਗ 135
31. ਮਹਾਤਮਾ ਅਰਵਿੰਦ ਘੋਸ਼ ਦਾ ਅਨੁਭਵ 142

SIKHBOOKCLUB.COM

# ਸਿਮਰਨ ਮਹਿਮਾ

ਉਹ ਕੌਣ ਹੈ ਜੋ ਖ਼ੁਸ਼ੀ ਦੀ ਭਾਲ ਵਿਚ ਨਹੀਂ ਫਿਰ ਰਿਹਾ ? ਹਰ ਪ੍ਰਾਣੀ ਮਾਤਰ ਦਿਨ-ਰਾਤ ਇਹਨਾਂ ਸੋਚਾਂ ਵਿਚ ਗੜੂੰਦ ਹੈ ਕਿ ਮੇਰਾ ਜੀਵਨ ਸੁਖੀ ਹੋਵੇ। ਕੋਈ ਪੈਸੇ ਇਕੱਠੇ ਕਰਨ ਦੀ ਫ਼ਿਕਰ ਵਿਚ ਹੈ ਤੇ ਕੋਈ ਹਕੂਮਤ ਹਾਸਲ ਕਰਨ ਲਈ ਜਤਨਸ਼ੀਲ ਹੈ। ਕਿਸੇ ਨੂੰ ਕਲਾ ਦੀ ਧੁਨ ਲੱਗੀ ਹੈ ਤੇ ਕੋਈ ਇਸ਼ਕ ਦਾ ਲੜ ਫੜ ਕੇ ਮਜਨੂੰ ਬਣਿਆ ਫਿਰਦਾ ਹੈ। ਬਹੁਤੇ ਗ਼ਮ ਗ਼ਲਤ ਕਰਨ ਲਈ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ। ਕਈਆਂ ਨੂੰ ਪੜ੍ਹਨ-ਪੜ੍ਹਾਉਣ ਦੇ ਜਨੂੰਨ ਨੇ ਪਾਗ਼ਲ ਕਰ ਰੱਖਿਆ ਹੈ। ਗੱਲ ਕੀ ਹਰ ਕੋਈ ਆਪਣੀ ਸੂਝ ਅਨੁਸਾਰ ਸੁਖ ਦੀ ਪ੍ਰਾਪਤੀ ਲਈ ਉੱਦਮ ਕਰ ਰਿਹਾ ਹੈ। ਏਨੀਆਂ ਕੋਸ਼ਿਸ਼ਾਂ ਕਰਨ 'ਤੇ ਵੀ ਅੱਜ ਦੇ ਮਨੁੱਖ ਨੂੰ ਖ਼ੁਸ਼ੀ ਦੀ ਥਾਂ ਦੁੱਖ ਹੀ ਮਿਲ ਰਿਹਾ ਹੈ। 'ਨਾਨਕ ਦੁਖੀਆ ਸਭ ਸੰਸਾਰ' ਅਟਲ ਫ਼ੁਰਮਾਨ ਹੈ।

SIKHBOOKCLUB.COM

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਮ' ਜਿਹੀ ਅਮੋਲਕ ਦਾਤ ਕਲਿਜੁਗੀ ਜੀਵਾਂ ਲਈ ਧੁਰ ਦਰਗਾਹੋਂ ਲਿਆ ਕੇ ਸੰਸਾਰ ਉੱਤੇ ਵੱਡਾ ਉਪਕਾਰ ਕੀਤਾ ਹੈ। ਨਾਮ ਦੇ ਆਧਾਰ ਤੋਂ ਬਿਨਾਂ ਜੀਵ ਨੂੰ ਸ਼ਾਂਤੀ ਤੇ ਖ਼ੁਸ਼ੀ ਪ੍ਰਾਪਤ ਨਹੀਂ ਹੋ ਸਕਦੀ। ਇਸ ਨਾਮ-ਮਾਰਗ ਬਾਰੇ ਕੁਝ ਕਹਿਣਾ ਅਤਿ ਮੁਸ਼ਕਿਲ ਕੰਮ ਹੈ ਪਰ ਜੇ ਉਸ ਦੀ ਕਿਰਪਾ ਹੋ ਜਾਵੇ ਤਾਂ ਪਿੰਗਲੇ ਵੀ ਪਹਾੜ 'ਤੇ ਚੜ੍ਹ ਸਕਦੇ ਹਨ। ਗੁੰਗਿਆਂ ਤੋਂ ਗੀਤਾ ਦਾ ਗਿਆਨ ਸੁਣਵਾਉਣਾ ਉਸ ਦੀ ਕਿਰਪਾ ਦਾ ਹੀ ਕ੍ਰਿਸ਼ਮਾ ਹੈ।

ਵਾਹਿਗੁਰੂ ਦੀ ਬੇਅੰਤ ਲੀਲ੍ਹਾ ਤੇ ਸ਼ਕਤੀ ਹੈ। ਉਸ ਨੇ ਬਰੋਟੇ (ਬੜ) ਦੇ ਬ੍ਰਿਛ ਦਾ ਬੀਜ, ਜੋ ਬਰੀਕ ਖ਼ਸਖ਼ਸ ਦੇ ਦਾਣੇ ਤੋਂ ਵੀ ਨਿੱਕਾ ਹੁੰਦਾ ਹੈ, ਉਸ ਵਿਚ ਕਿੱਡਾ ਵੱਡਾ ਬੋਹੜ ਦਾ ਦਰੱਖ਼ਤ ਛੁਪਾ ਰੱਖਿਆ ਹੈ:

**ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥**

*(ਕਬੀਰ ਜੀ, ਅੰਗ ੩੪੦)*

ਸੂਖ਼ਮ ਤੋਂ ਸੂਖ਼ਮ ਨਿਰੰਕਾਰ ਵਿਚ ਮਾਤ-ਲੋਕ, ਦੇਵ-ਲੋਕ, ਪਤਾਲ-ਲੋਕ ਦਾ

ਵਿਸ਼ਾਲ ਸੰਸਾਰ ਸਮਾਇਆ ਹੋਇਆ ਹੈ।

ਬੀਜ ਤੋਂ ਬਿਨਾਂ ਕੋਈ ਸ਼ੈਅ ਨਹੀਂ। ਹਰ ਸਜਿੰਦ ਵਸਤੂ ਦਾ ਬੀਜ ਕਿਸੇ ਨਾ ਕਿਸੇ ਰੂਪ ਵਿਚ ਬੀਜਿਆ ਜਾਂਦਾ ਹੈ। ਉਹ ਸਮਾਂ ਪਾ ਕੇ ਉੱਗਦਾ, ਨਿੰਮਦਾ ਤੇ ਜੰਮਦਾ ਹੈ। ਬੀਜ ਸੂਖ਼ਮ ਹੀ ਹੁੰਦਾ ਹੈ ਪਰ ਉਸ ਤੋਂ ਪੈਦਾ ਹੋਣ ਵਾਲਾ ਬੀਜ ਨਾਲੋਂ ਕਿਤੇ ਵੱਡੇ ਆਕਾਰ ਵਾਲਾ ਹੋ ਕੇ ਦਿਖਾਈ ਦੇਂਦਾ ਹੈ। ਉਸ ਮਾਲਕ ਦੀ ਲੀਲ੍ਹਾ ਵਿਸਮਾਦਜਨਕ ਹੈ:

**ਆਪਨ ਆਪੁ ਆਪਹਿ ਉਪਾਇਓ ॥**
**ਆਪਹਿ ਬਾਪ ਆਪ ਹੀ ਮਾਇਓ ॥** *(ਮ: ੫, ਅੰਗ ੨੫੦)*

ਕੁਲ ਸੰਸਾਰ ਤੇ ਸੰਸਾਰ ਵਿਚ ਰਹਿਣ ਵਾਲੇ ਬੇਅੰਤ ਜੀਵ ਜੰਤੂਆਂ ਦਾ ਆਧਾਰ ਉਸ ਭਗਵਾਨ ਦਾ ਨਾਮ ਹੈ। ਇਹ ਨਾਮ ਹੀ ਵਾਸਤਵਿਕ ਹੋਂਦ ਦਾ ਸਬੂਤ ਹੈ:

**ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥**
*(ਮਹਲਾ ੪, ਅੰਗ ੨੮੪)*

ਉਸ ਦੀ ਰਚਨਾ ਤੇ ਉਹ, ਦੋ ਹੀ ਹਨ। ਰਚਨਾ ਬੇਗਿਣਤ ਰੰਗਾਂ-ਰੂਪਾਂ ਵਿਚ ਹੈ ਪਰ ਉਹ ਸਦਾ ਹੀ ਇਕਰਸ, ਅਡੋਲ ਇਕੋ ਸਰੂਪ ਵਾਲਾ ਹੈ। ਉਸ ਨੂੰ ਕਾਦਰ ਤੇ ਉਸ ਦੀ ਰਚਨਾ ਨੂੰ ਕੁਦਰਤ ਕਿਹਾ ਜਾਂਦਾ ਹੈ। ਉਹ ਆਪਣੀ ਕੁਦਰਤ ਵਿਚ ਬੈਠਾ ਉਸ ਨੂੰ ਵੇਖ ਰਿਹਾ ਹੈ। ਕੁਦਰਤ ਉਸ ਦਾ ਦ੍ਰਿਸ਼ ਹੈ, ਉਹ ਸਭ ਦਾ ਦ੍ਰਿਸ਼ਟਾ ਹੈ। ਵੇਖਣ ਵਾਲਾ ਦ੍ਰਿਸ਼ਟਾ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਬੀਨਾ' ਕਿਹਾ ਹੈ, ਅਬਿਨਾਸ਼ੀ ਹੈ, ਪਵਿੱਤਰ ਹੈ, ਦਾਨਾ ਹੈ ਅਤੇ ਆਪਣੀ ਕੁਦਰਤ ਨਾਲ ਕੋਈ ਲਗਾਉ ਨਹੀਂ, ਉਸ ਨੂੰ ਕੁਦਰਤ ਲੁਭਾਇਮਾਨ ਨਹੀਂ ਕਰ ਸਕਦੀ:

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥**
*(ਮਹਲਾ ੯, ਅੰਗ ੬੮੪)*

ਪ੍ਰਭੂ ਦੀ ਖੋਜ ਦਾ ਮਾਰਗ ਨਾਮ ਹੈ, ਕਿਉਂ ਜੁ ਨਾਮ ਅਤੇ ਨਾਮੀ (ਪ੍ਰਭੂ) ਦੋਵੇਂ ਅਭੇਦ ਹਨ। ਜਿਸ ਦੇ ਹਿਰਦੇ ਵਿਚ ਨਾਮ ਵੱਸ ਜਾਂਦਾ ਹੈ, ਉਹ ਫੇਰ ਜੀਵ ਨਹੀਂ ਰਹਿੰਦਾ, ਸਗੋਂ ਭਗਵਾਨ ਹੀ ਹੋ ਨਿੱਬੜਦਾ ਹੈ। ਨਾਮ ਜਪਣ ਵਾਲਾ ਕਰੋੜਾਂ ਵਿਚੋਂ ਕੋਈ ਇਕ ਅੱਧ ਹੀ ਹੁੰਦਾ ਹੈ। ਹਰੇਕ ਸੱਪ ਦੇ ਮੱਥੇ ਮਣੀ ਨਹੀਂ ਹੁੰਦੀ, ਨਾ ਹੀ ਹਰ ਇਕ ਹਾਥੀ ਦੇ ਮੱਥੇ ਵਿਚੋਂ ਮੋਤੀ ਨਿਕਲਦਾ ਹੈ। ਇਸੇ ਭਾਂਤ ਹਰ ਨਗਰੀ ਵਿਚ ਸਾਧੂ ਨਹੀਂ ਹੋ ਸਕਦਾ। ਭਗਵਾਨ ਰੂਪ ਸਾਧੂ ਚੰਗੇ ਭਾਗਾਂ ਨਾਲ ਹੀ ਮਿਲਦਾ ਹੈ। ਭਾਈ ਗੁਰਦਾਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ

ਧਾਰਨ ਦਾ ਕਾਰਨ ਦੱਸਦਿਆਂ ਲਿਖਿਆ ਹੈ:

**ਧਰਤਿ ਉਡੀਣੀ ਸਾਧ ਬਿਨ**
**ਸਾਧ ਨ ਦਿਸੈ ਜਗ ਵਿਚ ਕੋਆ॥**
**ਗੁਰਮਖਿ ਕਲਿ ਵਿਚਿ ਪਰਗਟੁ ਹੋਆ॥** *(ਭਾਈ ਗੁਰਦਾਸ)*

ਨਾਮ ਜਪਣ ਵਾਲਾ ਸਾਧੂ ਪ੍ਰਗਟ ਹੋ ਜਾਂਦਾ ਹੈ। ਉਹ ਲੁਕ-ਲੁਕ ਕੇ ਗੁਰ-ਮੰਤਰ ਨਹੀਂ ਦੇਂਦਾ। ਉਹ ਮੌਤ ਤੋਂ ਨਿਰਭੈ ਹੋ ਕੇ ਜੀਵਤ ਹੁੰਦਾ ਹੈ। ਇਸ ਵਾਸਤੇ ਉਸ ਨੂੰ ਲੁਕਣ ਦੀ ਲੋੜ ਨਹੀਂ ਹੁੰਦੀ:

**ਸੋ ਜੀਵਤ ਜਿਹ ਜੀਵਤ ਜਪਿਆ॥**
**ਪ੍ਰਗਟ ਭਏ ਨਾਨਕ ਨਹ ਛਪਿਆ॥** *(ਮਹਲਾ ੪, ਅੰਗ ੨੪੮)*

ਨਾਮ ਦੀ ਖੁੱਲ੍ਹੀ ਤੇ ਪ੍ਰਗਟ ਦਾਤ ਵਰਤਾਉਣ ਲਈ ਗੁਰੂ ਨਾਨਕ ਸਾਹਿਬ ਦਾ ਜ਼ਹੂਰ ਹੋਇਆ। ਆਪ ਜੀ ਨੇ ਕਲਿਜੁਗੀ ਜੀਵਾਂ ਨੂੰ ਨਾਮ ਜਿਹੀ ਅਮੋਲਕ ਦਾਤ ਦੇ ਕੇ ਵੱਡਾ ਉਪਕਾਰ ਕੀਤਾ ਹੈ। ਇਸ ਦਾਤ ਨੂੰ ਉਹੀ ਲੈ ਸਕਦਾ ਹੈ ਜਿਸ ਦੇ ਮਨ ਵਿਚ ਤੀਬਰ ਜਗਿਆਸਾ ਹੋਵੇ, ਤੜਪ ਹੋਵੇ, ਵਰਨਾ ਨਾਮ ਦੀ ਦਾਤ ਕਿਸੇ ਕੀਮਤ, ਕਿਸੇ ਢੰਗ, ਕਿਸੇ ਚਤੁਰਾਈ ਨਾਲ ਪ੍ਰਾਪਤ ਨਹੀਂ ਹੋ ਸਕਦੀ। ਮਨ ਨੂੰ ਸਮਝਾਉਣਾ ਪੈਣਾ ਹੈ, ਜੇ ਮੰਨ ਗਿਆ ਤਾਂ ਨਾਮ ਦੀਆਂ ਬੇਅੰਤ ਸ਼ਕਤੀਆਂ ਇਸ ਨੂੰ ਮਾਲਾ-ਮਾਲ ਕਰ ਦੇਣਗੀਆਂ।

SIKHBOOKCLUB.COM

ਇਸ ਪੁਸਤਕ ਵਿਚ ਨਾਮ ਦੀ ਦਾਤ ਪ੍ਰਾਪਤ ਕਰਨ ਵਾਲਿਆਂ ਲਈ ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਧਾ ਤੇ ਗਾਡੀ ਰਾਹ ਦਰਸਾਉਣ ਦਾ ਜਤਨ ਕੀਤਾ ਗਿਆ ਹੈ। ਇਹ ਪੁਸਤਕ ਗੁਰਮਤਿ ਅਨੁਕੂਲ ਲਿਖੀ ਗਈ ਹੈ। ਆਪਣਾ ਨਿੱਜੀ ਅਨੁਭਵ ਵੀ ਗੁਰਬਾਣੀ ਰਾਹੀਂ ਪ੍ਰਗਟ ਕਰਨ ਦਾ ਸਾਹਸ ਕੀਤਾ ਹੈ। ਨਾਮ ਕੋਈ ਦ੍ਰਿਸ਼ਣ ਵਾਲੀ ਸ਼ੈਅ ਨਹੀਂ। ਇਹ ਪ੍ਰਭੂ ਵਾਂਗ ਆਪ ਵੀ ਬੇਅੰਤ ਹੈ। ਇਸ ਵਿਚ ਕੇਵਲ ਸੰਕੇਤ ਮਾਤਰ ਸਾਈਨ ਬੋਰਡ ਵਾਂਗ ਤੀਰ ਮਾਰ ਕੇ ਰਾਹ ਦਿਖਾਇਆ ਹੈ। ਨਾਮ ਵਿਚ ਜਾ ਕੇ ਮਨ ਆਪ ਹੀ ਅਨੁਭਵ ਕਰ ਸਕਦਾ ਹੈ।

ਧਰਮ-ਕਰਮ ਜਾਂ ਸ਼ਰ੍ਹਾ-ਸ਼ਰ੍ਹੀਅਤ ਨਾਮ ਤੋਂ ਹੇਠਾਂ ਹਨ। ਇਹ ਪੌੜੀ ਦਾ ਪਹਿਲਾ ਡੰਡਾ ਹਨ। ਬਹੁਤੇ ਕਰਮ-ਕਾਂਡੀ ਹੰਕਾਰੀ ਹੋ ਜਾਇਆ ਕਰਦੇ ਹਨ। 'ਕਰਮ ਕਰਤ ਵਧੈ ਅਹੰਮੇਵ' ਦੇ ਕਥਨ ਅਨੁਸਾਰ ਧਰਮ-ਕਰਮ ਦਾ ਹੰਕਾਰ ਹੋਣਾ ਕੁਦਰਤੀ ਹੈ।

ਭੌਤਿਕ ਪਦਾਰਥਾਂ ਦੀ ਖੋਜ ਕਰਨ ਵਾਲੇ ਸਾਇੰਸਦਾਨਾਂ ਨੇ ਸਾਇੰਸ ਦੇ ਮੂਲ ਸਿਧਾਂਤ ਮੰਨੇ ਹਨ। ਇਸੇ ਤਰ੍ਹਾਂ ਆਤਮ-ਸਾਇੰਸ ਦੇ ਵਿਗਿਆਨੀਆਂ ਨੇ ਵੀ ਗਿਆਨ-ਵਿਗਿਆਨ ਦੇ ਮੂਲ ਸਿਧਾਂਤ ਸਥਾਪਿਤ ਕੀਤੇ ਹਨ। ਰੂਹਾਨੀ ਮੁਖੀਆਂ ਅਨੁਸਾਰ ਸਰਬ-ਸ਼ਕਤੀਮਾਨ ਸੱਚ ਇਕ ਹੈ। ਇਕ ਤੋਂ ਬਿਨਾਂ ਜੋ ਕੁਝ ਵੀ ਹੈ, ਉਹ ਸਭ ਛਲਾਵਾ ਹੈ, ਭਰਮ ਹੈ ਅਥਵਾ ਝੂਠ ਹੈ।

ਪਰਮ-ਪਦ ਦੀ ਪ੍ਰਾਪਤੀ ਤੇ ਨਾਮ ਦਾ ਜਲਵਾ ਦੇਖਿਆ ਅਥਵਾ ਅਨੁਭਵ ਕੀਤਾ ਜਾ ਸਕਦਾ ਹੈ। ਕਲਿਜੁਗ ਵਿਚ ਮੁੱਖ ਸਾਧਨ ਨਾਮ ਹੈ। ਇਸ ਤੋਂ ਪਹਿਲਾਂ ਸੱਚ, ਪੂਜਾ, ਯੱਗ ਆਦਿ ਸਾਧਨ ਮੁੱਖ ਸਾਧਨ ਸਨ। ਜੀਵ ਕਰਮਾਂ ਦਾ ਬੱਧਾ ਜਨਮ ਲੈਂਦਾ ਹੈ ਪਰ ਵਾਹਿਗੁਰੂ ਦੀ ਮਿਹਰ ਨਾਲ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਵਾਹਿਗੁਰੂ ਦੀ ਮਿਹਰ ਦਾ ਚਿੰਨ੍ਹ ਨਾਮ ਦੀ ਦਾਤ ਪ੍ਰਾਪਤ ਹੋ ਜਾਣਾ ਹੈ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥** *(ਜਪੁਜੀ, ਅੰਗ ੨)*

ਚੰਗੇ ਭਲੇ ਕੰਮ ਦਾ ਫਲ ਸਵਰਗ ਵਿਚ ਵਾਸਾ ਜਾਂ ਉੱਚ ਘਰਾਣਿਆਂ ਵਿਚ ਜਨਮ ਲੈਣਾ ਹੈ, ਜਿਥੇ ਪਦਾਰਥਾਂ ਦਾ ਸੁਖ ਹੈ, ਜੋ ਅਲਪ-ਕਾਲੀ ਹੁੰਦਾ ਹੈ ਪਰ ਧਰਮ-ਕਰਮਾਂ ਤੋਂ ਉੱਚੇ ਉੱਠ ਕੇ, ਜਿਹਨਾਂ ਭਾਗਵਾਨਾਂ ਨੇ ਨਾਮ ਦੀ ਟੇਕ ਲਈ ਅਤੇ ਸਾਸ-ਗਿਰਾਸ ਨਾਮ ਨੂੰ ਹੀ ਜਪਿਆ ਹੈ ਉਹਨਾਂ ਵਾਹਿਗੁਰੂ ਦੇ ਦਰਸ਼ਨ ਪ੍ਰਾਪਤ ਕੀਤੇ। ਉਹ ਪੂਰਨ ਸੰਤ ਆਪ ਵੀ ਮੁਕਤ ਹੋਏ ਤੇ ਜਿਸ ਵੱਲ ਕਿਰਪਾ ਦ੍ਰਿਸ਼ਟੀ ਕੀਤੀ, ਉਹਨਾਂ ਨੂੰ ਵੀ ਤਾਰ ਗਏ:

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥**

*(ਜਪੁਜੀ, ਅੰਗ ੮)*

SIKHBOOKCLUB.COM

# ਨਾਮ ਦਾਤਾ ਸਤਿਗੁਰੂ ਨਾਨਕ ਦੇਵ ਜੀ

ਸਤਿਗੁਰੂ ਨਾਨਕ ਦੇਵ ਜੀ ਦਾ ਜ਼ਹੂਰ 15ਵੀਂ ਸਦੀ ਦੇ ਪਿਛਲੇ ਅੱਧ (1469 ਈ.) ਵਿਚ ਹੋਇਆ। ਆਪ ਸ੍ਰੀ ਰਾਮਚੰਦਰ ਦੀ ਵੰਸ਼ ਵਿਚੋਂ, ਸੂਰਜਵੰਸ਼ੀ ਖੱਤਰੀ ਕੁਲ ਦੇ ਰੌਸ਼ਨ-ਮੁਨਾਰੇ ਸਨ। ਆਪ ਦੇ ਬਜ਼ੁਰਗ 'ਲਵ' ਤੇ 'ਕੁਸ਼' ਦੀ ਔਲਾਦ ਸਨ, ਜਿਹੜੇ ਪੰਜਾਬ ਦੇ ਨਗਰ ਲਾਹੌਰ ਅਤੇ ਕਸੂਰ ਦੇ ਵਸਾਉਣ ਵਾਲੇ ਹਨ। 'ਬਚਿਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਨਾਲ ਲਿਖਿਆ ਹੈ ਕਿ ਇਹਨਾਂ ਦੋਹਾਂ ਭਰਾਵਾਂ ਦੀ ਔਲਾਦ ਸੋਢੀ ਤੇ ਬੇਦੀ ਹਨ। ਆਪਸ ਵਿਚ ਰਾਜਸੀ ਵਿਰੋਧ ਕਾਰਨ ਲੜਾਈਆਂ ਹੋਈਆਂ। ਸੋਢੀ ਜਿੱਤ ਗਏ ਤੇ ਬੇਦੀ ਬ੍ਰਹਮ ਵਿਦਿਆ ਦੀ ਪ੍ਰਾਪਤ ਲਈ ਭਾਰਤ ਦੇ ਉੱਚੇ ਧਰਮ-ਸਥਾਨਾਂ 'ਤੇ ਜਾ ਕੇ ਵੇਦਾਂ ਦਾ ਗਿਆਨ ਪ੍ਰਾਪਤ ਕਰ ਕੇ ਬੇਦੀ ਕਹਾਏ:

**ਜਿਨੈ ਬੇਦ ਪੱਠਿਓ ਸੁ ਬੇਦੀ ਕਹਾਏ ॥**
**ਤਿਨੈ ਧਰਮ ਕੇ ਕਰਮ ਨੀਕੇ ਚਲਾਏ ॥**

ਇਹਨਾਂ ਬੇਦੀਆਂ ਪਾਸੋਂ ਜਦੋਂ ਸੋਢੀਆਂ ਨੇ (ਜੋ ਉਸ ਸਮੇਂ ਸਨੌਢ ਦੇਸ਼

ਦੇ ਰਾਜੇ ਸਨ) ਵੇਦਾਂ ਦਾ ਰਹੱਸ ਸੁਣਿਆ ਤਾਂ ਉਹ ਰਾਜ-ਭਾਗ ਤਿਆਗ ਕੇ ਸਾਧੂ ਹੋ ਗਏ। ਉਹਨਾਂ ਆਪਣੇ ਬੇਦੀ ਭਾਈਆਂ ਨੂੰ ਰਾਜ-ਕਾਜ ਸੌਂਪ ਦਿੱਤਾ। ਸਮਾਂ ਪਾ ਕੇ ਉਹਨਾਂ ਤੋਂ ਵੀ ਰਾਜ ਖੁੱਸ ਗਿਆ ਤੇ ਮਹਿਤਾ ਕਾਲੂ ਜੀ ਦੇ ਸਮੇਂ ਉਹ ਆਮ ਪਰਜਾ ਦੇ ਜੀਵਨ-ਪੱਧਰ 'ਤੇ ਆ ਗਏ ਸਨ। ਆਪ ਮਹਿਤਾ ਕਾਲੂ ਜੀ ਦੇ ਘਰ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਅੱਜ-ਕਲ੍ਹ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ, ਕੱਤਕ ਦੀ ਪੂਰਨਮਾਸ਼ੀ ਨੂੰ ਅਵਤਾਰ ਧਾਰਦੇ ਹਨ। ਮਹਿਤਾ ਜੀ ਉਸ ਪ੍ਰਗਣੇ ਦੇ ਪਟਵਾਰੀ ਸਨ ਅਤੇ ਰਾਏ ਬੁਲਾਰ[1] ਉਸ ਹਲਕੇ ਦਾ ਚੌਧਰੀ ਜਾਗੀਰਦਾਰ ਸੀ। ਭਾਰਤ ਉੱਤੇ ਉਸ ਸਮੇਂ ਲੋਧੀ ਘਰਾਣਾ ਰਾਜ ਕਰਦਾ ਸੀ। ਇਬਰਾਹੀਮ ਲੋਧੀ ਤੇ ਬਾਬਰ ਦੇ ਯੁੱਧਾਂ ਦਾ ਜ਼ਿਕਰ 'ਨਾਨਕ ਬਾਣੀ' ਵਿਚ ਹੈ। ਬਦੇਸ਼ੀ ਹੱਲੇ ਸਮੇਂ ਬਾਬਰ ਦੇ ਜਬਰ ਤੇ ਜ਼ੁਲਮ ਕਾਰਨ ਗੁਰੂ ਜੀ ਨੇ ਇਹਨਾਂ ਸ਼ਬਦਾਂ ਨੂੰ 'ਬਾਬਰ ਬਾਣੀ'[2] ਦਾ ਨਾਂ ਦਿੱਤਾ ਹੈ।

ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਚ, ਆਪ ਦੀ ਵੱਡੀ ਭੈਣ ਬੇਬੇ ਨਾਨਕੀ, ਭਾਈਆ ਜੈਰਾਮ ਦੇ ਨਾਲ ਵਿਆਹੀ ਗਈ। ਬੇਬੇ ਨਾਨਕੀ ਦਾ ਆਪਣੇ ਵੀਰ ਨਾਨਕ ਨਾਲ ਦਿਲੀ ਪਿਆਰ ਸੀ, ਜਿਸ ਦਾ ਜ਼ਿਕਰ ਜਨਮਸਾਖੀਆਂ ਵਿਚ ਬੜੇ ਅਦਭੁੱਤ ਰੰਗ ਵਿਚ ਆਇਆ ਹੈ।

ਗੁਰੂ ਜੀ ਦੇ ਨਾਲ ਬਾਲ-ਸਖਾਈ, ਭਾਈ ਬਾਲਾ ਸੰਧੂ ਜੱਟ ਅਤੇ ਭਾਈ ਮਰਦਾਨਾ ਮੀਰ ਮੁਸਲਮਾਨ ਸਨ। ਇਹਨਾਂ ਤੋਂ ਬਿਨਾਂ ਆਪ ਦੇ ਚੱਲਣ ਦੀ ਤਸਵੀਰ ਅਧੂਰੀ ਹੀ ਰਹਿੰਦੀ ਹੈ। ਮਰਦਾਨਾ ਮਾਇਆ ਦਾ ਪ੍ਰਤੀਕ ਹੈ ਜਦੋਂ ਕਿ ਗੁਰੂ ਜੀ ਮਾਇਆ ਪ੍ਰਤੀ ਆਪ ਨਿਰੰਜਨ ਹਨ। ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ :

**ਤਿਨ ਬੇਦੀਯਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥**
**ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਏ॥**

ਬੇਦੀ ਕੁਲ ਵਿਚ ਜਨਮ ਲੈ ਕੇ, ਗਿਆਨ ਦੇ ਸੂਰਜ ਨੇ, ਨਾ ਕੇਵਲ ਭਾਰਤ ਸਗੋਂ ਕੁਲ ਸੰਸਾਰ ਨੂੰ ਰੁਸ਼ਨਾ ਦਿੱਤਾ। ਆਪ ਨੇ 'ਨਾਨਕ ਨਾਮੁ ਅਮੋਲ' ਦੇ ਪ੍ਰਸਾਰ ਲਈ ਸੰਸਾਰ ਦੇ ਪੰਜ ਵੱਡੇ ਸਫ਼ਰ ਕੀਤੇ। ਇਹਨਾਂ ਉਦਾਸੀਆਂ ਵਿਚ ਆਪ ਹਰ ਮੱਤ ਦੇ ਕੇਂਦਰੀ ਧਰਮ-ਸਥਾਨ 'ਤੇ ਜਾ ਕੇ ਆਪਣੇ ਵਿਚਾਰ ਨਾਟਕੀ ਢੰਗ ਨਾਲ ਪੇਸ਼ ਕਰਦੇ ਤਾਂ ਲੋਕਾਈ ਆਪ ਦੀ ਸਿੱਖਿਆ ਨੂੰ ਕਬੂਲ ਕਰ ਕੇ ਸਿੱਖ ਬਣ ਜਾਂਦੀ। ਇਹੀ ਕਾਰਨ ਹੈ ਕਿ ਆਪ ਦੇ ਪੈਰੋਕਾਰਾਂ ਨੂੰ ਸਿੱਖ ਕਿਹਾ ਜਾਂਦਾ ਹੈ।

---

1. ਰਾਏ ਬੁਲਾਰ ਵੀ ਬੇਦੀ ਸਨ ਜੋ ਮੁਸਲਮਾਨ ਹੋ ਗਏ ਸਨ।
2. ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥

ਆਪ ਦੇ ਸੇਵਕਾਂ ਵਿਚ ਹਰ ਜਾਤੀ, ਮਜ਼ਹਬ ਅਤੇ ਕੌਮ ਦੇ ਬੰਦੇ ਸਨ। ਮੁਸਲਮਾਨ ਆਪ ਨੂੰ 'ਪੀਰ' ਅਤੇ ਹਿੰਦੂ 'ਗੁਰੂ' ਮੰਨਦੇ ਸਨ। ਉਸ ਸਮੇਂ ਦੀ ਲੋਕੋਕਤੀ ਇਸ ਕਥਨ ਦੀ ਸ਼ਾਹਦੀ ਭਰਦੀ ਹੈ:

**ਨਾਨਕ ਸ਼ਾਹ ਫ਼ਕੀਰ॥ ਹਿੰਦੂ ਕਾ ਗੁਰੂ ਮੋਮਨ ਕਾ ਪੀਰ॥**

ਆਪ ਨੇ ਅਮਲੀ ਰੂਪ ਵਿਚ ਧਰਮੀ ਹੋਣ ਦੀ ਜਾਚ ਸਿਖਾਈ। ਧਰਮੀ ਲਈ ਸੱਚ, ਘਾਲ ਦੀ ਕਮਾਈ, ਦਿਲ ਦੀ ਸਫ਼ਾਈ, ਸਰਬੱਤ ਦਾ ਭਲਾ, ਰੱਬ ਦੀ ਰਜ਼ਾ, ਵੰਡ ਕੇ ਛਕਣਾ, ਨਾਮ ਅਮੋਲ ਦਾ ਧਾਰਨੀ ਹੋਣਾ ਜ਼ਰੂਰੀ ਹੈ। ਪਰਾਇਆ ਹੱਕ ਖਾਣਾ ਧਰਮ ਨੂੰ ਕੁੰਗੀ ਲਾਉਣਾ ਹੈ। ਆਪ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**

ਪ੍ਰਭੂ ਪ੍ਰਾਪਤੀ ਲਈ ਮਿਹਨਤ ਕਰ ਕੇ ਖਾਣਾ ਪਹਿਲਾ ਕਦਮ ਹੈ। ਇਸੇ ਲਈ ਆਪ ਕਿਰਤੀ ਲਾਲੋ ਦੇ ਘਰ ਜਾ ਕੇ ਉਸ ਦੀ ਕੋਧਰੇ ਦੀ ਰੋਟੀ ਖ਼ੁਸ਼ ਹੋ ਕੇ ਖਾਂਦੇ ਹਨ ਪਰ ਜਾਗੀਰਦਾਰ ਮਲਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਤਿਆਗ ਕਰਦੇ ਕਹਿੰਦੇ ਹਨ:

SIKHBOOKCLUB.COM

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥੧॥**

*(ਸਾਰੰਗ ਕੀ ਵਾਰ ਮਹਲਾ ੧, ਅੰਗ ੧੨੪੫)*

ਠੱਗੀ, ਚੋਰੀ ਦੇ ਮਾਲ ਨੂੰ ਲੇਖੇ ਲਾਉਣਾ ਵੀ ਰੱਬ ਨਾਲ ਮਖ਼ੌਲ ਕਰਨਾ ਹੈ:

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥**
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥**
**ਵਢੀਅਹਿ ਹਥ ਦਲਾਲ ਕੇ ਮੁਸਫ਼ੀ ਏਹ ਕਰੇਇ॥**
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥੧॥**

*(ਆਸਾ ਮਹਲਾ ੧, ਅੰਗ ੪੭੨)*

ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਨੂੰ ਜਥੇਬੰਦ ਕੀਤਾ ਅਤੇ ਆਪਣਾ ਉਤਰ-ਅਧਿਕਾਰੀ ਖ਼ੁਦ ਚੁਣ ਕੇ ਉਸ ਨੂੰ ਗੁਰੂ-ਪਦ ਦੀ ਉੱਚ ਪਦਵੀ ਬਖ਼ਸ਼ੀ ਤੇ ਇਹੀ ਰੀਤ ਦਸਾਂ ਗੁਰੂਆਂ ਤਕ ਚਲਾਈ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਮ ਜਪਣ ਵਾਲੇ ਸੰਤਾਂ ਨੂੰ ਧਰਮ ਦੀ ਰਾਖੀ ਲਈ ਵੀਰਤਾ ਦਾ ਬਾਣਾ (ਸ਼ਸਤਰ-ਬਸਤਰ) ਬਖ਼ਸ਼ ਕੇ 'ਖ਼ਾਲਸਾ' ਪਦਵੀ ਨਾਲ ਸਨਮਾਨਿਤ ਕੀਤਾ। 'ਖ਼ਾਲਸਾ' ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਬਾਦਸ਼ਾਹ ਦੀ ਨਿੱਜੀ

ਜਾਗੀਰ ਹੈ। ਇਥੇ 'ਤੁਮ ਹੋ ਸਭ ਰਾਜਨ ਕੇ ਰਾਜਾ' ਵਾਹਿਗੁਰੂ ਦੀ ਆਪਣੀ ਜਾਗੀਰ 'ਖ਼ਾਲਸਾ' ਤੋਂ ਮੁਰਾਦ ਹੈ। ਇਸ ਪਾਸੇ ਕਬੀਰ ਸਾਹਿਬ ਨੇ ਵੀ ਇਸ਼ਾਰਾ ਕੀਤਾ ਹੈ :

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥**

*(ਸੋਰਠਿ ਕਬੀਰ ਜੀ, ਅੰਗ ੬੫੪)*

ਪ੍ਰਭੂ ਨਾਲ ਪ੍ਰੇਮ ਕਰਨ ਵਾਲੇ ਭਗਤ ਹੀ 'ਖ਼ਾਲਸੇ' ਹੋ ਸਕਦੇ ਹਨ, ਨਿਰੇ ਬਾਹਰਲੇ ਭੇਖ ਨਾਲ ਨਹੀਂ। ਇਹ ਖ਼ਾਲਸੇ ਵਾਹਿਗੁਰੂ ਦੇ ਹੋ ਨਿੱਬੜਦੇ ਹਨ। ਇਸ ਲਈ ਇਹਨਾਂ ਪ੍ਰਥਾਇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਨਾਹਰਾ ਪ੍ਰਦਾਨ ਕੀਤਾ ਹੈ :

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥**

ਦੋ ਖ਼ਾਲਸੇ ਆਪਸ ਵਿਚ ਮੁਲਾਕਾਤ ਸਮੇਂ ਇਹੀ ਬੋਲ ਬੋਲਦੇ ਹਨ। ਖ਼ਾਲਸਾ 'ਨਾਮ ਅਮੋਲ' ਦੁਆਰਾ ਉਸ ਵਾਹਿਗੁਰੂ ਦਾ ਰੂਪ ਹੋ ਗਿਆ ਹੁੰਦਾ ਹੈ, ਜਿਸ ਦਾ ਸਰੂਪ ਸਤਿ ਹੈ, ਜਿਸ ਉੱਤੇ ਵਸਤੂ, ਦੇਸ਼ ਅਤੇ ਕਾਲ ਦਾ ਕੋਈ ਅਸਰ ਨਹੀਂ। ਉਹ ਇਹਨਾਂ ਤੋਂ ਉੱਚਾ ਅਕਾਲ ਹੁੰਦਾ ਹੈ। ਇਸੇ ਵਾਸਤੇ ਖ਼ਾਲਸੇ ਦਾ ਧਰਮ ਯੁੱਧ ਸਮੇਂ ਦਾ ਨਾਅਰਾ ਹੈ :

SIKHBOOKCLUB.COM

**ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।**

ਇਹ ਨਾਹਰਾ ਲਾਉਣ ਵਾਲਾ ਸਤਿ ਦੇ ਅਨੁਭਵ ਵਿਚ ਖਲੋ ਕੇ ਯੁੱਧ ਕਰਦਾ ਹੈ, ਜਿਸ ਨੂੰ ਕਿਸੇ ਕਿਸਮ ਦਾ ਭੈ ਨਹੀਂ ਹੋ ਸਕਦਾ। ਸੂਰਮਾ ਨਿਰਭਉ ਹੋ ਕੇ ਹੀ ਜਿੱਤ ਪ੍ਰਾਪਤ ਕਰਦਾ ਹੈ। ਇਸੇ ਲਈ ਫ਼ਤਹਿ ਖ਼ਾਲਸੇ ਦੇ ਅੰਗ-ਸੰਗ ਰਹਿੰਦੀ ਹੈ। ਉਹ ਸਦਾ ਚੜ੍ਹਦੀ ਕਲਾ ਵਿਚ ਆਸ਼ਾਵਾਦੀ ਹੁੰਦਾ ਹੈ। ਨਿਰਾਸਤਾ ਉਸ ਦੇ ਨੇੜੇ ਨਹੀਂ ਫਟਕ ਸਕਦੀ। ਇਸੇ 'ਖ਼ਾਲਸਾ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਹੀ ਰੂਪ ਆਖਿਆ ਹੈ, ਸਗੋਂ ਸਤਿਕਾਰ ਨਾਲ ਇਸ਼ਟ ਤਕ ਵੀ ਕਹਿ ਗਏ ਹਨ :

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰੌਂ ਨਿਵਾਸ॥
ਖਾਲਸਾ ਮੇਰੋ ਇਸਟ ਸੁਹਿਰਦ॥
ਖਾਲਸਾ ਮੇਰੋ ਕਹੀਅਤ ਬਿਰਦ॥
ਰੋਮ ਰੋਮ ਜੇ ਰਸਨਾ ਪਾਊਂ
ਤਦਪ ਖਾਲਸਾ ਜਸ ਨਹਿ ਗਾਊਂ॥
ਹਉ ਖਾਲਸੇ ਦਾ ਖਾਲਸਾ ਮੇਰੋ॥

ਓਤ ਪੋਤ ਸਾਗਰ ਬੂੰਦੇਰੋ ॥
ਜਾ ਮਹਿ ਰੰਚ ਨਾ ਮਿਥਿਆ ਭਾਖੀ ॥
ਪਾਰਬ੍ਰਹਮਿ ਗੁਰ ਨਾਨਕ ਸਾਖੀ ॥

ਏਨੀ ਉੱਚੀ ਪਦਵੀ ਵਾਲਾ 'ਖ਼ਾਲਸਾ' ਨਿਰਾ ਭੇਖੀ ਨਹੀਂ ਹੋ ਸਕਦਾ, ਉਹ ਨਾਮ ਅਮੋਲ ਦੁਆਰਾ ਹੀ ਵਾਹਿਗੁਰੂ ਨਾਲ ਤਦਰੂਪ ਹੋਇਆ ਹੁੰਦਾ ਹੈ। ਗੁਰੂ ਜੀ 'ਖ਼ਾਲਸਾ' ਦੀ ਪਰਿਭਾਸ਼ਾ ਇਹਨਾਂ ਸ਼ਬਦਾਂ ਨਾਲ ਕਰਦੇ ਹਨ :

ਆਤਮ ਰਸੁ ਜਿਹ ਜਾਨਿਆ ਸੋਈ ਖਾਲਸਾ ਦੇਵ ॥
ਪ੍ਰਭ ਮੈ ਮੋਹਿ ਮੈ ਤਾਸ ਮੈ ਰੰਚਕ ਨਾਹੀ ਭੇਦ ॥

ਦਸਾਂ ਗੁਰੂਆਂ ਵਿਚ ਇਕੋ ਰੱਬੀ ਜੋਤਿ ਸੀ। ਗੁਰੂ ਨਾਨਕ ਦੇਵ ਖ਼ੁਦ ਜੋਤੀ ਸਰੂਪ ਪਾਰਬ੍ਰਹਮ ਸਨ। ਉਹ ਕੂੜ ਅਮਾਵਸ ਦੇ ਸਮੇਂ ਸੂਰਜਵਤ ਪ੍ਰਗਟ ਹੋਏ :

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੈ ਅੰਧੇਰ ਪਲੋਅ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਨੇ ਵੀ ਆਪ ਦੇ ਸਰੂਪ ਨੂੰ ਜੋਤਿ ਕਹਿ ਕੇ ਨਿਰੂਪਤ ਕੀਤਾ ਹੈ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

*(ਸਵਈਏ ਮਹਲੇ ੧, ਅੰਗ ੧੪੦੮)*

ਗੁਰੂ ਪਹਿਲਾਂ, ਇਹ ਜੋਤਿ ਆਪਣੇ ਉਤਰ-ਅਧਿਕਾਰੀ ਵਿਚ ਧਰਦਾ ਸੀ ਤਾਂ ਫੇਰ ਉਹ ਗੁਰੂ ਤੇ ਸੱਚਾ ਪਾਤਸ਼ਾਹ ਹੈ, ਅਕਾਲ ਦੇ ਤਖ਼ਤ ਉੱਤੇ ਬੈਠ ਕੇ ਹੁਕਮ ਚਲਾਉਂਦਾ ਸੀ। 'ਗੁਰੂ ਜੋਤਿ ਸੋ ਅਰਜਨ ਮਾਹਿ ਧਰੀ' ਤਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰਿਆਈ ਦੀ ਗਵਾਹੀ ਆਪ ਹੈ। ਅੱਗੇ ਦਸਮੇਸ਼ ਪਿਤਾ ਤਕ ਗੁਰੂ ਕਾਲ ਦਾ ਸਿੱਖ ਇਤਿਹਾਸ ਸ਼ਾਹਦੀ ਭਰਦਾ ਹੈ। ਗੁਰੂਆਂ ਦੇ ਪ੍ਰਤੱਖ ਹੁੰਦਿਆਂ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਸਤਿਗੁਰਾਂ ਤੋਂ ਵੱਧ ਸਤਿਕਾਰੇ ਜਾਂਦੇ ਰਹੇ ਹਨ। ਗੁਰੂ ਅਰਜਨ ਦੇਵ ਜੀ ਆਪ ਨੀਵੇਂ ਥਾਂ ਅਦਬ ਨਾਲ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉੱਚੇ ਪਲੰਘ ਉੱਤੇ ਬਿਰਾਜਮਾਨ ਕਰਦੇ ਸਨ, ਇਸੇ ਲਈ ਇਹ 'ਪ੍ਰਗਟ ਗੁਰਾਂ ਦੀ ਦੇਹ' ਉਸੇ ਕਾਲ ਤੋਂ ਹੈ। ਇਸ ਵਿਚ ਬਾਣੀ ਗੁਰੂਆਂ ਜਾਂ ਭਗਤਾਂ ਦੁਆਰਾ ਉਤਰੀ ਹੋ ਸਕਦੀ ਹੈ ਪਰ ਉਹ ਬਾਣੀ 'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥[1] ਦੀ ਹੈ। ਬਾਣੀ ਰੱਬੀ

1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਇਲਹਾਮ ਹੈ ਜੋ ਸਤਿਗੁਰਾਂ 'ਤੇ ਉਤਰਿਆ। ਸਤਿਗੁਰੂ ਇਸ ਵੇਦ-ਬਾਣੀ ਦੇ ਰਿਸ਼ੀਆਂ ਵਾਂਗ ਕੇਵਲ ਦ੍ਰਿਸ਼ਟਾ ਸਨ। ਇਸੇ ਲਈ ਬਾਣੀ ਰੱਬੀ ਹੈ ਜੋ ਸਰਬ-ਸਾਂਝੀ ਹੈ। ਰੱਬੀ ਸ਼ੈਅ ਸਭ ਦੀ ਸਾਂਝੀ ਹੀ ਹੁੰਦੀ ਹੈ। ਕਿਸੇ ਖ਼ਾਸ ਜਾਂ ਖ਼ਾਸਾਂ ਲਈ ਨਹੀਂ ਹੁੰਦੀ। ਬਾਣੀ ਆਪ ਫ਼ੁਰਮਾਉਂਦੀ ਹੈ:

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**

*(ਸੂਹੀ ਮਹਲਾ ੫, ਅੰਗ ੭੪੭)*

ਇਹ ਰੱਬੀ ਬਾਣੀ ਰੱਬੀ ਗਿਆਨ ਹੋਣ ਕਰਕੇ ਰੱਬ ਹੀ ਹੈ। ਇਸੇ ਲਈ ਸਿੱਖਾਂ ਦਾ 'ਇਸ਼ਟ' ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਿੱਖ ਇਸ ਗ੍ਰੰਥ ਦੇ ਕਾਗ਼ਜ਼ਾਂ ਜਾਂ ਸਿਆਹੀ ਦੇ ਉਪਾਸ਼ਕ ਨਹੀਂ ਸਗੋਂ ਇਸ ਵਿਚਲੇ ਗਿਆਨ ਦੇ ਆਸ਼ਕ ਹਨ। ਇਸ ਬਾਣੀ ਦੀ ਸਹੀ ਵਿਆਖਿਆ ਬ੍ਰਹਮ ਗਿਆਨੀ ਖ਼ਾਲਸਾ ਹੀ ਕਰ ਸਕਦਾ ਹੈ ਜੋ ਆਪ ਪਰਮੇਸ਼ਰ ਦਾ ਰੂਪ ਹੋ ਗਿਆ ਹੋਵੇ। ਉਹ ਗੁਰਮੁਖ ਹੁੰਦਾ ਹੈ ਜੋ ਸਹੀ ਪਦ ਤੋਂ ਬਾਣੀ ਦਾ ਸਹੀ ਵਿਚਾਰ ਦੱਸਦਾ ਹੈ:

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥**

*(ਰਾਮਕਲੀ ਮਹਲਾ ੧, ਅੰਗ ੯੩੫)*

ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਤਤਛਿਨ ਹੁਕਮ ਦਿਆ ਕਰਦੇ ਸਨ, ਜਦੋਂ ਬਾਣੀ ਦਾ ਇਲਹਾਮ ਹੁੰਦਾ, "ਮਰਦਾਨਿਆ! ਬਾਣੀ ਆਈ ਊ, ਚੁੱਕ ਰਬਾਬ, ਰਾਗ ਤਿਲੰਗ ਘਰ ਪਹਿਲਾ"। ਇਹਨਾਂ ਤੱਥਾਂ ਨੂੰ ਸਮਝੇ ਤੋਂ ਬਿਨਾਂ ਗੁਰਮਤਿ ਬਾਰੇ ਕੁਝ ਕਹਿਣਾ ਜਾਂ ਲਿਖਣਾ ਪਾਣੀ ਵਿਚ ਮਧਾਣੀ ਪਾਉਣ ਦੇ ਤੁੱਲ ਹੈ। ਗੁਰੂ ਨਾਨਕ ਦੇਵ ਜੀ ਇਸ ਰੱਬੀ ਬਾਣੀ ਦੀ ਪੋਥੀ ਆਪਣੇ ਨਾਲ ਰੱਖਦੇ ਸਨ:

**ਫੇਰ ਬਾਬਾ ਮੱਕੇ ਗਿਆ ਨੀਲ ਬਸਤਰ ਧਾਰੇ ਬਨਵਾਰੀ॥**
**ਆਸਾ ਹਥ ਕਿਤਾਬ ਕਛ ਕੂਜਾ ਵਾਂਗ ਮੁਸੱਲਾਧਾਰੀ॥**

ਕਹਿਣ ਤੋਂ ਭਾਵ ਬਾਣੀ ਦੇ ਹੁੰਦਿਆਂ ਵੀ ਬਾਣੀ ਦਾ ਤਾਤਪਰਜ ਸਮਝਣ, ਸਮਝਾਉਣ ਵਾਲੇ ਗੁਰੂ ਦੀ ਲੋੜ ਹੈ ਜੋ ਦੇਹਧਾਰੀ ਹੀ ਹੋਵੇਗਾ ਪਰ ਉਹ ਆਪਣੇ ਆਪ ਨੂੰ ਗੁਰੂ ਕਦੇ ਨਹੀਂ ਅਖਵਾਉਂਦਾ, ਕੰਮ ਸਾਰੇ ਗੁਰਮਤਿ ਅਨੁਸਾਰ ਕਰੇਗਾ। ਜਿਵੇਂ ਬਲਬ ਤੋਂ ਬਿਨਾਂ ਬਿਜਲੀ ਦੀ ਰੌਸ਼ਨੀ ਨਹੀਂ ਹੁੰਦੀ, ਇਸੇ ਤਰ੍ਹਾਂ ਉਸ ਦੀ ਕਿਰਪਾ ਤੋਂ ਬਿਨਾਂ ਗੁਰੂ ਗਿਆਨ ਨਹੀਂ ਮਿਲ ਸਕਦਾ। ਗੁਰੂ ਨਾਨਕ ਦੇਵ ਜੀ ਗੁਰਮਤਿ ਦਾ ਸਾਰਾ ਬੰਧਾਨ ਬੰਨ੍ਹ ਕੇ ਰਹੁ-ਰੀਤ ਦੱਸ ਕੇ ਸੱਤਰ ਸਾਲ ਇਸ ਪੰਜ-ਭੂਤਕ ਦੇਹ ਵਿਚ ਰਹਿ ਕੇ ਸਤੰਬਰ 1539 ਈ. ਨੂੰ ਦਸਵੀਂ ਦੇ ਦਿਨ

ਕਰਤਾਰਪੁਰ (ਪਾਕਿਸਤਾਨ) ਵਿਚ ਜੋਤੀ ਜੋਤਿ ਸਮਾਏ। ਕੋਈ ਵੀ ਇਤਿਹਾਸਕਾਰ ਇਸ ਰਹੱਸ ਨੂੰ ਖੋਲ੍ਹ ਨਹੀਂ ਸਕਿਆ ਕਿ ਆਪ ਦੀ ਪੰਜ-ਭੂਤਕ ਦੇਹ ਨੂੰ ਕਿਥੇ ਦਫ਼ਨਾਇਆ ਜਾਂ ਸਸਕਾਰਿਆ ਗਿਆ। ਇਤਿਹਾਸ ਇਹ ਦੱਸਦਾ ਹੈ ਕਿ ਆਪ ਦੇ ਹਿੰਦੂ ਅਤੇ ਮੁਸਲਮਾਨ ਸਿੱਖਾਂ ਵਿਚ ਝਗੜਾ ਹੋਇਆ ਸੀ ਕਿ ਅਸੀਂ ਸਸਕਾਰ ਕਰਾਂਗੇ ਤੇ ਅਸੀਂ ਦਫ਼ਨਾਵਾਂਗੇ। ਪਰ ਜਦੋਂ ਚਾਦਰ ਚੁੱਕੀ ਤਾਂ ਉਥੇ ਫੁੱਲ ਪਏ ਸਨ। ਗੁਰੂ ਜੀ ਦੀ ਦੇਹ ਅਲੋਪ ਸੀ। ਅੱਧੀ-ਅੱਧੀ ਚਾਦਰ ਵਿਚ ਸ਼ਰਧਾਲੂਆਂ ਨੇ ਅੱਧੇ-ਅੱਧੇ ਫੁੱਲ ਵੰਡ ਕੇ ਹਿੰਦੂਆਂ ਸਿੱਖਾਂ ਨੇ ਸਸਕਾਰ ਕੀਤਾ ਅਤੇ ਮੁਸਲਮਾਨ ਮੁਰੀਦਾਂ ਨੇ ਦਫ਼ਨਾਇਆ। ਸਮਾਂ ਪਾ ਕੇ ਇਹ ਦੋਵੇਂ ਯਾਦਗਾਰਾਂ ਵੀ ਰਾਵੀ ਨਦੀ ਦੇ ਪਾਣੀ ਵਿਚ ਅਲੋਪ ਹੋ ਗਈਆਂ। ਉਹ ਜੋਤੀ ਸਰੂਪ ਬਾਬਾ ਨਾਨਕ ਅਲੋਪ ਹੋਇਆ ਹੈ, ਮਰਿਆ ਨਹੀਂ। ਮਰਦੇ ਜੀਵ ਹਨ, ਰੱਬੀ ਜੋਤ ਸਦਾ ਜੀਵਤ ਹੈ। ਇਸੇ ਲਈ ਬਾਣੀ ਕਹਿੰਦੀ ਹੈ:

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥**

*(ਆਸਾ ਮਹਲਾ ੫, ਅੰਗ ੩੯੪)*

ਇਸ ਜਾਗਤ ਜੋਤ ਬਾਬੇ ਨੇ ਆਪਣੇ ਸਿੱਖਾਂ ਨੂੰ ਜਾਗਤ ਜੋਤ ਨਾਲ ਜੋੜ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ '੧' ਲਿਖ ਕੇ ਇਕ ਰੱਬ ਦੇ ਪੁਜਾਰੀ ਬਣਾ ਦਿੱਤਾ ਹੈ। 'ਜਾਗਤ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਜੋਤਿ ਜਗੈ ਘਟ ਮਹਿ ਜਬ ਖਾਲਸਾ ਤਾਹਿ ਨਖਾਲਸ ਜਾਨੈ ॥' ਇਸੇ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕਰਨ ਲਈ ਗੁਰੂ ਕਿਰਪਾ ਪ੍ਰਾਪਤੀ 'ਤੇ ਜ਼ੋਰ ਦਿੰਦਿਆਂ ਫ਼ੁਰਮਾਇਆ ਹੈ:

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥**
**ਗੁਰ ਸਾਖੀ ਜੋਤਿ ਪਰਗਟੁ ਹੋਇ ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ ॥**

*(ਧਨਾਸਰੀ ਮਹਲਾ ੧, ਅੰਗ ੧੩)*

ਇਹ ਏਕਾ ਜੋਤੀ ਸਰੂਪ ਘਟ-ਘਟ ਵਿਚ ਵਿਆਪਕ ਹੈ:

**ਏਕਮ ਏਕੰਕਾਰੁ ਨਿਰਾਲਾ ॥**
**ਅਮਰੁ ਅਜੋਨੀ ਜਾਤਿ ਨ ਜਾਲਾ ॥**
**ਅਗਮ ਅਗੋਚਰੁ ਰੂਪੁ ਨ ਰੇਖਿਆ ॥**
**ਖੋਜਤ ਖੋਜਤ ਘਟਿ ਘਟਿ ਦੇਖਿਆ ॥**

*(ਬਿਲਾਵਲੁ ਮਹਲਾ ੧ ਥਿਤੀ, ਅੰਗ ੮੩੮)*

ਘਟ-ਘਟ ਵਾਸੀ ਦੇ ਉਪਾਸ਼ਕ ਸਿੱਖ ਕਿਸੇ ਆਕਾਰ ਵਾਲੇ ਬੁੱਤ ਦੇ ਪੁਜਾਰੀ ਨਹੀਂ, ਸਗੋਂ ਨਿਰੰਕਾਰੀ ਬਾਬੇ ਦੇ ਸਿੱਖ ਨਿਰੰਕਾਰ ਦੇ ਪੁਜਾਰੀ ਹਨ।

# ਮੂਲ ਮੰਤਰ ਦੀ ਵਿਆਖਿਆ

**੧ੴ**
**ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

*ਵਿਆਖਿਆ :* ਹਰ ਸ਼ਬਦ ਆਪਣੇ ਆਪ ਵਿਚ ਕਿਸੇ ਭਾਵ ਨੂੰ ਛੁਪਾ ਕੇ ਰੱਖਦਾ ਹੈ। ਭਾਵ ਦਾ ਟਿਕਾਣਾ ਹਿਰਦਾ ਹੈ। ਹਿਰਦੇ ਵਿਚੋਂ ਨਿਕਲ ਕੇ ਸ਼ਬਦ ਕੰਠ ਤੇ ਫਿਰ ਰਸਨਾ ਉੱਤੇ ਆਉਂਦਾ ਹੈ। ਜ਼ੁਬਾਨੋਂ ਨਿਕਲਿਆ ਬੋਲ ਸਰੋਤੇ ਦੇ ਕੰਨਾਂ ਰਾਹੀਂ ਉਸ ਦੇ ਮਨ ਵਿਚ ਜਾ ਕੇ ਆਪਣੇ ਭਾਵ ਦਾ ਪ੍ਰਕਾਸ਼ ਕਰਦਾ ਹੈ। ਸੋ ਗਿਆਨ ਦਾਤਾ ਸ਼ਬਦ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥** *(ਮਹਲਾ ੧, ਅੰਗ ੯੪੩)*

SIKHBOOKCLUB.COM

ਹਰ ਕਿਸਮ ਦੀ ਵਿਦਿਆ ਲਈ ਸ਼ਬਦ ਹੀ ਗੁਰੂ ਹੈ। ਸ਼ਬਦ ਨੂੰ ਬ੍ਰਹਮ ਵੀ ਆਖਿਆ ਗਿਆ ਹੈ। ਸ਼ਬਦਾਂ ਤੋਂ ਬਣਿਆ ਸਾਹਿਤ ਜੇ ਸਾਡੇ ਪਾਸ ਨਾ ਹੋਵੇ ਤਾਂ ਸਾਡੇ ਲਈ ਸੰਸਾਰ 'ਤੇ ਅੰਧਕਾਰ ਛਾ ਜਾਵੇ। ਸ਼ਬਦ-ਦੀਪ ਦਾ ਨੂਰ ਹੀ ਬੁੱਧੀ ਵਿਚ ਪ੍ਰਕਾਸ਼ਮਾਨ ਹੈ।

'੧ੴ' ਉਸ ਸ਼ਬਦ ਹੈ ਕਿ ਜਿਸ ਦੇ ਪਿੱਛੇ ਅਜਿਹੇ ਭਾਵ ਕ੍ਰਿਆਸ਼ੀਲ ਹਨ ਜਿਹਨਾਂ ਦਾ ਸੰਪੂਰਨ ਰੂਪ ਵਿਚ ਵਰਣਨ ਕਰ ਸਕਣਾ ਮੂਲੋਂ ਹੀ ਅਸੰਭਵ ਹੈ। ਇਹ ਸ਼ਬਦ ਅਨੁਭਵ ਦਾ ਵਿਸ਼ਾ ਹੈ। ਕੋਈ ਬ੍ਰਹਮ ਗਿਆਨੀ ਹੀ ਇਸ ਦਾ ਅਨੁਭਵ ਕਰ ਕੇ ਭਗਤ ਕਬੀਰ ਵਾਂਗ ਕਹਿ ਸਕਦਾ ਹੈ :

**ਓਅੰਕਾਰ ਆਦਿ ਮੈ ਜਾਨਾ ॥**
**ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥** *(ਕਬੀਰ ਜੀ, ਅੰਗ ੩੪੦)*

'੧' ਕੋਈ ਗਿਣਤੀ ਮਾਤਰ ਦਾ ਹਿੰਦਸਾ ਨਹੀਂ। ੧ ਹਿੰਦਸੇ ਪਿੱਛੋਂ ਤਾਂ ਹੋਰ ਕਈ ਹਿੰਦਸੇ ੨, ੩, ੪ ਆਦਿਕ ਉਸੇ ਵਰਗੇ ਹੀ ਖਲੋਤੇ ਹਨ। ਏਕਾ ਤਾਂ ਉਸ ਇਕੋ-ਇਕ ਲਾ-ਸ਼ਰੀਕ ਹਸਤੀ ਦਾ ਸੂਚਕ ਹੈ ਜਿਸ ਨੇ ਦ੍ਰਿਸ਼ਟਮਾਨ ਭੌਤਿਕ,

ਪਦਾਰਥਕ ਅਤੇ ਅਣਗਿਣਤ ਖੰਡਾਂ, ਬ੍ਰਹਿਮੰਡਾਂ ਨੂੰ ਰਚਿਆ ਹੈ। ਅਰਥਾਤ '੧' ਅਕਾਲ ਪੁਰਖ ਅਤੇ ਉਸ ਦੀ ਸੰਪੂਰਨ ਸੱਤਾ (ਸ਼ਕਤੀ) ਦਾ ਚਿੰਨ੍ਹ ਹੈ ਜੋ ਪ੍ਰਗਟ ਤੇ ਅਪ੍ਰਗਟ ਦੋਹਾਂ ਰੂਪਾਂ ਵਿਚ ਇਸਥਿਤ ਹੈ:

**ਨਿਰਗੁਨੁ ਆਪਿ ਸਰਗੁਨੁ ਭੀ ਓਹੀ॥** *(ਮਹਲਾ ੫, ਅੰਗ ੨੮੭)*

ਨਿਰਗੁਣ, ਅਪ੍ਰਗਟ ਅਤੇ ਸਰਗੁਣ ਪ੍ਰਗਟ ਹੈ। ਇਕ (੧) ਨਿਰੰਕਾਰ ਵੀ ਹੈ ਅਤੇ ਆਕਾਰ ਵੀ ਹੈ। ਸੂਰਜ ਵਾਂਗ ਉਹ ਇਕ ਹੁੰਦਿਆਂ ਕਿਰਨਾਂ ਵਤ ਅਨੇਕ ਵੀ ਹੈ:

**ਅਨੇਕ ਹੈਂ ਫਿਰ ਏਕ ਹੈਂ॥** *(ਜਾਪੁ ਸਾਹਿਬ, ਪਾਤਸਾਹੀ ੧੦)*

ਉਰਦੂ ਦੇ ਉਘੇ ਫ਼ਿਲਾਸਫ਼ਰ ਕਵੀ ਡਾ. ਇਕਬਾਲ ਨੇ ਇਸੇ ਇਕ ਦੀ ਭਗਤੀ ਨੂੰ 'ਤੌਹੀਦ ਕੀ ਸਦਾ' ਕਹਿ ਕੇ ਗੁਰੂ ਨਾਨਕ ਨੂੰ ਸਨਮਾਨਿਆ ਹੈ:

**ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦਿ-ਕਾਮਲ ਨੇ ਜਗਾਇਆ ਖ਼ਾਬ ਸੇ।**

*(ਬਾਂਗੇ ਦਰਾ)*

ਇਕ ਵਾਹਿਗੁਰੂ ਸੰਸਾਰ ਦੀ ਰਚਨਾ ਤੋਂ ਪਹਿਲਾਂ ਵੀ ਸੀ। ਹੁਣ ਉਸ ਦੀ ਉਤਪਤੀ ਕਰ ਕੇ ਵੀ ਹੈ। ਇਸ ਦੀ ਅਣਹੋਂਦ ਪਿੱਛੋਂ ਉਸ ਨੇ ਨਾਸ ਨਹੀਂ ਹੋ ਜਾਣਾ, ਫਿਰ ਵੀ ਸੰਪੂਰਨ ਹੋਵੇਗਾ। ਇਸ ਇਕ ਤੋਂ ਬਿਨਾਂ ਹੋਰ ਕੋਈ ਹੋਂਦ ਜਾਂ ਸੱਚ ਹੈ ਹੀ ਨਹੀਂ। ਇਸੇ ਲਈ ਇਹ ਇਕ ਪੂਜਾ ਅਤੇ ਪ੍ਰਨਾਮ ਦੇ ਯੋਗ ਹੈ। ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ:

**ਪ੍ਰਣਵੋ ਆਦਿ ਏਕੰਕਾਰਾ॥**
**ਜਲਿ ਥਲਿ ਮਹੀਅਲ ਕੀਓ ਪਸਾਰਾ॥**

ਅਧਿਆਤਮਕ ਜਗਤ ਵਿਚ ਸਾਰੇ ਹੀ ਮਤ ਇਸ '੧' ਦੀ ਹੋਂਦ ਨੂੰ ਵਾਹਿਗੁਰੂ, ਹਰੀ, ਰਾਮ, ਅੱਲਾਹ, ਗੱਡ ਆਦਿਕ ਨਾਵਾਂ ਨਾਲ ਸਵੀਕਾਰ ਕਰਦੇ ਹਨ। ਵਿਗਿਆਨ ਨੂੰ ਆਧਾਰ ਮੰਨ ਕੇ ਚੱਲਣ ਵਾਲੇ ਨਾਸਤਕ ਲੋਕ ਵੀ ਵਿਗਿਆਨ ਦੀਆਂ ਨਵੀਆਂ-ਨਵੀਆਂ ਖੋਜਾਂ ਦੇ ਸਿੱਟੇ ਵਾਚ ਕੇ ਇਸ '੧' ਦੀ ਹੋਂਦ ਮੰਨਣ ਲਈ ਮਜਬੂਰ ਹੋਏ ਜਾਪਦੇ ਹਨ। ਗਣਿਤ ਵਿਦਿਆ ਨੂੰ ਹੀ ਲੈ ਲਵੋ ਤਾਂ ਉਸ ਵਿਚ '੧' ਤੋਂ ਬਿਨਾਂ ੦ (ਬਿੰਦੂ) ਦੀ ਕੋਈ ਕੀਮਤ ਨਹੀਂ ਰਹਿ ਜਾਂਦੀ। ਉਦਾਹਰਣ ਵਜੋਂ ਦੇਖੋ:

੧ ੦ ੦ ੦ ੦ ੦ ੦ ੦ ੦

੧ ਨਾਲ ੦ ਲੱਗ ਕੇ ਕਰੋੜਾਂ ਤਕ ਰਕਮ ਬਣ ਗਈ ਹੈ ਪਰ ਹੇਠਾਂ ਦੇਖੋ:

੦ ੦ ੦ ੦ ੦ ੦ ੦ ੦

'੧' ਤੋਂ ਬਿਨਾਂ '੦' ਬਿੰਦੂ ਹੀ ਰਹਿ ਗਈ ਹੈ ਜਿਸ ਦੀ ਕੋਈ ਵੀ ਮਾਨਤਾ ਨਹੀਂ, ਮਹਾਨਤਾ ਜਾਂ ਅੱਡਰੀ ਹੋਂਦ ਕਲਪਿਤ ਨਹੀਂ ਕੀਤੀ ਜਾ ਸਕਦੀ।

ਇਸੇ ਤਰ੍ਹਾਂ '੧' ਈਸ਼ਵਰ ਦੀ ਹੋਂਦ ਤੋਂ ਬਿਨਾਂ ਸ਼ਕਲਾਂ ਜਾਂ ਆਕਾਰਾਂ ਵਾਲੇ ਜੀਵ ਜੰਤ ਅਤੇ ਭੌਤਿਕ ਪਦਾਰਥ ਸਭ ਬਿੰਦੂ ਤੁਲ ਹਨ।

ਹਰ ਕਿਸਮ ਦੀ ਦ੍ਰਿਸ਼ਟਮਾਨ ਭੌਤਕ ਹੋਂਦ ਦੇ ਪਿੱਛੇ '੧' ਦੇ ਕਾਰਨ ਦ੍ਰਿਸ਼ਟਮਾਨ (ਕਾਰਜ) ਭਾਸ ਰਿਹਾ ਹੈ ਵਰਨਾ ਦ੍ਰਿਸ਼ਟਮਾਨ ਤਾਂ ਕੱਲ-ਮੁਕੱਲਾ ਮਿਥਿਆ ਹੈ :

**ਦ੍ਰਿਸਟਮਾਨ ਹੈ ਸਗਲ ਮਥੇਨਾ ॥** *(ਗੁਰੂ ਅਰਜਨ ਦੇਵ ਜੀ)*

ਜਾਂ

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥**

*(ਸਾਰੰਗ ਮਹਲਾ ੯, ਅੰਗ ੧੨੩੧)*

ਗੁਰੂ ਨਾਨਕ ਦੇਵ ਜੀ ਨੇ ਸਤਿ ਅਤੇ ਕੂੜ ਦਾ ਨਿਰਣਾ ਆਸਾ ਦੀ ਵਾਰ ਵਿਚ ਇਉਂ ਕੀਤਾ ਹੈ :

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**
**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥**

*(ਮਹਲਾ ੧, ਅੰਗ ੪੬੮)*

ਇਸੇ ਵਾਰ ਦੀ ਪਹਿਲੀ ਪਉੜੀ ਵਿਚ ਹਜ਼ੂਰ ਨੇ '੧' ਦਾ ਦੂਈ ਤੋਂ ਵੱਖ ਨਿਰਣਾ ਵੀ ਭਲੀ-ਭਾਂਤ ਕੀਤਾ ਹੈ :

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

*(ਮਹਲਾ ੧, ਅੰਗ ੪੬੩)*

ਦੂਜੀ ਜੋ ਕੁਦਰਤ (ਪ੍ਰਕਿਰਤੀ) ਭਾਸ ਰਹੀ ਹੈ। ਇਸ ਵਿਚ ਉਹੀ ਇਕ

SIKHBOOKCLUB.COM

(੧) ਆਸਣ ਜਮਾਈ ਬੈਠਾ ਹੈ ਅਤੇ ਆਪਣੀ ਰਚੀ ਖੇਡ ਨੂੰ ਚਾਅ ਨਾਲ ਵੇਖ ਰਿਹਾ ਹੈ :

**ਇਹ ਪ੍ਰਪੰਚ ਪਾਰਬ੍ਰਹਮ ਕੀ ਲੀਲਾ ॥** *(ਆਸਾ ਕਬੀਰ)*

ਇਸ ਇਕ ਬਾਰੇ ਗੁਰੂ ਅਰਜਨ ਦੇਵ ਜੀ ਆਪਣੀ ਪ੍ਰਸਿੱਧ ਰਚਨਾ ਸੁਖਮਨੀ ਵਿਚ ਫ਼ੁਰਮਾਉਂਦੇ ਹਨ :

**ਏਕ ਊਪਰਿ ਜਿਸੁ ਜਨ ਕੀ ਆਸਾ ॥**
**ਤਿਸ ਕੀ ਕਟੀਐ ਜਮ ਕੀ ਫਾਸਾ ॥** *(ਮਹਲਾ ੫, ਅੰਗ ੨੮੧)*

ਇਸ '੧' ਨੂੰ ਕੋਈ ਬਿਬੇਕ ਬੁੱਧੀ ਵਾਲਾ ਬੁੱਝਣਹਾਰ ਹੀ ਬੁੱਝਦਾ ਹੈ, ਜੋ ਅਗਿਆਨ ਕਾਰਨ ਆਪਣੇ ਆਪ ਨੂੰ ਜੀਵ ਖ਼ਿਆਲ ਕਰੀ ਬੈਠਾ ਹੈ, ਉਹ ਇਸ '੧' ਨਾਲ ਮਿਲ ਕੇ ਇਸੇ ਦਾ ਹੀ ਰੂਪ ਹੋ ਨਿੱਬੜਦਾ ਹੈ। ਜਿਵੇਂ :

**ਏਕੋ ਜਪਿ ਏਕੋ ਸਾਲਾਹਿ ॥**
**ਏਕੁ ਸਿਮਰਿ ਏਕੋ ਮਨ ਆਹਿ ॥**
**ਏਕਸ ਕੇ ਗੁਨ ਗਾਉ ਅਨੰਤ ॥**
**ਮਨਿ ਤਨਿ ਜਾਪਿ ਏਕ ਭਗਵੰਤ ॥**
**ਏਕੋ ਏਕੁ ਏਕੁ ਹਰਿ ਆਪਿ ॥**
**ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥**
**ਅਨਿਕ ਬਿਸਥਾਰ ਏਕ ਤੇ ਭਏ ॥**
**ਏਕੁ ਅਰਾਧਿ ਪਰਾਛਤ ਗਏ ॥**
**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥**
**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥**

*(ਗਉੜੀ ਮਹਲਾ ੫, ਅੰਗ ੨੮੨)*

ਉਹ '੧' ਜੋ ਗੁਰੂ ਦੀ ਕਿਰਪਾ ਦੁਆਰਾ ਜਾਣਿਆ ਹੈ, ਜਿਸ ਨੂੰ ਜਗਿਆਸੂ ਜਾਨਣ ਤੋਂ ਪਹਿਲਾਂ ਉੱਚੇ ਤੋਂ ਉੱਚਾ ਆਖਦਾ ਸੀ, ਹੁਣ ਜਾਨਣ 'ਤੇ ਭੇਦ ਖੁੱਲ੍ਹ ਗਿਆ ਕਿ ਉਹ 'ਇਕ' ਜਾਨਣ ਦਾ ਜਤਨ ਕਰਦਾ ਰਿਹਾ ਹੈ ਅਤੇ ਉਹੀ 'ਇਕ' ਜਾਣਿਆ ਗਿਆ ਹੈ :

**ਬਹੁ ਬੇਅੰਤ ਊਚ ਤੇ ਊਚਾ ॥**
**ਨਾਨਕ ਆਪਸ ਕਉ ਆਪਹਿ ਪਹੂਚਾ ॥**

*(ਗਉੜੀ ਮਹਲਾ ੫, ਅੰਗ ੨੮੧)*

ਜੀਵ ਜੰਤ ਦਾ ਮਾਲਕ ਆਪ ਹੀ ਵਰਤ ਰਿਹਾ ਹੈ। ਉਹੀ ਇਕ ਪਸਰਿਆ ਹੋਇਆ ਹੈ। ਇਥੇ ਦੂਜਾ ਦੇਖਾਂ ਤਾਂ ਕਿਸ ਨੂੰ ਦੇਖਾਂ :

**ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥**
**ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥**

*(ਗਉੜੀ ਮਹਲਾ ੫, ਅੰਗ ੨੯੨)*

ਜਾਂ

**ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥**

ਹੋਰ :

**ਵੰਵੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥**
**ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ॥**

ਹੋਰ :

**ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥**

*(ਮਹਲਾ ੧, ਅੰਗ ੧੨੯੧)*

ਸਾਡੇ ਅੰਦਰ-ਬਾਹਰ ਸਭ ਥਾਈਂ ਉਹੀ ਇਕ ਹੈ :

**ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥**

*(ਮਹਲਾ ੫, ਅੰਗ ੨੯੪)*

SIKHBOOKCLUB.COM

ਉਹ ਸੂਰਜ ਵਾਂਗ ਇਕ ਹੁੰਦਿਆਂ ਕਿਰਨਾਂ-ਵਤ ਅਨੇਕ ਹੋ ਵਿਸਤਰਿਤ ਹੈ :

**ਆਪਹਿ ਏਕੁ ਆਪਿ ਬਿਸਥਾਰੁ॥** *(ਮਹਲਾ ੫, ਅੰਗ ੨੯੨)*

'ੴ' ਦਾ ਉਚਾਰਨ 'ਓਅੰਕਾਰ' ਹੈ '੧ੴ' ਦਾ ਸਹੀ ਉਚਾਰਨ 'ਇਕ ਓਅੰਕਾਰ' ਹੈ। ਗੁਰੂ ਨਾਨਕ ਦੇਵ ਜੀ ਨੇ ਇਹੀ ਉਚਾਰਨ ਕੀਤਾ ਹੈ :

**ਓਅੰਕਾਰਿ ਬ੍ਰਹਮਾ ਉਤਪਤਿ॥** *(ਦਖਣੀ ਓਅੰਕਾਰੁ, ਅੰਗ ੯੨੯)*

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੀ ਉਚਾਰਨ ਸਹੀ ਕੀਤਾ ਹੈ :

**ਓਅੰਕਾਰ ਆਦਿ॥ ਕਥਨੀ ਅਨਾਦਿ॥** *(ਜਾਪੁ)*

ਕਬੀਰ ਭਗਤ ਨੇ ਵੀ ਓਅੰਕਾਰ ਉਚਾਰਿਆ ਹੈ :

**ਓਅੰਕਾਰ ਆਦਿ ਮੈ ਜਾਨਾ॥** *(ਅੰਗ ੩੪੦)*

ਇਸ ਨੂੰ ਗੁਰਬਾਣੀ ਵਿਚ ਕਈ ਥਾਂ ਏਕੰਕਾਰ ਕਰਕੇ ਵੀ ਲਿਖਿਆ ਹੈ। ਓਅੰਕਾਰ ਅਥਵਾ ਏਕੰਕਾਰ '੧' ਹੀ ਹੈ।

'੧ੴ' ਨੇ ਸ੍ਰਿਸ਼ਟੀ ਰਚਨਾ ਆਪਣੇ ਆਪ ਤੋਂ ਰਚੀ ਹੈ। ਦੂਈ ਜੋ ਅਨੁਭਵ ਹੋ ਰਹੀ ਹੈ, ਉਸ ਦਾ ਆਦਿ '੧ ਓਅੰਕਾਰ ਰੂਪ ਵਿਚ ਆਪ ਹੀ ਹੈ। ਉਸ ਦਾ

ਆਦਿ '੧ ਓਅੰਕਾਰ' ਰੂਪ ਵਿਚ ਆਪ ਹੀ ਹੈ, ਆਪਣੀ ਰਚਨਾ ਵਿਚ ਕਰਤਾ '੧ਓ' ਦ੍ਰਿਸ਼ਟਾ (ਵੇਖਣ ਵਾਲਾ) ਹੈ। ਉਹ ਇਸ ਤਰ੍ਹਾਂ ਅਸਥਿਤ ਹੈ ਜਿਵੇਂ ਮੱਕੜੀ ਆਪਣੇ ਆਲੇ-ਦੁਆਲੇ ਜਾਲਾ ਤਣ ਕੇ ਉਸ ਜਾਲੇ ਵਿਚ ਹੁੰਦੀ ਹੈ। ਫ਼ਰਕ ਕੇਵਲ ਇਹ ਹੈ ਕਿ '੧ਓ' ਨਿਰਲੇਪ, ਨਿਰਾਲਾ ਹੋ ਬਿਰਾਜਮਾਨ ਹੈ। ਉਸ ਨੂੰ ਕਰਤਾ ਭੁਗਤਾ ਵਾਲੀ ਕੋਈ ਉਪਾਧੀ ਨਹੀਂ ਹੈ ਪਰ ਮੱਕੜੀ ਉਕਤ ਦੋਸ਼ਾਂ ਤੋਂ ਰਹਿਤ ਨਹੀਂ ਅਤੇ ਨਾ ਹੀ ਆਕਾਰ ਰਹਿਤ ਹੈ। ਇਸ ਲਈ ਉਹ ਅਮਰ ਅਜੂਨੀ ਜਾਂ ਅਜਾਤਿ ਭੀ ਨਹੀਂ। ਪਰ ੧ਓ ਆਪਣੀ ਰਚਨਾ ਤੋਂ ਨਿਰਲੇਪ ਵੀ ਹੈ ਅਤੇ ਅਮਰ, ਅਜੂਨੀ, ਅਜਾਤਿ ਭੀ ਹੈ:

**ਏਕਮ ਏਕੰਕਾਰੁ ਨਿਰਾਲਾ॥**
**ਅਮਰੁ ਅਜੋਨੀ ਜਾਤਿ ਨ ਜਾਲਾ॥** *(ਮਹਲਾ ੧, ਅੰਗ ੮੩੮)*

'ਬਾਣੀ ਬਿਹੰਗ' ਦੇ ਕਰਤਾ ਨੇ ਸ੍ਰਿਸ਼ਟੀ ਰਚਨਾ ਦਾ ਹਵਾਲਾ ਦੇਂਦਿਆਂ ਇਕ ਥਾਂ ਲਿਖਿਆ ਹੈ: ਨਿਰੰਕਾਰ ਮਹਾਂ ਪ੍ਰਲਯ ਦੇ ਸਮੇਂ ਆਪਣੇ ਏਕੰਕਾਰ ਰੂਪ ਵਿਚ '੧' ਜਾਂ ਅਲਿਫ਼ ਹੁੰਦਾ ਹੈ, ਜਦ ਸ੍ਰਿਸ਼ਟੀ ਹੋਣ ਦਾ ਵੇਲਾ ਆਉਂਦਾ ਹੈ ਤਦ ਉਹ ਓਅੰਕਾਰ ਰੂਪ ਧਾਰਦਾ ਹੈ।'

ਗੁਰੂ ਅਰਜਨ ਦੇਵ ਜੀ ਵੀ ਸ੍ਰਿਸ਼ਟੀ ਰਚਨਾ ਦਾ ਕਾਰਨ ੧ਓ ਦੀ ਮੌਜ ਅਥਵਾ ਰਜ਼ਾ ਦੱਸਦੇ ਹਨ:

SIKHBOOKCLUB.COM

**ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥**
*(ਸੁਖਮਨੀ ਮਹਲਾ ੫, ਅੰਗ ੨੯੨)*

ਹੋਰ:

**ਇਹ ਪਰਪੰਚ ਪਾਰਬ੍ਰਹਮ ਕੀ ਲੀਲਾ॥** *(ਆਸਾ ਨਾਮਦੇਵ, ਅੰਗ ੪੮੫)*

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ '੧' ਜੋ ਸੁੰਨ (ਅਫੁਰ) ਸੀ, ਫੁਰਨੇ ਵਾਲਾ ਹੋ ਕੇ ਸ੍ਰਿਸ਼ਟੀ ਦਾ ਕਰਤਾ ਬਣਿਆ। '੧' ਦਾ ਉਹ ਸਰੂਪ ਜੋ ਕਰਤਾ ਹੋ ਕੇ ਸ੍ਰਿਸ਼ਟੀ ਦਾ ਰਚੈਤਾ ਬਣਦਾ ਹੈ 'ਓ' (ਓਅੰਕਾਰ) ਹੈ।

ਇਹ ਸ੍ਰਿਸ਼ਟੀ ੧ਓ ਦੀ ਖੇਡ ਹੈ। ਇਹ ਖੇਡ ਉਸ ਨੇ ਆਪਣੀ ਮੌਜ ਵਿਚ ਰਚੀ ਹੈ। ਉਹ ਜਦੋਂ ਚਾਹੇਗਾ ਆਪਣੀ ਮੌਜ ਵਿਚ ਹੀ ਇਸ ਨੂੰ ਸਮਾਪਤ ਕਰ ਦੇਵੇਗਾ। ਹੁਣ ਖੇਡ ਸਮੇਂ ਜੋ ਕਰਤੱਬ ਕਰ ਰਿਹਾ ਹੈ, ਉਹਨਾਂ ਦਾ ਉਹ ਗਿਆਤਾ ਵੀ ਹੈ ਅਤੇ ਆਪਣੀ ਖੇਡ ਦਾ ਦ੍ਰਿਸ਼ਟਾ (ਦੇਖਣ ਵਾਲਾ) ਵੀ ਉਹ ਆਪ ਹੀ ਹੈ। ਉਹ ਆਪਣੀ ਰਚਨਾ ਦੇ ਹਰ ਭਾਗ ਵਿਚ ਸੰਪੂਰਨ ਵਿਆਪਕ ਹੋਣ ਕਰਕੇ ਅੰਤਰਜਾਮੀ ਵੀ ਹੈ:

**ਅਪਨੇ ਕਰਤਬ ਜਾਨੈ ਆਪਿ॥ ਅੰਤਰਜਾਮੀ ਰਹਿਓ ਬਿਆਪਿ॥**
*(ਸੁਖਮਨੀ ਮਹਲਾ ੫, ਅੰਗ ੨੯੨)*

ਕਰਤਾ ਹੋ ਕੇ ਜੋ ਵਿਆਪਕ ਹੈ, ਉਸ ਕਰਤਾ ਪੁਰਖ ਨੂੰ ਪੂਰੇ ਸਿਦਕ ਅਤੇ ਭਰੋਸੇ ਵਾਲਾ ਹੀ ਜਾਣ ਸਕਦਾ ਹੈ:

**ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥**
**ਕਰਨਹਾਰੁ ਨਾਨਕ ਇਕੁ ਜਾਨਿਆ ॥**

*(ਸੁਖਮਨੀ ਮਹਲਾ ੫, ਅੰਗ ੨੯੨)*

ਜਿਸ ਗੁਰਮੁਖ ਨੇ ਉਸ ਦੇ ਹੁਕਮ ਨੂੰ ਬੁੱਝ ਲਿਆ ਹੈ, ਉਸ ਨੇ ਸਭ ਤੋਂ ਉੱਚੀ ਪਦਵੀ ਪ੍ਰਾਪਤ ਕਰ ਲਈ ਹੈ। ਜਿਸ ਦੇ ਹਿਰਦੇ ਵਿਚ ਉਹ ਆਕਾਰ ਤੋਂ ਰਹਿਤ ਨਿਰੰਕਾਰ ਵੱਸ ਗਿਆ ਹੈ ਸਮਝੋ ਕਿ ਉਹ ਮੁਕਤ ਹੋ ਗਿਆ ਹੈ:

**ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥**

*(ਸੁਖਮਨੀ ਮਹਲਾ ੫, ਅੰਗ ੨੯੩)*

ੴ ਦੀ ਜੋਤਿ ਹਰ ਥਾਂ ਭਰ ਕੇ ਪੂਰਨ ਹੋਈ ਜੋਤੀ ਹੈ। ਇਸ ਲਈ ਇਹ ਕਹਿਣਾ ਹੀ ਨਹੀਂ ਬਣਦਾ ਕਿ ਕੌਣ ਉਸ ਦੇ ਨੇੜੇ ਹੈ ਅਤੇ ਕੌਣ ਉਸ ਜੋਤੀ ਤੋਂ ਦੂਰ ਹੈ:

**ਕਵਨ ਨਿਕਟਿ ਕਵਨ ਕਹੀਐ ਦੂਰਿ ॥**
**ਆਪੇ ਆਪਿ ਆਪ ਭਰਪੂਰਿ ॥**

SIKHBOOKCLUB.COM

*(ਸੁਖਮਨੀ ਮਹਲਾ ੫, ਅੰਗ ੨੯੪)*

ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਕਰਦੀ ਹੈ:

**ਜ਼ਮੀਂ ਜ਼ਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ ॥**
**ਨਾ ਬਾਢ ਹੈ ਨਾ ਘਾਟ ਹੈ ਨਾ ਬਾਢ ਘਾਟ ਹੋਤਿ ਹੈ ॥** *(ਪਾ: ੧੦)*

ਇਸ ਜੋਤੀ ਸਰੂਪ ੴ ਨੇ ਸੰਸਾਰ ਇਕ ਖੇਡ ਵਾਂਗ ਰਚਿਆ ਹੈ। ਇਸ ਖੇਡ ਦਾ ਹਰ ਤੱਤ ਉਸੇ ਦਾ ਆਪਣਾ ਤੱਤ ਹੈ:

**ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥**

*(ਸੁਖਮਨੀ ਮਹਲਾ ੫, ਅੰਗ ੨੯੪)*

ਇਕ ਓਅੰਕਾਰ ਜਦੋਂ ਚਾਹੇਗਾ ਇਸ ਖੇਡ ਨੂੰ ਖ਼ਤਮ ਕਰ ਕੇ ਮੁੜ ਅਫੁਰ ਅਵਸਥਾ ਵਾਲਾ ਸੁੰਨ ਰੂਪ ਧਾਰ ਲਵੇਗਾ:

**ਲੋਕ ਚਤਰ[1] ਦਸ ਖੇਲ ਰਚਾਇਓ ॥**
**ਬਹੁਤ ਆਪ ਹੀ ਬੀਚ ਮਿਲਾਇਓ ॥**

---

1. ਚੌਦਾਂ ਲੋਕ।

ਹੁਣ ਖੇਡ ਸਮੇਂ ਅਗਿਆਨਤਾ ਕਾਰਨ ਬਹੁਤਿਆਂ ਨੂੰ ਜਾਪਦਾ ਹੀ ਨਹੀਂ ਕਿ ਕਰਤਾ ਪੁਰਖ ਹੈ। ਕਈਆਂ ਨੂੰ ਉਹ ਦੂਰ ਬੈਠਾ ਅਨੁਭਵ ਹੋ ਰਿਹਾ ਹੈ। ਪਰ ਭਗਤਾਂ ਨੂੰ ਨੇੜੇ ਤੋਂ ਨੇੜੇ ਭਾਸ ਰਿਹਾ ਹੈ ਜਾਂ ਅਨੁਭਵ ਹੋ ਰਿਹਾ ਹੈ :

**ਸਭ ਤੇ ਦੂਰਿ ਸਭਹੂ ਕੇ ਸੰਗਿ ॥** *(ਮਹਲਾ ੫, ਅੰਗ ੨੭੯)*

ਓਅੰਕਾਰ ਇਸ ਖੇਡ ਵਿਚ ਸਦਾ ਹੈ ਅਰਥਾਤ ਉਹ ਵਰਤਮਾਨ ਹੈ। ਪਰ ਖੇਡ ਦੀ ਕਹਾਣੀ ਕਾਰਨ ਉਸ ਕਹਾਣੀਕਾਰ ਨੂੰ ਤਿੰਨਾਂ ਕਾਲਾਂ ਦੇ ਬੰਧਨ ਵਿਚ ਅਛਾਦਤ ਕਰੀ ਬੈਠੇ ਹਾਂ। ਇਹ ਉਹਨਾਂ ਦੀ ਕਲਪਨਾ ਹੀ ਹੈ। ਉਹ ਕਾਲ ਜਾਲ ਵਿਚ ਨਾ ਕਦੇ ਆਇਆ ਹੈ, ਨਾ ਹੀ ਆਵੇਗਾ। ਉਹ ਤਾਂ ਸਭਨਾਂ ਕਾਲਾਂ ਵਿਚ ਹੈ, ਸਭਨਾਂ ਜੋਤਾਂ ਵਿਚ ਹੈ, ਸਭ ਆਤਮਾਵਾਂ ਵਿਚ ਹੈ, ਸਭਨਾਂ ਥਾਵਾਂ ਵਿਚ ਹੈ :

**ਸਰਬ ਜੋਤਿ ਕੇ ਬੀਚ ਸਮਾਨਾ ॥**
**ਸਭਹੂੰ ਸਰਬ ਠੌਰ ਪਹਿਚਾਨਾ ॥** *(ਗੁਰੂ ਗੋਬਿੰਦ ਸਿੰਘ)*

ਉਹ ਅਕਾਲ ਪੁਰਖ ਸਭ ਦਾ ਕਾਲ ਹੈ ਪਰ ਆਪ ਅਕਾਲ ਹੈ। ਉਹ ਦੁੱਖਾਂ, ਰੋਗਾਂ ਦੇ, ਸੋਗਾਂ ਦੇ ਨਾਸ ਕਰਨ ਵਾਲਾ ਆਨੰਦ ਰੂਪ ਹੈ। ਉਸ ਵਿਆਪਕ ਸੱਤਾ ਦਾ ਜਿਸ ਕਿਸੇ ਨੇ ਵੀ ਛਿਨ ਮਾਤਰ ਚਿੰਤਨ ਕੀਤਾ ਹੈ, ਉਹ ਕਾਲ, ਜਾਲ, ਜੰਜਾਲ ਤੋਂ ਨਿਰਲਿਪਤ ਹੋ ਕੇ ਅਮਰ ਹੋ ਗਿਆ ਹੈ :

**ਸਭ ਕੋ ਕਾਲ ਸਭਨ ਕੋ ਕਰਤਾ ॥**
**ਰੋਗ ਸੋਗ ਦੋਖਨ ਕੋ ਹਰਤਾ ॥**
**ਏਕ ਚਿਤ ਜਿਹ ਇਕ ਛਿਨ ਧਿਆਇਓ ॥**
**ਕਾਲ ਫਾਸਿ ਕੇ ਬੀਚ ਨਾ ਆਇਓ ॥** *(ਗੁਰੂ ਗੋਬਿੰਦ ਸਿੰਘ)*

ਜਿਸ ਦਾ ਮਨ ਇਕ ਛਿਨ ਇਕਾਗਰ ਹੈ, ਉਸ ਦੇ ਸਨਮੁਖ ਹੋ ਗਿਆ ਤਾਂ ਫਿਰ ਉਹ ਉਥੋਂ ਪਿੱਛੇ ਨਹੀਂ ਹਟੇਗਾ, ਸਗੋਂ ਤਦਰੂਪ ਹੀ ਹੋ ਜਾਵੇਗਾ। ਉਸ ਨੂੰ ਫਿਰ ਸਰਗੁਣ ਦਾ, ਨਿਰਗੁਣ ਦਾ, ਨਿਰੰਕਾਰ ਦਾ ਅਤੇ ਸੁੰਨ ਸਮਾਧੀ ਏਕੱਤ ਦਾ ਨਿਰਣਾ ਭਲੀ-ਭਾਂਤ ਹੋ ਜਾਵੇਗਾ ਕਿ ਜੋ ਕੁਝ ਕੀਤਾ ਹੈ, ਉਸ ਦਾ ਆਪਣਾ ਸਰੂਪ ਹੀ ਹੈ। ਭਗਤ ਰੂਪ ਵਿਚ ਜੋ ਜਾਪ ਕਰ ਰਿਹਾ ਹੈ, ਉਹ ਆਪ ਹੀ ਕਰ ਰਿਹਾ ਹੈ :

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥**
*(ਮਹਲਾ ੫, ਅੰਗ ੨੯੦)*

ਜਾਂ :

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥

*(ਰਾਗ ਆਸਾ ਮਹਲਾ ੧ ਪਟੀ, ਅੰਗ ੪੩੩)*

ਸ੍ਰਿਸ਼ਟੀ ਦਾ ਕਰਤਾ ੧ੳ ਤੋਂ ਬਿਨਾਂ ਕੋਈ ਦੂਜਾ ਨਹੀਂ ਹੈ। ਉਹ ਕਰਤਾ ਹੋ ਕੇ ਆਪਣੀ ਰਚਨਾ ਵਿਚ ਆਪ ਹੀ ਵਰਤ ਰਿਹਾ ਹੈ:

ਆਪਨ ਖੇਲੁ ਆਪਿ ਵਰਤੀਜਾ॥
ਨਾਨਕ ਕਰਨੈਹਾਰੁ ਨ ਦੂਜਾ॥ *(ਮਹਲਾ ੫, ਅੰਗ ੨੯੧)*

# ਸਤਿਨਾਮੁ

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕਰ ਫਿਰਾਇਆ॥

ਭਾਈ ਗੁਰਦਾਸ ਜੀ ਦੇ ਉਪਰੋਕਤ ਕਥਨ ਤੋਂ ਪ੍ਰਗਟ ਹੈ ਕਿ ਸਤਿਗੁਰੂ ਨਾਨਕ ਜੀ ਨੇ ਸਤਿਨਾਮ ਦਾ ਚੱਕਰ ਚਲਾ ਕੇ ਕੁੱਲ ਸੰਸਾਰ 'ਤੇ ਵਿਜੈ ਪ੍ਰਾਪਤ ਕੀਤੀ ਹੈ।

SIKHBOOKCLUB.COM

'ਸਤਿਨਾਮੁ' ਗੁਰ-ਮੰਤਰ ਵੀ ਹੈ:

ਨਮਸਕਾਰ ਗੁਰਦੇਵ ਕੋ
ਸਤਿਨਾਮ ਜਿਸ ਮੰਤ੍ਰ ਸੁਣਾਇਆ॥

ਹੋਰ:

ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ॥

ਗੁਰੂ ਸਾਹਿਬਾਨ ਦੀ ਆਪਣੀ ਬਾਣੀ ਵੀ ਭਾਈ ਗੁਰਦਾਸ ਜੀ ਦੇ ਕਥਨ ਦੀ ਪੂਰੀ-ਪੂਰੀ ਪ੍ਰੋੜ੍ਹਤਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ:

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥

*(ਧਨਾਸਰੀ ਮਹਲਾ ੪, ਅੰਗ ੬੭੦)*

'ਸਤਿਨਾਮੁ' ਦੇ ਭਾਵ ਨੂੰ ਜਾਨਣ ਤੋਂ ਪਹਿਲਾਂ ਇਸ ਸ਼ਬਦ ਦੀ ਬਣਤਰ

ਨੂੰ ਜਾਣ ਲੈਣਾ ਸਹਾਈ ਸਿੱਧ ਹੋਵੇਗਾ। 'ਸਤਿਨਾਮੁ' ਦੇ ਮੂਲ ਸ਼ਬਦਾਂ ਦਾ ਸੰਜੋਗ ਹੈ—'ਸਤਿ' ਅਤੇ 'ਨਾਮੁ'। ਦੋਹਾਂ ਸ਼ਬਦਾਂ ਦੇ ਵੱਖੋ-ਵੱਖ ਅਰਥ ਭਾਵ ਸਮਝ ਕੇ ਹੀ ਇਸ ਦੀ ਪੂਰਨ ਵਿਆਖਿਆ ਕੀਤੀ ਜਾ ਸਕਦੀ ਹੈ।

'ਸਤਿ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਪੰਜਾਬੀ ਵਿਚ ਅਰਥ ਸੱਚ ਹੈ। ਜੋ ਕੂੜ ਨਹੀਂ, ਉਹ ਸਤਿ ਹੈ, ਇਕ ਰਸ ਅਖੰਡ, ਅਬਦਲ ਇਕ ਹੋਂਦ ਦਾ ਲਖਾਇਕ ਹੈ।

ਸੱਚ ਇਕ ਹੁੰਦਾ ਹੈ ਇਕ ਤੋਂ ਵੱਧ ਨਹੀਂ। ਸੱਚ ਤ੍ਰੈਕਾਲ ਅਬਾਧ (ਅਮਰ) ਵੀ ਹੈ। ਸੱਚ ਨੂੰ ਬਦਲਿਆ ਵੀ ਨਹੀਂ ਜਾ ਸਕਦਾ। ਸੱਚ ਸਦਾ ਹੈ ਭਾਵ ਵਰਤਮਾਨ ਹੈ। ਭੂਤ ਅਤੇ ਭਵਿੱਖਤ ਦੋਵੇਂ ਕਾਲ ਪ੍ਰਣਾਮੀ ਹਨ। ਦੋਹਾਂ ਕਾਲਾਂ ਦਾ ਬਾਧਕ ਵਰਤਮਾਨ ਹੈ ਜਾਂ ਸੱਚ ਹੈ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਪੁ ਦੇ ਅੰਤ ਵਿਚ ਫ਼ੁਰਮਾਉਂਦੇ ਹਨ:

**ਦ੍ਰੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥**
**ਸਦਾ ਅੰਗ ਸੰਗੇ ਅਭੰਗੰ ਬਿਭੂਤੇ॥** *(ਜਾਪੁ, ਪਾਤਸਾਹੀ ੧੦)*

ਸੱਚ ਦਾ ਜੁਗਾਂ-ਜੁਗਾਂ ਵਿਚ ਇਕੋ ਸਰੂਪ ਹੈ, ਇਸ ਵਾਸਤੇ ਉਹ ਅਬਦਲ ਹੈ:

SIKHBOOKCLUB.COM

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥**
*(ਜਪੁਜੀ ਸਾਹਿਬ, ਅੰਗ ੭)*

ਜੁਗਾਂ-ਜੁਗਾਂ ਵਿਚ ਤਬਦੀਲ ਨਾ ਹੋਣ ਵਾਲਾ ਓਅੰਕਾਰ ਹੀ ਹੈ:

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** *(ਜਪੁਜੀ ਸਾਹਿਬ, ਅੰਗ ੧)*

ਸੱਤਤਾ ਹੀ ਉਸ ਦਾ ਵੇਸ ਅਥਵਾ ਸਰੂਪ ਹੈ।

ਸਤਿ ਪ੍ਰਭੂ ਦਾ ਸਰੂਪ ਲੱਛਣ ਹੈ।

'ਨਾਮ' ਨੂੰ ਪੰਜਾਬੀ ਵਿਚ 'ਨਾਂ' ਜਾਂ 'ਨਾਂਉਂ' ਵੀ ਕਹਿੰਦੇ ਹਨ। ਨਾਮ ਕਿਸੇ ਹੋਂਦ ਵਾਲੀ ਸ਼ੈਅ ਦਾ ਲਖਾਇਕ ਹੈ। ਨਾਮੀ ਦਾ ਨਾਮ ਹੁੰਦਾ ਹੈ। ਨਾਮ ਕਿਸੇ ਨਾਮੀ ਦੀ ਪੂਰਨ ਹੋਂਦ ਅਤੇ ਸ਼ਕਤੀ ਦਾ ਲਖਾਇਕ ਹੈ। ਜਿਵੇਂ 'ਸ਼ੇਰ' ਸ਼ਬਦ ਜੰਗਲ ਦੇ ਉਸ ਦਰਿੰਦੇ ਜਾਨਵ੍ਰ ਦੀ ਹੋਂਦ ਨੂੰ ਜਣਾਉਂਦਾ ਹੈ ਜੋ ਸਭ ਨੂੰ ਪਾੜ ਕੇ ਖਾ ਜਾਂਦਾ ਹੈ।

'ਨਾਮ' ਦੋ ਤਰ੍ਹਾਂ ਦੇ ਹਨ, ਇਕ ਕੂੜੇ ਨਾਮ ਤੇ ਦੂਜਾ ਸਤਿ ਨਾਮ। ਆਕਾਰ ਵਾਲੀਆਂ ਅਨੇਕਾਂ ਵਸਤੂਆਂ ਨੂੰ ਜੋ ਸਦਾ ਤਬਦੀਲ ਹੁੰਦੀਆਂ ਰਹਿੰਦੀਆਂ ਹਨ,

ਜੋ ਕਦੇ ਹੁੰਦੀਆਂ ਹਨ, ਕਦੇ ਨਹੀਂ ਹੁੰਦੀਆਂ, ਜੋ ਇਕ ਸਮੇਂ ਇਕੋ ਦੇਸ਼ ਵਿਚ ਹੁੰਦੀਆਂ ਹਨ, ਸਦੀਵ ਕਾਲ ਸਭਨਾਂ ਥਾਵਾਂ 'ਤੇ ਨਹੀਂ ਹੁੰਦੀਆਂ, ਉਹ ਸਭ ਕੂੜੀਆਂ (ਝੂਠੀਆਂ) ਵਸਤਾਂ ਹਨ। ਇਸ ਲਈ ਉਹਨਾਂ ਦੇ ਨਾਮ ਵੀ ਝੂਠੇ ਹੀ ਹਨ। ਪਰ ਇਕ ਓਅੰਕਾਰ ਸਤਿ ਹੈ, ਇਸ ਵਾਸਤੇ ਉਸ ਦਾ ਨਾਮ ਵੀ ਸਤਿ ਹੈ। ਇਹ ਸਤਿਨਾਮੁ ਪ੍ਰਭੂ ਦਾ ਪੂਰਬਲਾ (ਪਹਿਲਾ, ਆਦਿ) ਨਾਮ ਹੈ ਅਤੇ ਪਰਾ (ਸਭ ਬਿਰਤੀਆਂ ਵਿਚ ਵਿਆਪਕ ਬ੍ਰਹਮ) ਵੀ ਹੈ:

**ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ ॥** *(ਮਾਰੂ ਮਹਲਾ ੫, ਅੰਗ ੧੦੮੩)*

ਇਹ ਨਾਮ ਭੌਤਿਕ ਪਦਾਰਥਾਂ ਦਾ ਤੱਤ ਹੈ। ਭੌਤਿਕ ਹੋਂਦ ਇਸ ਦੇ ਆਸਰੇ ਹੈ ਜਾਂ ਭੌਤਿਕ ਹੋਂਦ ਦਾ ਕਾਰਨ ਇਹ ਨਾਮ ਹੈ। ਜਿਵੇਂ ਪਾਣੀ ਦੀਆਂ ਲਹਿਰਾਂ ਦਾ ਕਾਰਨ ਪਾਣੀ ਹੈ। ਕੱਪੜਿਆਂ ਦੀ ਹੋਂਦ ਦਾ ਕਾਰਨ ਸੂਤ ਹੈ, ਗਹਿਣਿਆਂ ਦੀ ਹੋਂਦ ਸੋਨੇ ਕਰਕੇ ਹੈ। ਇਸੇ ਤਰ੍ਹਾਂ ਆਕਾਰ ਵਾਲੀ ਸ੍ਰਿਸ਼ਟੀ ਦੀ ਹੋਂਦ ਦਾ ਕਾਰਨ 'ਸਤਿਨਾਮੁ' ਹੈ:

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥...**
**ਨਾਮ ਕੇ ਧਾਰੇ ਆਗਾਸ ਪਾਤਾਲ ॥**
**ਨਾਮ ਕੇ ਧਾਰੇ ਸਗਲ ਆਕਾਰ ॥** *(ਗਉੜੀ ਮਹਲਾ ੫, ਅੰਗ ੨੮੪)*

SIKHBOOKCLUB.COM

ਨਾਮ ਅਤੇ ਨਾਮੀ ਅਭੇਦ ਹੁੰਦੇ ਹਨ। ਇਹਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਸਾਧਨਾ ਪੱਖ ਤੋਂ ਸਤਿਨਾਮੁ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਹੈ:

**ਸਾਰ ਭੂਤ ਸਤਿ ਹਰਿ ਕੋ ਨਾਉ ॥**
**ਸਹਜਿ ਸੁਭਾਇ ਨਾਨਕ ਗੁਨ ਗਾਉ ॥**
**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ ॥** *(ਗਉੜੀ ਮਹਲਾ ੫, ਅੰਗ ੨੮੯)*

ਨਾਮ ਜਪਣ ਨਾਲ ਨਾਮੀ (ਪ੍ਰਭੂ) ਦੀ ਪ੍ਰਾਪਤੀ ਹੁੰਦੀ ਹੈ:

**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥**
**ਨਾਨਕ ਨਾਮੁ ਮਿਲੈ ਮਨੁ ਮਾਨਿਆ ॥** *(ਧਨਾਸਰੀ ਮਹਲਾ ੩, ਅੰਗ ੨੮੯)*

ੴ ਨਾਮ ਦਾ ਰੂਪ ਹੋ ਕੇ ਵੀ ਸਤਿ ਹੈ। ਸਤਿਨਾਮੁ ਵਿਸ਼ੇਸ਼ਣੀ ਨਹੀਂ ਹੈ। ਇਸ ਦਾ ਇਹ ਅਰਥ ਲਾਉਣਾ ਠੀਕ ਨਹੀਂ ਹੈ ਕਿ ਵਾਹਿਗੁਰੂ ਦਾ ਨਾਮ ਸੱਚ ਹੈ। ਅਸਲ ਅਰਥ ਤਾਂ ਇਹ ਹੈ ਕਿ ਵਾਹਿਗੁਰੂ ਨਾਮ ਦਾ ਰੂਪ ਹੋ ਕੇ ਵੀ ਸਤਿ ਹੈ।

ਜਿਵੇਂ ਇਕ ਵਿਅਕਤੀ ਵੱਖ-ਵੱਖ ਕੰਮ ਕਰਨ 'ਤੇ ਵੱਖ-ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਪਰ ਉਸ ਦੇ ਵਿਅਕਤਿਤਵ ਵਿਚ ਕੋਈ ਤਬਦੀਲੀ ਨਹੀਂ ਹੋ ਜਾਂਦੀ। ਇਸੇ ਤਰ੍ਹਾਂ ੧ਓ ਸੁੰਨ ਅਵਸਥਾ ਵਿਚ ਕੇਵਲ ਆਪ ਹੀ ਆਪ ਸੀ। ਫਿਰ ਸ੍ਰਿਸ਼ਟੀ ਰਚਨਾ ਸਮੇਂ ਓਅੰਕਾਰ ਅਖਵਾਇਆ। ਹੁਣ ਸ੍ਰਿਸ਼ਟੀ ਰਚ ਕੇ ਨਾਮ ਰੂਪ ਹੋ ਕੇ ਹਰ ਆਕਾਰ ਦਾ ਆਸਰਾ ਬਣਿਆ ਹੋਣ 'ਤੇ ਵੀ ਇਕ ਹੈ:

**ਨਾਮ ਕੇ ਧਾਰੇ ਸਗਲ ਆਕਾਰ॥** *(ਗਉੜੀ ਮਹਲਾ ੫, ਅੰਗ ੨੮੪)*

ਨਾਮ ਤੋਂ ਪਰੇ ਕਿਸੇ ਪ੍ਰਭੂ ਦੀ ਭਾਲ ਕਰਨਾ ਪਾਣੀ ਵਿਚ ਮਧਾਣੀ ਪਾਉਣ ਦੇ ਤੁਲ ਹੈ। ਨਾਮ ਹੀ ਠਾਕੁਰ ਹੈ:

**ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥**
**ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥**

*(ਮਹਲਾ ੧, ਅੰਗ ੧੨੪੨)*

ਅਰਥਾਤ ਨਾਮ ਹੀ ਮਾਇਆ ਤੋਂ ਰਹਿਤ, ਨਾ ਜਾਣਿਆ ਜਾ ਸਕਣ ਵਾਲਾ ਪ੍ਰਭੂ ਹੈ, ਉਸ ਨੂੰ ਕਿਵੇਂ ਜਾਣੀਏ ?

ਇਹ ਨਿਰੰਜਨ ਰੂਪ ਨਾਮ ਸਾਡੇ ਨਾਲ ਹੈ ਪਰ ਇਸ ਨੂੰ ਪ੍ਰਾਪਤ ਕਿਵੇਂ ਕਰੀਏ ?

SIKHBOOKCLUB.COM

ਇਸੇ ਸਿਧਾਂਤ ਨੂੰ ਹੋਰ ਸਪੱਸ਼ਟ ਰੂਪ ਵਿਚ ਦਰਸਾਉਂਦਿਆਂ ਇਸ ਪ੍ਰਕਾਰ ਭੀ ਲਿਖਿਆ ਹੈ:

**ਘਟਿ ਘਟਿ ਨਾਮ ਨਿਰੰਜਨਾ ਸੋ ਠਾਕੁਰ ਮੇਰਾ॥**

ਹਰ ਹਿਰਦੇ ਵਿਚ ਮਾਇਆ ਤੋਂ ਨਿਰਲੇਪ ਨਾਮ ਹੀ ਮੇਰਾ ਠਾਕੁਰ ਹੈ।

ਮਾਇਆ ਆਕਾਰ ਸਹਿਤ ਹੈ। ਮਾਇਆ ਤਿੰਨਾਂ ਗੁਣਾਂ ਅਤੇ ਪੰਜਾਂ ਤੱਤਾਂ ਦੇ ਸੁਮੇਲ ਦੀ ਲਖਾਇਕ ਹੈ। ਪਰ ਨਾਮ ਇਕ ਓਅੰਕਾਰ ਦੇ ਸਰੂਪ ਦਾ ਲਖਾਇਕ ਹੈ, ਜੋ ਸਤਿ ਹੈ। ਇਸ ਲਈ ਜਿਸ ਦਾ ਮਨ ਨਾਮ ਨਾਲ ਜੁੜ ਗਿਆ ਹੈ ਤਾਂ ਸਮਝੋ ਉਸ ਨੇ ਵਾਹਿਗੁਰੂ ਨੂੰ ਪਾ ਲਿਆ ਹੈ:

**ਨਾਮ ਸੰਗਿ ਜਿਸ ਕਾ ਮਨੁ ਮਾਨਿਆ॥**
**ਨਾਨਕ ਤਿਨਹਿ ਨਿਰੰਜਨੁ ਜਾਨਿਆ॥** *(ਗਉੜੀ ਮਹਲਾ ੫, ਅੰਗ ੨੮੧)*

ਨਾਮ ਜਪਦਿਆਂ ਹੀ ਪਰਮ ਗਤੀ ਅਰਥਾਤ ਪੂਰਨ ਵਿਸਰਾਮ ਜਾਂ ਅਨੰਦ ਦੀ ਅਵਸਥਾ ਪ੍ਰਾਪਤ ਹੋਣੀ ਹੈ:

**ਨਾਮੁ ਜਪਤ ਪਾਵਹਿ ਬਿਸ੍ਰਾਮੁ॥**

**ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥**

*(ਗਉੜੀ ਮਹਲਾ ੫, ਅੰਗ ੨੮੨)*

ਨਾਮ ਕੀ ਹੈ ? ਕਿਥੋਂ ਮਿਲਦਾ ਹੈ ? ਇਸ ਦਾ ਕੀ ਮੂਲ ਹੈ ?

ਨਾਮ ਕੀ ਹੈ ? ਇਸ ਨੂੰ ਕੋਈ ਸ਼ਬਦ ਦਰਸਾ ਨਹੀਂ ਸਕਦਾ। ਇਹ ਅਨੁਭਵ ਦੀ ਸ਼ੈਅ ਹੈ ਜੋ ਅਨੁਭਵੀ ਸੰਤਾਂ ਪਾਸੋਂ ਹੀ ਪ੍ਰਾਪਤ ਹੁੰਦੀ ਹੈ। ਉਹਨਾਂ ਦੀ ਸੰਗਤ ਕਰਨ ਨਾਲ ਯਕੀਨ ਮੁਹਕਮ ਹੁੰਦਾ ਹੈ:

**ਸਤਿ ਨਾਮੁ ਪ੍ਰਭ ਕਾ ਸੁਖਦਾਈ ॥**
**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥**

*(ਗਉੜੀ ਮਹਲਾ ੫, ਅੰਗ ੨੮੪)*

ਨਾਮ ਸੰਸਾਰ ਦੀ ਦੌਲਤ ਜਾਂ ਪੂੰਜੀ ਨਾਲ ਖ਼ਰੀਦਿਆ ਨਹੀਂ ਜਾ ਸਕਦਾ। ਇਹ ਅਮੁੱਲ ਵਸਤੂ ਹੈ। ਕਬੀਰ ਜੀ ਦਾ ਕਥਨ ਹੈ:

**ਕੰਚਨ ਸਿਉ ਪਾਈਐ ਨਹੀ ਤੋਲਿ ॥**
**ਮਨੁ ਦੇ ਰਾਮੁ ਲੀਆ ਹੈ ਮੋਲਿ ॥** *(ਗਉੜੀ ਕਬੀਰ ਜੀ, ਅੰਗ ੨੮੪)*

ਨਾਮ ਦੀ ਕੀਮਤ ਮਨ ਦਾ ਦੇਣਾ ਹੀ ਹੈ। ਮਨ ਹੰਕਾਰੀ ਰਾਜਾ ਹੈ ਜੋ ਆਪਣੀ ਕਲਪਿਤ ਸ੍ਰਿਸ਼ਟੀ 'ਤੇ ਰਾਜ ਕਰਦਾ ਹੈ। ਇਸ ਦਾ ਅਭਿਮਾਨ ਟੁੱਟਦਾ ਨਹੀਂ ਅਤੇ ਨਾਮ ਮਿਲਦਾ ਨਹੀਂ। ਨਾਮ ਦੀ ਪ੍ਰਾਪਤੀ ਲਈ ਮਨ ਦਾ ਅਭਿਮਾਨ ਟੁੱਟਣਾ ਜ਼ਰੂਰੀ ਹੈ। ਹੰਕਾਰ ਟੁੱਟਣ ਨਾਲ ਸ਼ਰਧਾ ਬਣਦੀ ਹੈ, ਉਹ ਸ਼ਰਧਾ ਹੀ ਗੁਰੂ ਨੂੰ ਨਾਮ ਬਖ਼ਸ਼ਣ ਲਈ ਮਜਬੂਰ ਕਰ ਦੇਂਦੀ ਹੈ:

**ਤਜਿ ਅਭਿਮਾਨੁ ਲੇਹੁ ਮਨ ਮੋਲਿ ॥**
**ਰਾਮ ਨਾਮੁ ਹਿਰਦੇ ਮਹਿ ਤੋਲਿ ॥** *(ਗਉੜੀ ਮਹਲਾ ੫, ਅੰਗ ੨੮੩)*

ਨਾਮ ਦੀ ਪ੍ਰਾਪਤੀ ਦਾ ਚਿੰਨ੍ਹ ਇਕੋ ਇਕ ਹੰਕਾਰ ਦਾ ਮਿਟ ਜਾਣਾ ਹੈ। ਜਿਥੇ ਨਾਮ ਹੈ, ਉਥੇ ਹੰਕਾਰ ਨਹੀਂ, ਜਿਥੇ ਹਉਮੈ ਹੈ ਉਥੇ ਨਾਮ ਨਹੀਂ:

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥**

ਮਨ ਦੇ ਹੰਕਾਰ ਸਹਿਤ ਆਤਮਾ ਦਾ ਨਾਂ 'ਜੀਵਾਤਮਾ' ਹੈ ਅਤੇ ਮਨ ਦੇ ਹੰਕਾਰ ਤੋਂ ਰਹਿਤ ਆਤਮਾ ਸ਼ੁੱਧ ਆਤਮਾ ਜਾਂ ਪਰਮਾਤਮਾ ਹੈ:

**ਆਤਮਾ ਬਾਸੁਦੇਵਸ੍ਯਿ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

*(ਆਸਾ ਮਹਲਾ ੨, ਅੰਗ ੪੬੯)*

ਸ੍ਰੀ ਗੁਰੂ ਅਰਜਨ ਦੇਵ ਜੀ ਮਨ ਤੋਂ ਹੰਕਾਰ ਦੀ ਜ਼ਹਿਰ ਉਤਾਰਨ ਦਾ ਸਾਧਨ ਵੀ ਨਾਮ ਦੱਸਦੇ ਹਨ:

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ ॥** *(ਗਉੜੀ ਮਹਲਾ ੫, ਅੰਗ ੨੮੯)*

ਜਦੋਂ ਮਨ ਤੋਂ ਝੂਠੇ ਹੰਕਾਰ ਦੀ ਮੈਲ ਲੱਥ ਗਈ ਤਾਂ ਇਹ ਗੰਗਾ ਦੇ ਜਲ ਵਰਗਾ ਪਵਿੱਤਰ ਹੋ ਜਾਂਦਾ ਹੈ। ਫਿਰ ਤਾਂ ਰਾਮ ਇਸ ਦੇ ਪਿੱਛੇ ਲੱਗਿਆ ਫਿਰਦਾ ਹੈ :

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥**
*(ਸਲੋਕ ਕਬੀਰ, ਅੰਗ ੧੩੬੭)*

ਗੁਰਮਤਿ ਅਨੁਸਾਰ ਮਨੁੱਖ ਦਾ ਮੁੱਖ ਕੰਮ ਨਾਮ ਜਪਣਾ ਹੀ ਹੈ :

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਆਸਾ ਮਹਲਾ ੫, ਅੰਗ ੩੭੮)*

ਕਲਿਜੁਗ ਵਿਚ ਹੋਰ ਸਾਧਨ ਸਭ ਅਸਫ਼ਲ ਹਨ :

**ਅਬ ਕਲੂ ਆਇਓ ਰੇ ॥**
**ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥**
**ਮਤੁ ਭਰਮਿ ਭੂਲਹੁ ਭੂਲਹੁ ॥** *(ਮਹਲਾ ੫, ਅੰਗ ੨੮੪)*

SIKHBOOKCLUB.COM

ਨਾਮ ਦੇ ਪ੍ਰਵੇਸ਼ ਨਾਲ ਮਨ ਵਿਚੋਂ ਬੁਰੇ ਸੰਸਕਾਰ ਨਿਕਲਦੇ ਹਨ। ਕਈ ਕਹਿੰਦੇ ਹਨ ਕਿ ਨਾਮ ਜਪਣ ਸਮੇਂ ਸਾਨੂੰ ਬੁਰੇ ਖ਼ਿਆਲ ਆਉਂਦੇ ਹਨ। ਵਾਸਤਵ ਵਿਚ ਬੁਰੇ ਖ਼ਿਆਲ ਆਉਂਦੇ ਨਹੀਂ ਸਗੋਂ ਜਾਂਦੇ ਹਨ, ਜਿਹਨਾਂ ਨੂੰ ਜਾਂਦਿਆਂ ਸਾਡਾ ਸਰੂਪ ਵੇਖਦਾ ਹੈ। ਜਦੋਂ ਇਹ ਬੁਰੇ ਖ਼ਿਆਲ ਸਾਰੇ ਦੇ ਸਾਰੇ ਨਿਕਲ ਜਾਣਗੇ ਤਾਂ ਸਹਿਜੇ ਹੀ ਸਮਾਧੀ ਦੀ ਅਵਸਥਾ ਹੋ ਜਾਵੇਗੀ। ਇਸ ਲਈ ਗੁਰੂ ਦਾ ਹੁਕਮ ਹੈ :

**ਸਾਜਨ ਸੰਤ ਕਰਹੁ ਇਹੁ ਕਾਮੁ ॥**
**ਆਨ ਤਿਆਗਿ ਜਪਹੁ ਹਰਿ ਨਾਮੁ ॥**
**ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥**
**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥** *(ਮਹਲਾ ੫, ਅੰਗ ੨੯੦)*

# ਕਰਤਾ ਪੁਰਖ

ਜਦੋਂ ਸ੍ਰਿਸ਼ਟੀ ਨਹੀਂ ਹੁੰਦੀ ਉਦੋਂ ਉਸ ਪ੍ਰਭੂ ਦੀ ਅਫੁਰ ਅਵਸਥਾ ਹੁੰਦੀ ਹੈ ਜਿਸ ਨੂੰ ਗੁਰਮਤਿ ਦੇ ਸੰਕੇਤ ਸ਼ਬਦ ਵਿਚ 'ਸੁੰਨ' ਕਿਹਾ ਗਿਆ ਹੈ:

**ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥**
**ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥**

*(ਰਾਮਕਲੀ ਮਹਲਾ ੧, ਅੰਗ ੯੪੩)*

ਕਈ ਸੁੰਨ ਦਾ ਅਰਥ ਨੇਸਤੀ ਲਾ ਲੈਂਦੇ ਹਨ। ਗੁਰਮਤਿ ਅਨੁਸਾਰ ਸੁੰਨ ਨੇਸਤੀ ਨਹੀਂ ਸਗੋਂ ਹਸਤੀ ਹੈ ਪਰ ਫੁਰਨੇ ਤੋਂ ਰਹਿਤ ਹੈ। ਉਹ ਕਰਤਾ ਹੋ ਕੇ ਵੀ ਅਫੁਰ (ਸੁੰਨ) ਹੈ। ਤ੍ਰੈਗੁਣੀ ਮਾਇਆ ਇਸ ਦੇ ਹੁਕਮ ਵਿਚ ਕਾਰਜ ਕਰਦੀ ਪ੍ਰਤੀਤ ਹੋ ਰਹੀ ਹੈ। ਵਾਸਤਵ ਵਿਚ ਉਸ ਨੂੰ ਕਰਤਾ ਭੋਗਤਾ ਵਾਲੀ ਕੋਈ ਵੀ ਉਪਾਧੀ ਨਹੀਂ ਹੈ।

ਕਰਤਾ ਜੀਵ ਵੀ ਹੈ, ਇਹ ਕਈ ਚੀਜ਼ਾਂ, ਮਕਾਨ, ਘੜੀ, ਸਾਈਕਲ ਆਦਿ ਬਣਾਉਂਦਾ ਹੈ। ਇਸ ਨੂੰ ਕੋਈ ਸ਼ੈਅ ਤਿਆਰ ਕਰਨ ਲਈ ਪਦਾਰਥ ਦੀ ਲੋੜ ਹੈ ਅਤੇ ਕੁਝ ਸੰਦ (ਔਜ਼ਾਰ) ਵੀ ਲੋੜੀਂਦੇ ਹਨ ਜਿਹਨਾਂ ਦੁਆਰਾ ਇਹ ਪਦਾਰਥ ਤੋਂ ਕੋਈ ਸ਼ੈਅ ਤਿਆਰ ਕਰਦਾ ਹੈ। ਮਿਸਾਲ ਵਜੋਂ ਘੁਮਿਆਰ ਮਿੱਟੀ ਪਦਾਰਥਾਂ ਤੋਂ, ਚੱਕ ਤੇ ਡੰਡੇ ਸੰਦਾਂ (ਔਜ਼ਾਰਾਂ) ਰਾਹੀਂ ਘੜਾ ਤਿਆਰ ਕਰਦਾ ਹੈ। ਪਰ ਜੀਵ ਅਲਪੱਗ ਹੈ। ਇਹ ਕਰਤਾ ਤਾਂ ਹੈ ਪਰ ਪੁਰਖੁ (ਪੂਰਨ) ਨਹੀਂ ਹੈ। ਪੁਰਖੇ ਦਾ ਅਰਥ ਪੂਰਨੁ ਹੈ।[1] ਪੂਰਨ ਕੇਵਲ ਇਕ ਓਅੰਕਾਰ ਹੀ ਹੈ। ਪੁਰਖੁ (ਪੂਰਨ) ਹੋਣ ਕਰਕੇ ਉਹ ਵਿਆਪਕ ਹੈ। ਉਹ ਆਪਣੀ ਰਚਨਾ ਵਿਚ ਆਪ ਹੈ। ਉਸ ਨੇ ਕੁਦਰਤ ਕਾਇਮ ਕੀਤੀ ਹੈ ਅਤੇ ਇਸ ਵਿਚ ਆਪ ਵੱਸ ਰਿਹਾ ਹੈ:

**ਕੁਦਰਤਿ ਕਰਿ ਕੈ ਵਸਿਆ ਸੋਇ ॥** *(ਸਲੋਕ ਮਹਲਾ ੧, ਅੰਗ ੮੩)*

---

1. ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥

**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥**

*(ਆਸਾ ਮਹਲਾ ੧, ਅੰਗ ੪੩੮)*

ਜੀਵ ਕਰਤਾ ਤਾਂ ਹੈ ਪਰ ਪੁਰਖੁ (ਵਿਆਪਕ) ਨਹੀਂ, ਅਕਾਸ਼ ਵਿਆਪਕ ਹੈ ਪਰ ਕਰਤਾ ਨਹੀਂ। ਅਕਾਸ਼ ਤਾਂ ਜੜ੍ਹ ਹੈ ਜੋ ਨਾ-ਆਪਣੇ ਆਪ ਨੂੰ ਜਾਣਦਾ ਹੈ ਤੇ ਨਾ ਦੂਜਿਆਂ ਨੂੰ। ਚੇਤਨ ਉਹੀ ਹੁੰਦਾ ਹੈ ਜੋ ਆਪਣੇ ਆਪ ਨੂੰ ਵੀ ਜਾਣਦਾ ਹੋਵੇ ਅਤੇ ਦੂਜਿਆਂ ਨੂੰ ਵੀ ਜਾਣੇ। ਇਥੇ ਅਸੀਂ ਜੀਵ ਨੂੰ ਵੀ ਚੇਤਨ ਕਹਿ ਸਕਦੇ ਹਾਂ ਪਰ ਜੀਵ ਭੁੱਲ, ਭਰਮ ਵਿਚ ਹੋਣ ਕਰਕੇ ਪੁਰਖ ਨਹੀਂ ਹੈ। ਜੇ ਉਸ ਵਿਚੋਂ ਜੀਵ-ਪੁਣੇ ਦਾ ਭਰਮ ਨਿਕਲ ਜਾਵੇ ਤਾਂ ਉਹ ਵੀ ਪੁਰਖ ਹੋ ਨਿੱਬੜੇਗਾ। ਪੁਰਖ ਤਾਂ ਕੇਵਲ ਇਕ ਹੈ:

**ਜਾਂ ਏਕਾ ਪੁਰਖ ਸੁਵਾਈ ਨਾਰ॥**

ਜਾਂ

**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥**

*(ਆਸਾ ਮਹਲਾ ੧, ਅੰਗ ੩੯੦)*

ਉਹ ਆਪਣੇ ਆਪ ਤੋਂ ਪ੍ਰਕਿਰਤੀ ਦੀ ਉਤਪਤੀ ਕਰ ਕੇ ਇਸ ਦੇ ਕਣ-ਕਣ ਵਿਚ ਬੈਠਾ ਹੈ। ਰਾਜ (ਮਿਸਤਰੀ) ਮਕਾਨ ਬਣਾ ਕੇ ਉਸ ਮਕਾਨ ਤੋਂ ਵੱਖ ਹੈ। ਦੂਜੇ ਕਰਤਾ ਪੁਰਖ ਨੂੰ ਕਿਸੇ ਪਦਾਰਥ ਜਾਂ ਸੰਦਾਂ ਦੀ ਲੋੜ ਨਹੀਂ ਪਈ। ਉਸ ਨੇ ਤਾਂ ਇਕ ਬੋਲ ਤੋਂ ਪਸਾਰਾ ਕਰ ਦਿੱਤਾ ਹੈ:

**ਕੀਤਾ ਪਸਾਉ ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥** *(ਜਪੁਜੀ, ਅੰਗ ੩)*

ਇਸਲਾਮੀ ਬੋਲੀ ਵਿਚ 'ਕੁੰਨ ਕੇ ਕਹਿਨੇ ਸੇ ਜਹਾਂ ਕਾ ਜ਼ਹੂਰ ਹੂਆ' ਵੀ ਸਿੱਧ ਕਰਦਾ ਹੈ। ਵੇਦ ਵੀ ਇਹੀ ਕਹਿ ਰਿਹਾ ਹੈ ਕਿ 'ਓਮ' ਸ਼ਬਦ ਉਚਾਰਨ ਨਾਲ ਸ੍ਰਿਸ਼ਟੀ ਦੀ ਰਚਨਾ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਇਸ ਭੇਦ ਨੂੰ ਇਸ ਪ੍ਰਕਾਰ ਖੋਲ੍ਹਦੇ ਹਨ:

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

*(ਮਹਲਾ ੧, ਅੰਗ ੪੬੩)*

ਇਹ ਰਚਨਾ ਕਿਵੇਂ ਹੋਈ ? ਕਦੋਂ ਹੋਈ ? ਇਸ ਭੇਦ ਨੂੰ ਉਹੀ ਜਾਣਦਾ ਹੈ, ਹੋਰ ਕੋਈ ਜਾਣ ਹੀ ਨਹੀਂ ਸਕਦਾ:

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**

*(ਜਪੁਜੀ, ਅੰਗ ੫)*

ਗੁਰੂ ਤੇਗ ਬਹਾਦਰ ਜੀ ਫ਼ੁਰਮਾਉਂਦੇ ਹਨ:

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥**

*(ਸਲੋਕ ਮਹਲਾ ੯, ਅੰਗ ੧੪੨੬)*

ਜੀਵ ਨੂੰ ਸੁਪਨਾ ਆਉਂਦਾ ਹੈ। ਸੁਪਨੇ ਵਿਚ ਬਿਨਾਂ ਕਿਸੇ ਪਦਾਰਥ ਤੋਂ ਹੀ ਸੰਸਾਰ ਰਚਿਆ ਜਾਂਦਾ ਹੈ। ਉਸ ਸਾਰੇ ਸੁਪਨੇ ਵਿਚ ਜੀਵ ਖ਼ੁਦ ਵਿਆਪਕ ਹੁੰਦਾ ਹੈ ਪਰ ਉਹ ਸੁਪਨਾ ਹੁੰਦਾ ਝੂਠਾ ਹੈ। ਇਹ ਤਾਂ ਮੰਨਣਾ ਹੀ ਪਵੇਗਾ ਕਿ ਉਹ ਕੁਝ ਸਮੇਂ ਲਈ ਸੱਚ ਤਾਂ ਪ੍ਰਤੀਤ ਹੋਇਆ ਹੀ ਸੀ। ਐਨ ਇਸੇ ਤਰ੍ਹਾਂ ਇਹ ਸੰਸਾਰ ਵੀ ਕਰਤਾ ਪੁਰਖ ਦਾ ਸੁਪਨਾ ਹੈ ਜੋ ਸਾਨੂੰ ਸੁਪਨ-ਕਾਲ ਵਿਚ ਸੱਚ ਪ੍ਰਤੀਤ ਹੋ ਰਿਹਾ ਹੈ। ਜੋ ਵਾਸਤਵ ਵਿਚ ਸੱਚ ਨਾ ਹੋਵੇ, ਪਰ ਪ੍ਰਤੀਤੀ ਸੱਚ ਦੀ ਕਰਵਾਏ, ਉਹ ਕੂੜ ਹੀ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਕਰਤਾ ਪੁਰਖ ਤੋਂ ਬਿਨਾਂ ਜੋ ਦੂਈ ਭਾਸ ਰਹੀ ਹੈ, ਉਸ ਨੂੰ ਕੂੜ ਹੀ ਕਿਹਾ ਹੈ:

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥**
**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥**

*(ਮਹਲਾ ੧, ਅੰਗ ੪੬੮)*

ਸ੍ਰਿਸ਼ਟੀ ਕਰਤਾ ਪੁਰਖ ਦੀ ਕਲਪਿਤ ਰਚਨਾ ਹੈ ਜਿਸ ਦਾ ਕਾਰਨ ਉਸ ਦੀ ਮੌਜ ਹੈ ਜਾਂ ਰਜ਼ਾ ਹੈ:

**ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥**
**ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥**

*(ਮਹਲਾ ੧, ਅੰਗ ੪੩੩)*

ਗੁਰੂ ਗੋਬਿੰਦ ਸਿੰਘ ਜੀ ਵੀ ਜਗਤ ਨੂੰ ਤਮਾਸ਼ਾ ਹੀ ਕਹਿੰਦੇ ਹਨ ਤੇ ਆਪ ਇਸ ਤਮਾਸ਼ੇ ਦੇ ਦ੍ਰਿਸ਼ਟਾ ਹਨ:

**ਮੈਂ ਹੋ ਪਰਮ ਪੁਰਖ ਕੋ ਦਾਸਾ॥**
**ਦੇਖਨ ਆਇਓ ਜਗਤ ਤਮਾਸਾ॥** *(ਪਾਤਿਸਾਹੀ ੧੦)*

ਜਿਵੇਂ ਅਲਪੱਗ ਜੀਵ ਸੁਪਨੇ ਵਿਚ ਆਪਣੇ ਰਚੇ ਸੰਸਾਰ ਨੂੰ ਆਪ ਦ੍ਰਿਸ਼ਟਾ ਬਣ ਕੇ ਵੇਖ ਰਿਹਾ ਹੁੰਦਾ ਹੈ ਅਤੇ ਸਾਰੇ ਸੁਪਨੇ ਵਿਚ ਆਪ ਵਿਆਪਕ ਵੀ ਹੁੰਦਾ ਹੈ, ਇਵੇਂ ਸਰਬੱਗ ਈਸ਼ਵਰ ਆਪਣੇ ਸੁਪਨੇ (ਸੰਸਾਰ) ਨੂੰ ਵੇਖਦਾ ਹੋਇਆ ਇਸ ਦੇ ਕਣ-ਕਣ ਵਿਚ ਵਿਆਪਕ ਵੀ ਹੈ। ਜੀਵ ਦਾ ਸੁਪਨਾ ਉਸ ਦੀ ਅਧੂਰੀ ਖ਼ਾਹਿਸ਼ (ਇੱਛਾ) ਦੀ ਪੂਰਤੀ ਦਾ ਸਾਧਨ ਮਾਤਰ ਹੈ ਪਰ ਕਰਤਾ ਪੁਰਖ ਦਾ ਸੁਪਨਾ (ਸੰਸਾਰ) ਉਸ ਦੀ ਮੌਜ ਹੈ, ਕ੍ਰੀੜਾ ਹੈ। ਕਰਤਾ ਪੁਰਖ ਦਾ ਲੱਛਣ ਉਸ ੧ੴ ਤੋਂ ਬਿਨਾਂ ਕਿਸੇ ਹੋਰ ਉੱਤੇ ਨਹੀਂ ਢੁੱਕਦਾ। ਉਹ ਕਰਤਾ ਹੋ ਕੇ ਕੋਈ ਦੂਜਾ ਨਹੀਂ ਹੋ ਗਿਆ, ਇਕ ਦਾ ਇਕ ਹੀ ਰਿਹਾ।

ਕਰਤਾ ਉਹ ਉਦੋਂ ਅਖਵਾਇਆ ਜਦੋਂ ਸੰਸਾਰ ਦੀ ਉਤਪਤੀ ਹੋਈ। ਉਹ ਆਪਣੇ ਰਚੇ ਸੰਸਾਰ ਵਿਚ ਪੁਰਖ (ਪੂਰਨ ਵਿਆਪਕ) ਹੈ। ਇਸ ਸ਼ੰਕੇ ਨੂੰ ਦੂਰ ਕਰਨ ਲਈ ਗੁਰੂ ਤੇਗ਼ ਬਹਾਦਰ ਸਾਹਿਬ ਦਾ ਧਨਾਸਰੀ ਰਾਗ ਵਿਚ ਦਰਜ ਸ਼ਬਦ ਸਹਾਇਕ ਸਿੱਧ ਹੋਵੇਗਾ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥**

*(ਮਹਲਾ ੯, ਅੰਗ ੬੮੪)*

ਉਪਰੋਕਤ ਸ਼ਬਦ ਵਿਚ ਪਦ 'ਏਕੋ' ਅਤੇ 'ਆਪਾ' ਵਿਸ਼ੇਸ਼ ਧਿਆਨ ਮੰਗਦੇ ਹਨ। ਕਰਤਾ ਪੁਰਖ ਨੂੰ 'ਆਪੇ' ਤੋਂ ਭਿੰਨ ਬਨਾਂ ਆਦਿਕ ਵਿਚ ਖੋਜਣ ਦੀ ਥਾਂ ਹਿਰਦੇ ਵਿਚੋਂ ਖੋਜੋ। ਉਹ ਸਰਬ ਵਿਆਪੀ ਹੋਣ ਕਰਕੇ ਉਸ ਦੀ ਹੋਂਦ ਸਾਡੇ ਮਨਾਂ ਵਿਚ ਵੀ ਹੈ। ਮਨ ਵਿਚ ਰਹਿੰਦਿਆਂ ਉਹ ਮਨ ਦੀ ਮੈਲ ਨਾਲ ਮੈਲਾ ਨਹੀਂ ਹੋ ਗਿਆ :

**ਅਸੰਗੋਹੀ ਪੁਰਖਾ ਅਸੰਗੋ ਨ ਸਜਯਤੇ ॥** *(ਗੀਤਾ)*

ਅਰਥਾਤ ਉਹ ਅਸੰਗ ਪੁਰਖ ਹੈ। ਅਸੰਗ ਕਦੇ ਸੰਬੰਧ ਵਾਲਾ ਨਹੀਂ ਹੁੰਦਾ। ਉਹ ਤਾਂ ਨਿਰਲੇਪ ਹੈ ਅਰਥਾਤ ਅਸੰਗ ਹੈ। ਉਸ ਉੱਤੇ ਮਨ ਦੇ ਕੀਤੇ ਪਾਪ-ਪੁੰਨ ਦਾ ਕੋਈ ਅਸਰ ਨਹੀਂ ਹੁੰਦਾ। ਉਹ ਸਰਬ ਵਿਆਪੀ ਫੁੱਲ (ਪੁਹਪ) ਦੀ ਸੁਗੰਧੀ ਵਾਂਗ ਹੈ ਅਤੇ ਨਿਰਲੇਪ ਸ਼ੀਸ਼ੇ (ਮੁਕਰ) ਵਿਚਲੇ ਪਰਛਾਵੇਂ (ਪ੍ਰਤੀਬਿੰਬ) ਵਤ ਹੈ।

ਸਾਡੇ ਸਾਰੇ ਭਰਮ-ਭੁਲੇਖੇ ਦੂਰ ਕਰਦੇ ਹੋਏ ਆਪ ਜੀ ਫ਼ੁਰਮਾਉਂਦੇ ਹਨ ਕਿ

ਹੇ ਜੀਵ! ਤੇਰੇ ਭੀਤਰ (ਵਿਚ) ਅਤੇ ਬਾਹਰ (ਕੁਲ ਸੰਸਾਰ) ਵਿਚ ਕੇਵਲ ਇਕ ਹੀ ਕਰਤਾ ਪੁਰਖ (ਹਰਿ) ਹੈ। ਫਿਰ ਇਸ ਦੀ ਪ੍ਰੌੜ੍ਹਤਾ ਲਈ ਕਹਿੰਦੇ ਹਨ 'ਇਹ ਗੁਰ ਗਿਆਨ ਬਤਾਈ' ਅਰਥਾਤ ਮੇਰੇ ਸਤਿਗੁਰੂ ਨੇ ਇਹੀ ਗਿਆਨ ਦਿੱਤਾ ਹੈ। ਸਤਿਗੁਰੂ ਦਾ ਦੱਸਿਆ ਗਿਆਨ ਅਪਰੋਕਸ਼ ਹੈ। ਫਿਰ ਜ਼ੋਰ ਇਸ ਗੱਲ ਉੱਤੇ ਦੇਂਦੇ ਹਨ ਕਿ ਤੂੰ ਵੀ 'ਆਪਾ ਚੀਨ ਕੇ' ਇਸ ਗਿਆਨ ਨੂੰ ਅਪਰੋਕਸ਼ ਜਾਣ ਲੈ। ਜਦ ਤਕ ਤੂੰ ਆਪਾ ਨਹੀਂ ਚੀਨੇਗਾ (ਜਾਣੇਗਾ) ਉਦੋਂ ਤਕ ਤੇਰਾ ਭਰਮ-ਭੁਲੇਖਾ ਜਾਂ ਭੁੱਲ ਦੂਰ ਨਹੀਂ ਹੋਣੀ। ਇਹ ਭਰਮ ਦੀ ਕਾਈ ਤੈਨੂੰ ਭੁਲੇਖੇ ਵਿਚ ਜੀਵ ਬਣਾਈ ਰੱਖੇਗੀ। ਨਿੱਜ ਸਰੂਪ ਨੂੰ ਜਾਣ ਕੇ ਬਾਹਰ-ਭੀਤਰ ਇਕ ਨੂੰ ਜਾਣ ਤਾਂ ਫਿਰ ਤੈਨੂੰ ਸੰਸਾਰ ਸੁਪਨਾ ਪ੍ਰਤੀਤ ਹੋ ਆਵੇਗਾ। ਇਸ ਪ੍ਰਕਾਰ 'ਕਰਤਾ ਪੁਰਖ' ਉਸ ਇਕ ਦਾ ਤੁਤੱਸ਼ਟ ਲੱਛਣ ਹੈ ਜੋ ਕੇਵਲ ਉਸੇ ਇਕ ਉੱਤੇ ਢੁੱਕਦਾ ਹੈ। ਉਹੀ ਇਸ ਕਲਪਿਤ ਸ੍ਰਿਸ਼ਟੀ ਦਾ ਕਰਤਾ ਹੈ। ਹੁਣ ਕੋਈ ਹੋਰ ਨਹੀਂ ਹੋ ਗਿਆ। ਸੰਸਾਰ ਦੀ ਰਚਨਾ ਵੇਖ ਕੇ ਉਸੇ ਨੂੰ ਇਸ ਦਾ ਕਾਰਨ ਕਰਤਾ ਕਲਪਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ 'ਕਿਸ ਨੂੰ ਕਹੀਐ ਨਾਨਕਾ ਸਭ ਕਿਛੁ ਆਪੇ ਆਪ' ਹੀ ਹੈ।

SIKHBOOKCLUB.COM

## ਨਿਰਭਉ

ਵਿਆਕਰਣੀਆਂ ਨੇ ਨਿਰਭਉ ਸ਼ਬਦ ਬਣਤਰ ਅਨੁਸਾਰ ਤਿੰਨ ਤਰ੍ਹਾਂ ਦਾ ਮੰਨਿਆ ਹੈ—ਮੂਲ, ਉਤਪਨ ਤੇ ਸਮਾਸੀ ਸ਼ਬਦ। ਨਿਰਭਉ ਉਤਪਨ ਸ਼ਬਦ ਹੈ। 'ਨਿਰ' ਅਗੇਤਰ ਅਤੇ 'ਭਉ' ਮੂਲ ਸ਼ਬਦ ਹੈ। ਨਿਰ ਦਾ ਅਰਥ ਬਿਨਾਂ, ਰਹਿਤ ਹੈ, ਭਉ ਦਾ ਅਰਥ ਡਰ, ਖ਼ੌਫ਼ ਜਾਂ ਭੈਅ ਹੈ। ਅਰਥਾਤ ਕਿਸੇ ਕਿਸਮ ਦੇ ਡਰ ਜਾਂ ਭੈਅ ਤੋਂ ਬਿਨਾਂ। ੧ਓ ਦੀ ਹਸਤੀ ਵਿਚ ਭਉ ਜਾਂ ਡਰ ਨੂੰ ਕੋਈ ਥਾਂ ਨਹੀਂ, ਉਹ ਨਿਰਭਉ ਹੈ।

ਪੰਜਾਬੀ ਵਿਚ ਡਰ-ਭਉ ਇਕੱਠਿਆਂ ਵੀ ਵਰਤ ਲਿਆ ਜਾਂਦਾ ਹੈ। 'ਉਸ ਨੂੰ ਕੋਈ ਡਰ-ਭਉ ਨਹੀਂ'। ਇਸ ਭਉ ਸ਼ਬਦ ਨੂੰ ਲੈ ਕੇ ਸਵਾਮੀ ਦਯਾ ਨੰਦ ਨੇ 'ਸਤਿਆਰਥ ਪ੍ਰਕਾਸ਼' ਵਿਚ ਬੇਸਮਝੀ ਨਾਲ ਲਿਖਿਆ ਹੈ ਕਿ 'ਗੁਰੂ ਨਾਨਕ ਦੇਵ ਜੀ ਅਨਪੜ੍ਹ ਸਨ ਜਿਹਨਾਂ ਨੇ ਭਉ ਸ਼ਬਦ ਵਰਤਿਆ ਹੈ, ਜੋ ਅਸਲ ਵਿਚ ਭੈਅ ਹੈ।' ਭੈਅ ਸ਼ਬਦ ਹਿੰਦੀ ਦਾ ਹੈ, ਸਵਾਮੀ ਜੀ ਗੁਜਰਾਤੀ ਸੀ, ਉਹਨਾਂ ਨੂੰ

ਆਪ ਪਤਾ ਨਹੀਂ ਸੀ ਕਿ ਪੰਜਾਬੀ ਵਿਚ ਇਹ 'ਭਉ' ਹੈ। ਗੁਰਬਾਣੀ ਵਿਚ ਇਹ ਦੋਵੇਂ ਪਦ 'ਭੈਅ' ਅਤੇ 'ਭਉ' ਵਰਤੇ ਗਏ ਹਨ। ਖ਼ੈਰ, ਅਸੀਂ ਇਸ ਪਾਸੇ ਨਾ ਜਾਂਦੇ ਹੋਏ ਨਿਰਭਉ ਪਦ ਨੂੰ ਸਮਝੀਏ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਨੂੰ ਨਿਰਭਉ ਕਿਉਂ ਲਿਖਿਆ ਹੈ। ਉਹ ਆਸਾ ਦੀ ਵਾਰ ਵਿਚ ਲਿਖਦੇ ਹਨ :

**ਸਗਲਿਆ ਭਉ ਲਿਖਿਆ ਸਿਰਿ ਲੇਖੁ ॥**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥** *(ਆਸਾ ਮਹਲਾ ੧, ਅੰਗ ੪੬੪)*

ਕਰਤਾ ਪੁਰਖ ਨੇ ਦ੍ਰਿਸ਼ਟਮਾਨ ਸ੍ਰਿਸ਼ਟੀ ਸਭ ਭੈਅ ਵਿਚ ਰੱਖੀ ਹੈ। ਇਕ ਉਹ ਆਪ ਹੈ ਜਿਸ ਨੂੰ ਕੋਈ ਭੈਅ ਨਹੀਂ। ਸੂਰਜ, ਚੰਦਰਮਾ, ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿਕ ਦੇਵਤੇ, ਗੱਲ ਕੀ ਹਰ ਰਚੀ ਸ਼ੈਅ ਡਰ ਤੋਂ ਖ਼ਾਲੀ ਨਹੀਂ। ਕਿਸੇ ਨੂੰ ਵੈਰੀ ਦਾ ਡਰ, ਕਿਸੇ ਨੂੰ ਭੁੱਖ ਦਾ ਡਰ, ਕਿਸੇ ਨੂੰ ਹਕੂਮਤ ਦਾ ਡਰ, ਕਿਸੇ ਨੂੰ ਪਦਵੀ ਛੁੱਟਣ ਦਾ ਡਰ ਤੇ ਸਭ ਨੂੰ ਮੌਤ ਦਾ ਵੱਡਾ ਡਰ ਲੱਗਾ ਹੋਇਆ ਹੈ। ਡਰ ਉਥੇ ਹੁੰਦਾ ਹੈ, ਜਿਥੇ ਦੂਜਾ ਹੋਵੇ। ਇਕ ਨੂੰ ਕਦੇ ਡਰ ਨਹੀਂ ਹੋਇਆ :

**ਏਕੇ ਕਉ ਭਉ ਨਾਹੀ ਕੋਇ।**
**ਕੌਣ ਡਰੇ ਡਰ ਕਿਸ ਦਾ ਹੋਇ।**

SIKHBOOKCLUB.COM

ਫਿਰ ਡਰ ਹੁੰਦਾ ਹੈ ਆਪਣੇ ਤੋਂ ਵੱਡੇ ਦਾ, ਸ਼ਕਤੀ ਵਾਲੇ ਦਾ, ਉਸ ਨਾਲੋਂ ਕੋਈ ਵੱਡਾ ਨਹੀਂ ਤੇ ਨਾ ਹੀ ਸ਼ਕਤੀ ਵਾਲਾ ਹੈ। ਜੇ ਪ੍ਰਭੂ ਵਿਚ ਭੈਅ ਵਾਲੀ ਕੋਈ ਗੱਲ ਹੈ ਹੀ ਨਹੀਂ, ਫਿਰ ਉਸ ਨੂੰ ਨਿਰਭਉ ਲਿਖਣ ਦਾ ਕੀ ਲਾਭ ? ਇਸ ਨੂੰ ਸਮਝਣਾ ਜ਼ਰੂਰੀ ਹੈ। 'ੴ' ਜਦੋਂ ਆਪਣੀ ਸੁੰਨ ਅਵਸਥਾ ਵਿਚ ਸੀ ਭਾਵ ਅਫੁਰ ਸੀ, ਉਥੇ ਤਾਂ ਕੁਝ ਕਹਿਣ ਗੋਚਰਾ ਹੈ ਹੀ ਨਹੀਂ ਸੀ। ਕਹਿਣ-ਕਹਾਉਣ ਤਾਂ ਉਦੋਂ ਹੋਇਆ, ਜਦੋਂ ਉਸ ਨੇ ਕਰਤਾ ਹੋ ਕੇ ਖੇਲ ਰਚੀ। ਇਸ ਖੇਲ ਵਿਚ ਸਭ ਜੋੜੇ-ਜੋੜੇ ਹਨ। ਦਿਨ ਦੇ ਨਾਲ ਰਾਤ, ਦੁੱਖ ਦੇ ਨਾਲ ਸੁਖ, ਜੀਵਨ ਦੇ ਨਾਲ ਮੌਤ, ਮਰਦ ਦੇ ਨਾਲ ਇਸਤਰੀ। ਇਸ ਤਰ੍ਹਾਂ ਹਜ਼ਾਰਾਂ ਗਿਣੀ ਜਾਉ, ਇਹ ਸਭ ਦਵੰਦ ਹੀ ਜਗਤ ਹੈ। ਖੇਡ ਇਕ ਨਾਲ ਹੁੰਦੀ ਹੀ ਨਹੀਂ। ਉਹ ਇਕ ਤੋਂ ਵੱਧ ਦੀ ਹੀ ਬਣਦੀ ਹੈ। ਇਹ ਰਚੀ ਖੇਡ ਸਭ ਭੈਅ ਵਿਚ ਹੈ :

**ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥**

*(ਮਹਲਾ ੫, ਅੰਗ ੯੯੯)*

ਖੇਡ ਬਣੀ ਪੁਰਖ ਤੇ ਪ੍ਰਕਿਰਤੀ ਨਾਲ। ਕਈ ਮਤਾਂ ਵਾਲਿਆਂ ਨੇ ਪੁਰਖ ਤੇ ਪ੍ਰਕਿਰਤੀ ਦੋਵੇਂ ਅਨਾਦੀ ਅਤੇ ਅਨੰਤ ਮੰਨੇ ਹਨ। ਗੁਰੂ ਨਾਨਕ ਮਤ ਵਿਚ ੴ ਅਨਾਦੀ ਅਤੇ ਅਨੰਤ ਹੈ, ਦੋਵੇਂ ਨਹੀਂ। ਪੁਰਖ ਨਿਰਭਉ ਹੈ, ਪ੍ਰਕਿਰਤੀ ਭੈਅ

ਵਿਚ ਹੈ। ਪ੍ਰਕਿਰਤੀ ਦੂਈ ਹੈ, ਏਕਾ ਨਹੀਂ:

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

*(ਮਹਲਾ ੧੨, ਅੰਗ ੪੬੩)*

ਹਾਂ, ਆਪਣੀ ਪ੍ਰਕਿਰਤੀ ਵਿਚ ਏਕਾ, ਨਿਰਭਉ ਵਿਆਪਕ ਹੋ ਕੇ ਬੈਠਾ ਹੈ। ਉਸ ਏਕੇ ਨੂੰ ਭਾਲਣਾ ਇਸ ਖੇਡ ਵਿਚੋਂ ਪੁੱਗਣਾ ਹੈ। ਜਿਸ ਨੇ ਉਸ ਨੂੰ ਪਾ ਲਿਆ, ਉਹ ਜਿੱਤ ਗਿਆ। ਉਹ ਜਿੱਤਿਆ ਹੋਇਆ 'ਏਕਾ' ਹੀ ਹੈ। ਉਹ ਆਪਣਾ ਆਪ ਹੀ ਹੈ। ਉਸ ਜਿੱਤੇ ਦੀ ਨਿਸ਼ਾਨੀ 'ਨਿਰਭਉ' ਹੈ। ਉਹੀ ਬ੍ਰਹਮ ਗਿਆਨੀ ਹੈ। ਕੇਵਲ ਇਹ ਕਹਿਣ ਨਾਲ 'ਅਹੰ ਬ੍ਰਹਮ ਅਸੱਮੀ' ਕੋਈ 'ਬ੍ਰਹਮ' ਨਹੀਂ ਹੋ ਜਾਂਦਾ। ਉਹ ਮਨਸੂਰ ਵਾਂਗ ਅੰਦਰੋਂ ਨਾਹਰਾ 'ਐਨ-ਉਲ-ਹੱਕ' ਮਾਰ ਕੇ ਸੂਲੀ ਉੱਤੇ ਹੱਸ-ਹੱਸ ਕੇ ਚੜ੍ਹਦਾ ਹੈ, ਬੰਦ-ਬੰਦ ਕਟਵਾਉਂਦਾ ਹੈ, ਤੱਤੀਆਂ ਲੋਹਾਂ 'ਤੇ ਬੈਠਦਾ ਹੈ, ਤਨ ਆਰੇ ਨਾਲ ਚਿਰਵਾਉਂਦਾ ਹੈ। ਇਸ ਅਮਲੀ ਅਨੁਭਵ ਨਾਲ ਗੁਰੂ ਤੇਗ ਬਹਾਦਰ ਸਾਹਿਬ ਨੇ ਫ਼ੁਰਮਾਇਆ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

*(ਸਲੋਕ ਮਹਲਾ ੯, ਅੰਗ ੧੪੨੭)*

**ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥**
**ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥** *(ਮਹਲਾ ੫, ਅੰਗ ੨੭੪)*

ਸੰਤ ਮਤ ਵਿਚ ਬ੍ਰਹਮ ਗਿਆਨ ਪ੍ਰਾਪਤ ਕਰਨਾ ਆਖ਼ਰੀ ਡਿਗਰੀ ਹੈ। ਗੁਰੂ ਨਾਨਕ ਮਤ, ਸੰਤ ਮਤ ਹੈ। ਉਹਨਾਂ ਆਪ ਲਿਖਿਆ ਹੈ:

**ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥**

ਤ੍ਰੈਲੋਕੀ ਨਾਥ ਨੇ ਇਹ ਤਿੰਨੇ ਲੋਕ ਸੰਤ ਦੀ ਖੇਡ ਖੇਡਣ ਲਈ ਹੀ ਬਣਾਏ ਹਨ। ਇਹ ਜਗਤ ਭੋਗਾਂ ਲਈ ਨਹੀਂ। ਪਦਾਰਥ ਪ੍ਰਾਣਾਂ ਦੀ ਰੱਖਿਆ ਲਈ ਹਨ ਅਰਥਾਤ ਜੀਵਨ ਲਈ ਹਨ। ਜੀਵਨ ਕਿਸ ਲਈ ? ਭੋਗਾਂ ਲਈ ? ਨਹੀਂ, ਜੀਵਨ ਬ੍ਰਹਮ ਗਿਆਨ ਲਈ ਹੈ। ਜੇ ਮਨੁੱਖਾ ਜੀਵਨ ਪਾ ਕੇ ਇਸ ਪਾਸੇ ਮੂੰਹ ਹੀ ਨਹੀਂ ਕੀਤਾ ਤਾਂ ਭੈਮਾਨ ਹੋਣਾ ਆਵੱਸ਼ ਹੈ। ਨਿਰਭਉ ਹੋਣ ਲਈ ਇਸ ਪਾਸੇ ਜਤਨ ਕਰਨ ਦੀ ਲੋੜ ਹੈ:

**ਨਿਰਭਉ ਜਪੈ ਸਗਲ ਭਉ ਮਿਟੈ ॥**
**ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥** *(ਮਹਲਾ ੫, ਅੰਗ ੨੯੩)*

# ਨਿਰਵੈਰ

ਨਿਰਵੈਰ ਉਤਪੰਨ ਸ਼ਬਦ ਹੈ। ਇਹ 'ਨਿਰ' ਅਤੇ 'ਵੈਰ' ਦੇ ਸੰਜੋਗ ਤੋਂ ਬਣਿਆ ਹੈ। 'ਨਿਰ' ਅਗੇਤਰ ਹੈ ਅਤੇ 'ਵੈਰ' ਮੂਲ ਸ਼ਬਦ ਹੈ। 'ਨਿਰ' ਅਗੇਤਰ ਨਾ, ਨਹੀਂ, ਬਿਨਾਂ ਨਿਸ਼ੇਧੀ ਅਰਥਾਂ ਵਿਚ ਵਰਤਿਆ ਜਾਂਦਾ ਹੈ। ਨਿਰ-ਵੈਰ ਦਾ ਪਦ ਅਰਥ ਵੈਰ ਤੋਂ ਬਿਨਾਂ ਅਰਥਾਤ ਵੈਰ ਤੋਂ ਰਹਿਤ ਹੈ। ਇਸੇ ਪਰਮੇਸ਼ਰ ਨੂੰ ਵੈਰ-ਭਾਵ ਤੋਂ ਰਹਿਤ ਆਖਿਆ ਹੈ ਅਰਥਾਤ ਵਾਹਿਗੁਰੂ ਵਿਚ ਵੈਰ-ਭਾਵ ਦਾ ਕੋਈ ਦੋਸ਼ ਨਹੀਂ ਹੈ। ੧ੴ ਵਿਚ ਸਤਿਨਾਮੁ ਅਤੇ ਕਰਤਾ ਪੁਰਖ ਗੁਣ ਸੁਤੇ ਭਰਪੂਰ ਹਨ ਪਰ 'ਭਉ' ਅਤੇ 'ਵੈਰ' ਉਸ ਵਿਚ ਨਹੀਂ ਹੈ।

ਨਿਰਭਉ ਹੀ ਨਿਰਵੈਰ ਹੋ ਸਕਦਾ ਹੈ ਜਾਂ ਇਉਂ ਕਹਿਣਾ ਵੀ ਠੀਕ ਹੈ ਕਿ ਨਿਰਵੈਰ ਨਿਰਭਉ ਹੁੰਦਾ ਹੈ ਭਾਵ ਜੋ ਨਿਰਵੈਰ ਹੋਵੇਗਾ, ਉਹ ਨਿਰਭਉ ਵੀ ਅਵੱਸ਼ ਹੈ। ਇਸ ਤਰ੍ਹਾਂ ਜੋ ਨਿਰਭਉ ਹੈ ਉਹ ਨਿਰਵੈਰ ਵੀ ਹੈ। ਇਹ ਦੋਵੇਂ ਗੁਣ ਇਕੱਠੇ ਰਹਿੰਦੇ ਹਨ। ਇਹ ਦੋਵੇਂ ਗੁਣ ਗੁਰੂ ਨਾਨਕ ਦੇ ਪ੍ਰਭੂ ਵਿਚ ਹਨ।

ਕਈ ਮਤਾਂ ਵਿਚ ਸ਼ੈਤਾਨ ਅਤੇ ਮਾਇਆ ਆਦਿਕ ਪ੍ਰਭੂ ਵਿਰੋਧੀ ਸ਼ਕਤੀਆਂ ਵੀ ਮੰਨੀਆਂ ਗਈਆਂ ਹਨ। ਜਿਵੇਂ ਸੈਮਿਟਿਕ ਮੱਤਾਂ ਵਿਚ ਬੀਬੀ ਹੱਵਾ ਅਤੇ ਬਾਬਾ ਆਦਮ ਨੂੰ ਜੰਨਤ ਵਿਚੋਂ ਕਢਵਾਉਣ ਵਾਲਾ ਮਲਿਊਨ ਸ਼ੈਤਾਨ ਜ਼ਬਰਾਈਲ ਹੀ ਸੀ। ਇਸੇ ਵਾਸਤੇ ਉਹਨਾਂ ਮਤਾਂ ਵਿਚ ਰੱਬੁਲ-ਆਲਮੀਨ ਨੂੰ ਜ਼ੱਬਾਰ ਅਤੇ ਕੱਰਾਹ ਕਿਹਾ ਗਿਆ ਹੈ ਪਰ ਗੁਰੂ ਨਾਨਕ ਮਤ ਵਿਚ ਅਜਿਹਾ ਨਹੀਂ ਹੈ। ਗੁਰੂ ਨਾਨਕ ਦੇਵ ਜੀ ਤਾਂ ਸਭ ਕੁਝ ਨੂੰ ਵਾਹਿਗੁਰੂ ਦਾ ਹੀ ਸਰੂਪ ਕਹਿੰਦੇ ਹਨ। ਸਗੋਂ ਮਾਇਆ ਤਾਂ ਬਾਂਦੀ ਹੈ ਜੋ ਖਸਮ ਅੱਗੇ ਉਸ ਦੇ ਹੁਕਮ ਵਿਚ ਕੰਮ ਕਰ ਰਹੀ ਹੈ :

**ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥**

*(ਮਹਲਾ ੩, ਅੰਗ ੯੦)*

ਮਾਇਆ ਵੀ ਅਸਲ ਵਿਚ ਪ੍ਰਭੂ ਦਾ ਹੀ ਅੰਗ ਹੈ। ਇਸ ਲਈ ਸਤਿਗੁਰੂ ਨਾਨਕ ਪਾਤਸ਼ਾਹ ਫ਼ੁਰਮਾਉਂਦੇ ਹਨ :

**ਜਿਸ ਨੋ ਕਹੀਐ ਨਾਨਕ ਸਭ ਕਿਛੁ ਆਪੇ ਆਪਿ॥**

ਜਦ ਸਭ ਕੁਝ ਉਹ ਆਪ ਹੀ ਹੈ ਤਾਂ ਆਪੇ ਨਾਲ ਉਸ ਦਾ ਵੈਰ ਕਿਵੇਂ ਹੋਵੇ ? ਪ੍ਰਭੂ ਕਹਿਰਵਾਨ ਨਹੀਂ ਸਗੋਂ ਮਿਹਰਬਾਨ ਹੈ :

**ਮਿਹਰਵਾਨੁ ਸਾਹਿਬੁ ਮਿਹਰਵਾਨੁ ॥**
**ਸਾਹਿਬੁ ਮੇਰਾ ਮਿਹਰਵਾਨੁ ॥** *(ਮਹਲਾ ੫, ਅੰਗ ੭੨੪)*

ਕਈ ਅਗਿਆਨੀ ਪਰਮੇਸ਼ਰ ਨੂੰ ਕਹਿਰਵਾਨ ਸਿੱਧ ਕਰਨ ਲਈ ਉਦਾਹਰਣਾਂ ਦਿੰਦੇ ਹਨ ਕਿ ਭੂਚਾਲ, ਹੜ੍ਹ ਜਾਂ ਕਿਸੇ ਮਾਰੂ ਬੀਮਾਰੀ ਕਾਰਨ ਬਹੁਤ ਸਾਰੇ ਜੀਵ-ਜੰਤ ਮਰ ਜਾਂਦੇ ਹਨ ਜਾਂ ਬਹੁਤੇ ਬੰਦਿਆਂ ਦਾ ਮਾਲੀ ਜਾਂ ਜਾਨੀ ਨੁਕਸਾਨ ਹੋ ਜਾਂਦਾ ਹੈ। ਇਹਨਾਂ ਦੁਰਘਟਨਾਵਾਂ ਦਾ ਕਾਰਨ ਰੱਬ ਨੂੰ ਦੱਸ ਕੇ ਉਸ ਨੂੰ ਕਹਿਰਵਾਨ ਆਖਦੇ ਹਨ।

ਇਹ ਠੀਕ ਹੈ ਕਿ ਪ੍ਰਕਿਰਤੀ ਦੀ ਹਿੱਲ-ਜੁਲ ਕਾਰਨ ਕਈ ਵਾਰ ਮੀਂਹ, ਹਨੇਰੀ, ਭੂਚਾਲ ਆਦਿਕ ਆ ਹੀ ਜਾਂਦੇ ਹਨ। ਇਹਨਾਂ ਕਰਕੇ ਬਹੁਤ ਸਾਰੇ ਜੀਵ ਮਰ ਵੀ ਜਾਂਦੇ ਹਨ। ਕਈਆਂ ਦਾ ਮਾਲੀ ਅਤੇ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਕੀ ਇਹ ਇਹਨਾਂ ਕਾਰਨਾਂ ਕਰਕੇ ਪ੍ਰਭੂ ਵੈਰ-ਭਾਵਨਾ ਵਾਲਾ ਕਹਿਰਵਾਨ ਹੋ ਗਿਆ ?

ਇਹ ਗੱਲ ਠੀਕ ਨਹੀਂ ਹੈ। ਵਾਸਤਵ ਵਿਚ ਵਾਹਿਗੁਰੂ ਦੇ ਨਿੱਜ ਸਰੂਪ ਵਿਚ ਵੈਰ-ਭਾਵਨਾ ਵਾਲਾ ਕੋਈ ਦੋਸ਼ ਜਾਂ ਅਵਗੁਣ ਨਹੀਂ ਹੈ। ਮਾਂ ਦਾ ਹਿਰਦਾ ਆਪਣੇ ਬੱਚਿਆਂ ਲਈ ਨਿਰਵੈਰ ਹੈ ਪਰ ਜਦੋਂ ਮਾਂ ਦਾ ਲਾਡਲਾ ਪੁੱਤਰ ਅੱਗ ਵਿਚ ਹੱਥ ਪਾਵੇ ਤਾਂ ਕੀ ਮਾਂ ਉਸ ਦੇ ਥੱਪੜ ਨਹੀਂ ਮਾਰਦੀ ? ਕੀ ਇਹ ਮਾਰਿਆ ਥੱਪੜ ਮਾਂ ਦਾ ਪੁੱਤਰ ਨਾਲ ਵੈਰ ਸਿੱਧ ਕਰਦਾ ਹੈ ਜਾਂ ਪਿਆਰ ? ਨਹੀਂ, ਨਹੀਂ, ਇਹ ਥੱਪੜ ਮਾਂ ਦੇ ਪੁੱਤਰ ਨਾਲ ਦਿਲੀ ਪਿਆਰ ਦਾ ਚਿੰਨ੍ਹ ਹੈ। ਜੇ ਮਾਂ ਵੈਰਨ ਹੁੰਦੀ ਤਾਂ ਉਹ ਬੱਚੇ ਨੂੰ ਅੱਗ ਵਿਚ ਸੜ ਜਾਣ ਦਿੰਦੀ। ਥੱਪੜ ਮਾਰ ਕੇ ਅੱਗ ਤੋਂ ਨਾ ਬਚਾਉਂਦੀ। ਠੀਕ ਇਸੇ ਤਰ੍ਹਾਂ ਹੀ ਜਦੋਂ ਪਰਮੇਸ਼ਰ ਦੇ ਲਾਡਲੇ ਧੀਆਂ-ਪੁੱਤਰ ਆਪਣੀ ਬੁੱਧ-ਮਤ ਮਲੀਨ ਕਰ ਕੇ ਕੁਕਰਮਾਂ ਅਤੇ ਪਾਪਾਂ ਦੀ ਅੱਗ ਵਿਚ ਸੜਨੋਂ ਸੰਕੋਚ ਨਹੀਂ ਕਰਦੇ ਤਾਂ ਪ੍ਰਭੂ ਪਿਆਰ ਰੂਪ ਹੋ ਕੇ ਮਾਂ ਵਾਂਗ ਆਪਣੇ ਜਾਇਆਂ ਦੇ ਥੱਪੜ ਮਾਰਦਾ ਹੈ। ਪ੍ਰਭੂ ਦੀ ਇਹ ਸਜ਼ਾ ਡਾਕਟਰ ਦੇ ਨਸ਼ਤਰ ਵਾਂਗ ਜੀਵਾਂ ਦੀ ਭਲਾਈ ਲਈ ਹੀ ਹੁੰਦੀ ਹੈ। ਇਹ ਆਰਜ਼ੀ ਦੁੱਖ ਸਗੋਂ ਉਹਨਾਂ ਲਈ ਦਵਾਈ ਬਣ ਜਾਦਾ ਹੈ।

**ਦੁਖ ਦਾਰੂ ਸੁਖ ਰੋਗ ਭਇਆ ਜਾ ਸੁਖ ਤਾਮਿ ਨਾ ਹੋਈ ॥**

*(ਆਸਾ ਮਹਲਾ ੧, ਅੰਗ ੪੬੯)*

ਠੀਕ ਸੁਖ ਤੇ ਝੂਠੇ ਸੁਖਾਂ ਦੀਆਂ ਖ਼ੁਸ਼ੀਆਂ ਜੀਵ ਨੂੰ ਪਾਪਾਂ ਦੇ ਬਿਖੜੇ

ਰਾਹ ਪਾ ਦਿੰਦੀਆਂ ਹਨ। ਅਜਿਹੇ ਔਝੜ ਤੇ ਬਿਖੜੇ ਰਾਹਾਂ ਵਿਚ ਭਟਕਣ ਵਾਲਿਆਂ ਲਈ ਦੁੱਖ ਦਾਰੂ ਹੋ ਲੱਗਦਾ ਹੈ। ਦੁੱਖ ਵਿਚ ਉਹਨਾਂ ਨੂੰ ਰੱਬ ਯਾਦ ਆਉਂਦਾ ਹੈ। ਰੱਬ ਦੀ ਯਾਦ ਬੰਦੇ ਨੂੰ ਰਾਹੇ ਪਾ ਦਿੰਦੀ ਹੈ। ਰਾਹੇ ਪਿਆਂ ਭੁਲੇਖੇ ਦੀ ਭਟਕਣਾ ਦਾ ਦੁੱਖ ਆਪਣੇ ਆਪ ਦੂਰ ਹੋ ਜਾਂਦਾ ਹੈ। ਇਸ ਵਾਸਤੇ ਪ੍ਰਕਿਰਤਕ ਦੁਰਘਟਨਾਵਾਂ ਕਾਰਨ ਹੋਏ ਮਾਲੀ ਜਾਂ ਜਾਨੀ ਨੁਕਸਾਨ ਦਾ ਦੋਸ਼ ਨਿਰਵੈਰ ਪ੍ਰਭੂ ਉੱਤੇ ਥੱਪ ਕੇ ਉਸ ਨੂੰ ਕਹਿਰਵਾਨ ਅਤੇ ਵੈਰੀ ਸਿੱਧ ਕਰਨਾ ਯੋਗ ਨਹੀਂ।

ਵਾਹਿਗੁਰੂ ਇਹਨਾਂ ਦੁਰਘਟਨਾਵਾਂ ਰਾਹੀਂ ਕੀ ਭਲਾ ਕਰ ਰਿਹਾ ਹੈ ? ਇਸ ਨੂੰ ਗਰਜ਼ਾਂ ਭਰੀ ਬੁੱਧੀ ਸਮਝ ਵੀ ਨਹੀਂ ਸਕਦੀ। ਅਸੀਂ ਆਪਣੇ ਨਿੱਜੀ ਨੁਕਤੇ ਤੋਂ ਨਫ਼ਾ ਜਾਂ ਨੁਕਸਾਨ ਦੇਖਦੇ ਹਾਂ, ਪ੍ਰਭੂ ਦੀ ਸਮਸਤੀ ਸਮ-ਦ੍ਰਿਸ਼ਟੀ ਤੋਂ ਨਹੀਂ ਵੇਖ ਸਕਦੇ। ਇਸ ਲਈ ਅਸੀਂ ਠੀਕ ਨਫ਼ੇ ਜਾਂ ਨੁਕਸਾਨ ਨੂੰ ਜਾਣ ਵੀ ਨਹੀਂ ਸਕਦੇ। ਸ਼ਰਾਬੀ ਨੂੰ ਸ਼ਰਾਬ ਪੀਣ ਵਿਚ ਹੀ ਨਫ਼ਾ ਦਿੱਸਦਾ ਹੈ।

ਉਸ ਨਿਰਵੈਰ ਵਿਚ ਜੀਵ ਦੀ ਪਹੁੰਚ ਵੀ ਉਦੋਂ ਹੁੰਦੀ ਹੈ ਜਦੋਂ ਉਹ ਸਭ ਨੂੰ ਮਿੱਤਰ ਕਰ ਕੇ ਜਾਣੇ, ਕਿਸੇ ਨੂੰ ਵੈਰੀ ਨਾ ਸਮਝੇ :

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥**

*(ਮਹਲਾ ੫, ਅੰਗ ੧੨੯੯)*

ਸਾਧ ਦਾ ਸੰਗ ਕਰਨ ਵਾਲੇ ਨੂੰ ਹੀ ਇਹ ਸੁਮੱਤ ਮਿਲਦੀ ਹੈ ਕਿ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥**

*(ਮਹਲਾ ੫, ਅੰਗ ੬੭੧)*

ਬੰਦਿਆਂ ਵਿਚੋਂ ਵੀ ਨਿਰਵੈਰ ਉਹੀ ਹੋਇਆ ਹੈ ਜੋ ਨਿਰਵੈਰ ਪ੍ਰਭੂ ਨਾਲ ਇਕ-ਮਿਕ ਹੋ ਗਿਆ। ਅਜਿਹੇ ਪ੍ਰਭੂ ਪਿਆਰੇ, ਨਿਰਵੈਰ ਹੋ ਵਿਚਰਦੇ ਹਨ। ਉਹਨਾਂ ਨਿਰਵੈਰਾਂ ਨਾਲ ਵੈਰ ਕਰਨ ਵਾਲੇ ਕਦੇ ਸੁਖੀ ਨਹੀਂ ਹੁੰਦੇ :

**ਸੁਖ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥**

*(ਮਹਲਾ ੪, ਅੰਗ ੩੦੮)*

ਸਗੋਂ ਚੌਥੇ ਸਤਿਗੁਰੂ ਗਉੜੀ ਦੀ ਵਾਰ ਵਿਚ ਇਥੋਂ ਤਕ ਲਿਖ ਗਏ ਹਨ :

**ਨਿਰਵੈਰੈ ਨਾਲਿ ਜਿ ਵੈਰੁ ਰਚਾਏ**
**ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥**

*(ਮਹਲਾ ੪, ਅੰਗ ੩੨੭)*

ਬ੍ਰਹਮ ਗਿਆਨੀ ਨਿਰਵੈਰ ਅਤੇ ਨਿਰਭਉ ਹੁੰਦਾ ਹੈ ਕਿਉਂਜੋ ਉਹ ਪ੍ਰਭੂ ਵਿਚ ਲੀਨ ਹੋ ਕੇ ਉਸੇ ਦਾ ਹੋ ਕੇ ਉਸੇ ਦਾ ਹੀ ਰੂਪ ਹੋ ਗਿਆ ਹੁੰਦਾ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

*(ਸਲੋਕ ਮਹਲਾ ੯, ਅੰਗ ੧੪੨੭)*

'ਜੈਸਾ ਸੇਵੇ ਤੈਸਾ ਹੋਏ' ਦੇ ਮਹਾਂਵਾਕ ਅਨੁਸਾਰ ਨਿਰਭਉ ਨੂੰ ਜਪਣ ਵਾਲਾ ਸਾਰੇ ਡਰਾਂ ਤੋਂ ਛੁਟਕਾਰਾ ਪਾ ਸਕਦਾ ਹੈ:

**ਨਿਰਭਉ ਜਪੈ ਸਗਲ ਭਉ ਮਿਟੈ ॥**
**ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥** *(ਮਹਲਾ ੫, ਅੰਗ ੨੯੩)*

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** *(ਮਹਲਾ ੫, ਅੰਗ ੨੮੩)*

ਨਿਰਵੈਰ ਹੋ ਕੇ ਨਿਰਭਉ ਹੋਣਾ ਇਹ ਬੰਦੇ ਦੇ ਆਪਣੇ ਗੁਣ ਨਹੀਂ ਹਨ, ਸਗੋਂ ਜਦੋਂ ਭਗਤ ਭਗਤੀ ਦੁਆਰਾ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ ਤਾਂ ਇਹ ਦੋਵੇਂ ਗੁਣ ਜੋ ਪ੍ਰਭੂ ਦੇ ਨਿਜ ਸਰੂਪ ਵਿਚ ਹਨ, ਪ੍ਰਗਟ ਹੋ ਜਾਂਦੇ ਹਨ। ਜਿਵੇਂ ਇਕ ਲੋਹੇ ਦਾ ਗੋਲਾ ਕੋਲਿਆਂ ਦੀ ਦਗ-ਦਗ ਕਰਦੀ ਭੱਠੀ ਵਿਚ ਪੈ ਕੇ ਨਾ ਕੇਵਲ ਕੋਲਿਆਂ ਵਾਂਗ ਲਾਲ ਹੋ ਗਿਆ ਹੁੰਦਾ ਹੈ ਸਗੋਂ ਉਸ ਵਿਚ ਅੱਗ ਦੇ ਸਾਰੇ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਉਹ ਲੋਹਾ ਚਾਨਣ ਵੀ ਦੇਂਦਾ ਹੈ, ਸਾੜਦਾ ਵੀ ਹੈ। ਵਾਸਤਵ ਵਿਚ ਇਹ ਗੁਣ ਲੋਹੇ ਦੇ ਨਹੀਂ ਹਨ ਸਗੋਂ ਅਗਨੀ ਦੇ ਹਨ। ਉਸ ਵਿਚ ਅੱਗ ਦੀ ਛੂਹ ਪ੍ਰਾਪਤ ਕਰਨ ਨਾਲ ਆਏ ਹਨ। ਇਸ ਲਈ ਬ੍ਰਹਮ ਗਿਆਨੀ ਦੀ ਨਿਰਵੈਰਤਾ ਰੱਬੀ ਗੁਣ ਹੈ, ਇਹ ਕੋਈ ਇਨਸਾਨੀ ਗੁਣ ਨਹੀਂ ਹੈ। ਸੋ ਸਤਿਗੁਰੂ ਨਾਨਕ ਦਾ ਰੱਬ ਨਿਰਵੈਰ ਵੀ ਹੈ।

# ਅਕਾਲ ਮੂਰਤਿ

'ਅਕਾਲ ਮੂਰਤਿ' ਇਕ ਉਤਪਨ ਤੇ ਇਕ ਮੂਲ ਸ਼ਬਦ ਦੇ ਸਮਾਸ ਤੋਂ ਬਣਿਆ ਪਦ ਹੈ। ਅਕਾਲ ਉਤਪਨ ਸ਼ਬਦ ਹੈ। 'ਅ' ਅਗੇਤਰ ਤੇ 'ਕਾਲ' ਮੂਲ ਸ਼ਬਦ ਨੂੰ ਜੋੜ ਕੇ ਅਕਾਲ ਬਣਿਆ ਹੈ। 'ਅ' ਅਗੇਤਰ ਦਾ ਅਰਥ ਨਾ, ਨਹੀਂ ਹੈ ਅਤੇ ਕਾਲ ਦਾ ਅਰਥ ਸਮਾਂ ਜਾਂ ਮੌਤ ਵੀ ਹੈ। ਅਕਾਲ ਦਾ ਭਾਵ ਮੌਤ ਤੋਂ ਰਹਿਤ

ਅਮਰ ਹੈ। ਜੋ ਮਰਦਾ ਨਹੀਂ ਉਹ ਅਕਾਲ ਹੈ। 'ਮੂਰਤਿ' ਮੂਲ ਸ਼ਬਦ ਹੈ, ਜਿਸ ਦਾ ਅਰਥ ਚਿੱਤਰ, ਸ਼ਕਲ ਜਾਂ ਸਰੂਪ ਹੈ। ਸਮੁੱਚੇ ਅਕਾਲ ਮੂਰਤਿ ਪਦ ਦਾ ਅਰਥ ਕਾਲ ਤੋਂ ਰਹਿਤ ਮੂਰਤ ਜਾਂ ਸਰੂਪ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ, ਹਰ ਮੂਰਤੀ ਜਾਂ ਸ਼ਕਲ ਜਿਸ ਦਾ ਕੋਈ ਚਿਹਨ-ਚੱਕਰ ਹੈ, ਬਣਾਈ ਜਾਂਦੀ ਹੈ, ਘੜੀ ਜਾਂਦੀ ਹੈ। ਜੋ ਬਣਿਆ ਹੈ ਜਾਂ ਘੜਿਆ ਹੈ ਉਹ ਜ਼ਰੂਰ ਭੱਜੇਗਾ। 'ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ' ਗੁਰੂ ਨਾਨਕ ਦੇਵ ਜੀ ਦਾ ਆਪਣਾ ਕਥਨ ਹੈ ਤਾਂ ਕੀ ਫਿਰ ਪ੍ਰਭੂ ਦੀ ਮੂਰਤੀ ਵੀ ਇਕ ਦਿਨ ਟੁੱਟੇਗੀ ?

ਪਿੱਛੇ ਕਰਤਾ ਪੁਰਖ ਦੀ ਵਿਆਖਿਆ ਵਿਚ ਵਿਚਾਰਿਆ ਜਾ ਚੁੱਕਾ ਹੈ ਕਿ ਉਹ ਸਭ ਦਾ ਕਰਤਾ ਹੈ, ਉਸ ਦਾ ਕਰਤਾ ਕੋਈ ਨਹੀਂ ਹੈ। ਪਰ ਮੂਰਤੀ ਨੂੰ ਤਾਂ ਕਿਸੇ ਨੇ ਬਣਾਇਆ ਹੈ। ਮੂਰਤੀ ਕਿਸੇ ਸ਼ੈਅ ਦੀ ਹੋਂਦ ਵੀ ਪ੍ਰਗਟਾਉਂਦੀ ਹੈ। ਉਹ ਸੂਖ਼ਮ ਵੀ ਹੋ ਸਕਦੀ ਹੈ ਤੇ ਸਥੂਲ ਵੀ। ਸਭ ਤੋਂ ਸੂਖ਼ਮ ਮਨ ਹੈ। ਮਨ ਤੋਂ ਪਰੇ ਵੀ ਇਕ ਹੋਂਦ ਹੈ ਜੋ ਮਨ ਨੂੰ ਵੇਖਦੀ ਹੈ। ਮਨ ਨੂੰ ਵੇਖਣ ਵਾਲੀ ਹੋਂਦ ਦੀ ਕੋਈ ਸ਼ਕਲ ਜਾਂ ਆਕਾਰ ਨਹੀਂ ਹੈ :

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥**

*(ਪਾਤਿਸਾਹੀ ੧੦)*

ਸੋ ਇਥੇ ਅਕਾਲ ਮੂਰਤਿ ਦਾ ਭਾਵ ਹੈ ਕਿ ਉਸ ਪ੍ਰਭੂ ਦਾ ਜੋ ਵੀ ਕੋਈ ਸਰੂਪ ਹੈ ਉਹ ਕਾਲ ਤੋਂ ਰਹਿਤ ਹੈ। ਉਸ ਉੱਤੇ ਕਾਲ ਹਾਵੀ ਨਹੀਂ ਹੋ ਸਕਦਾ। ਉਹ ਕਾਲ ਦਾ ਵੀ ਕਾਲ ਹੈ। ਤਿੰਨ ਵੱਡੇ ਦੇਵਤੇ ਵੀ ਉਸੇ ਦੇ ਬਣਾਏ ਹੋਏ ਹਨ। ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਉੱਤੇ ਵੀ ਕਾਲ ਹਾਵੀ ਹੈ :

**ਕਾਲ ਪਾਇ ਬ੍ਰਹਮਾ ਬਪੁ ਧਰਾ ॥**
**ਕਾਲ ਪਾਇ ਸਿਵਜੂ ਅਵਤਰਾ ॥**
**ਕਾਲ ਪਾਇ ਕਰਿ ਬਿਸਨੁ ਪ੍ਰਕਾਸਾ ॥**
**ਸਗਲ ਕਾਲ ਕਾ ਕੀਆ ਤਮਾਸਾ ॥** *(ਚੌਪਈ, ਪਾਤਸਾਹੀ ੧੦)*

ਆਕਾਰ ਜਾਂ ਸ਼ਕਲ ਵਾਲੀ ਸ਼ੈਅ ਸਭ ਕਾਲ ਦਾ ਤਮਾਸ਼ਾ ਹੀ ਹੁੰਦੀ ਹੈ, ਪਰ ਉਹ ਨਿਰੰਕਾਰ ਹੈ। ਜੇ ਉਸ ਦੀ ਕੋਈ ਸ਼ਕਲ ਹੁੰਦੀ ਤਾਂ ਉਹ ਵੀ ਇਸ ਦੇਸ਼ ਵਿਚ ਹੁੰਦਾ। ਸ਼ਿਵ ਪੁਰੀ, ਬ੍ਰਹਮ ਪੁਰੀ, ਵਿਸ਼ਨੂੰ ਪੁਰੀ ਸਭ ਦੇਸ਼ ਹਨ। ਕਾਲ ਦੇਸ਼ ਉੱਤੇ ਹੀ ਹਾਵੀ ਹੁੰਦਾ ਹੈ। ਤਿੰਨ ਚੀਜ਼ਾਂ ਦਾ ਆਪੋ ਵਿਚ ਗੂੜ੍ਹਾ ਸੰਬੰਧ ਹੈ।

ਆਕਾਰ, ਦੇਸ਼ ਅਤੇ ਕਾਲ। ਆਕਾਰ ਦਾ ਟਿਕਾਣਾ ਕੋਈ ਦੇਸ਼ ਹੁੰਦਾ ਹੈ, ਦੇਸ਼ ਕਾਲ ਦਾ ਗ਼ੁਲਾਮ ਹੈ। ਸ਼ਿਵ ਜੀ ਤਾਂ ਕੈਲਾਸ਼ ਪਤੀ ਕਹਾਉਂਦਾ ਹੈ। ਕੈਲਾਸ਼ ਇਕ ਪਰਬਤ ਹੈ।

ਜੋਗੀ ਭੁੱਲ ਵਿਚ ਸ਼ਿਵ ਆਦਿ ਦੇਵਤਿਆਂ ਦਾ ਧਿਆਨ ਧਰਦੇ ਹਨ ਅਤੇ ਉਸ ਨੂੰ ਮਹਾਂਦੇਵ ਕਹਿ ਕੇ ਆਦੇਸ-ਆਦੇਸ ਕਰਿਆ ਕਰਦੇ ਹਨ। ਸਿੱਧਾਂ ਨਾਲ ਚਰਚਾ ਸਮੇਂ ਜੋਗੀਆਂ ਨੇ ਇਕ ਪ੍ਰਸ਼ਨ ਗੁਰੂ ਨਾਨਕ ਸਾਹਿਬ ਉੱਤੇ ਇਹ ਵੀ ਕੀਤਾ ਸੀ ਕਿ ਤੁਸੀਂ ਆਦੇਸ ਕਿਸ ਨੂੰ ਕਰਦੇ ਹੋ? ਗੁਰੂ ਜੀ ਦਾ ਉੱਤਰ ਸੀ:

**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥**

*(ਜਪੁਜੀ, ਅੰਗ ੩)*

ਉਹਨਾਂ ਦਾ ਇਕ ਸਵਾਲ ਇਹ ਸੀ ਕਿ ਤਿੰਨ ਵੱਡੇ ਦੇਵਤਿਆਂ ਵਿਚੋਂ ਤੁਸੀਂ ਮਹਾਨ ਕਿਸ ਨੂੰ ਜਾਣਦੇ ਹੋ? ਉੱਤਰ ਵਿਚ ਆਪ ਨੇ ਫ਼ੁਰਮਾਇਆ ਸੀ:

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

*(ਜਪੁਜੀ, ਅੰਗ ੩)*

ਇਹ ਤਿੰਨ ਦੇਵਤੇ ਮਾਇਆ ਦੇ ਪੁੱਤਰ ਹਨ, ਤਿੰਨੇ ਤਿੰਨਾਂ ਗੁਣਾਂ ਦੇ ਪ੍ਰਤੀਨਿਧ ਹੋਣ ਕਰਕੇ ਤਿੰਨ ਕੰਮ—ਉਤਪਤੀ, ਪਾਲਣ-ਪੋਸਣ ਅਤੇ ਸੰਘਾਰ ਉਸ ਦੇ ਹੁਕਮ ਵਿਚ ਕਰ ਰਹੇ ਹਨ। ਇਕ ਨੂੰ ਰਜੋ ਗੁਣੀ, ਦੂਜੇ ਨੂੰ ਸਤੋ ਗੁਣੀ ਤੇ ਤੀਜੇ ਨੂੰ ਤਮੋ ਗੁਣੀ ਦੇਵਤਾ ਕਿਹਾ ਜਾਂਦਾ ਹੈ। ਇਹ ਤਿੰਨੇ ਗੁਣ ਮਾਇਆ ਦੇ ਹੀ ਹਨ:

**ਰਜ ਗੁਣ ਤਮ ਗੁਣ ਸਤ ਗੁਣ ਕਹੀਐ**
**ਇਹ ਤੇਰੀ ਸਭ ਮਾਇਆ ॥**

*(ਕਬੀਰ ਜੀ, ਅੰਗ ੧੧੨੩)*

ਮਾਇਆ ਦਾ ਪਤੀ ਇਹਨਾਂ ਨੂੰ ਵੇਖ ਰਿਹਾ ਹੈ ਪਰ ਉਹ ਇਹਨਾਂ ਨੂੰ ਨਜ਼ਰ ਨਹੀਂ ਆ ਰਿਹਾ। ਇਹ ਹੈਰਾਨੀ ਦੀ ਗੱਲ ਹੈ। ਉਹ ਨਜ਼ਰ ਆਵੇ ਵੀ ਕਿਵੇਂ? ਜੇ ਉਹ ਦੇਖਣ ਵਿਚ ਆ ਗਿਆ ਤਾਂ ਫਿਰ ਦ੍ਰਿਸ਼ ਬਣ ਗਿਆ। ਜੋ ਦ੍ਰਿਸ਼ ਹੈ, ਉਹ ਸਭ ਝੂਠ ਹੈ: 'ਦ੍ਰਿਸ਼ਟਮਾਨ ਹੈ ਸਗਲਿ ਮਥੇਨਾ॥' ਪਰ ਉਹ ਮਿਥਿਆ

ਨਹੀਂ ਹੈ, ਇਸੇ ਲਈ ਸੁਰਤੀ ਉਸ ਨੂੰ ਦ੍ਰਿਸ਼ਟਾ ਕਹਿੰਦੀ ਹੈ। ਗੁਰੂ ਨਾਨਕ ਦੇਵ ਜੀ 'ਦਾਨਾ' ਅਤੇ 'ਬੀਨਾ' ਆਦਿ ਆਖਦੇ ਹਨ। ਉਹ ਸਭ ਦਾ ਸਾਈਂ ਹੈ ਤੇ ਸਭ ਦਾ ਸਾਥੀ ਵੀ ਹੈ:

**ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥੧॥**

*(ਮਹਲਾ ੫, ਅੰਗ ੫੨੦)*

ਇਹੀ ਦ੍ਰਿਸ਼ਟਾ ਸਭ ਨਾਲੋਂ ਮਹਾਨ ਹੈ। ਇਸ ਨੂੰ ਕਿਸੇ ਨੇ ਬਣਾਇਆ ਨਹੀਂ। ਇਹ ਆਪੇ ਆਪ ਹਰ ਕਾਲ ਵਿਚ ਪੂਰੇ ਦਾ ਪੂਰਾ ਜਿਉਂ ਦਾ ਤਿਉਂ ਅਕਾਲ ਮੂਰਤਿ ਹੈ:

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

*(ਜਪੁਜੀ, ਅੰਗ ੧)*

ਸੱਚ ਸਰੂਪ ਦਾ ਅੰਤ ਹੋ ਨਹੀਂ ਸਕਦਾ, ਨਾ ਹੀ ਉਸ ਦਾ ਕੋਈ ਆਦਿ ਹੁੰਦਾ ਹੈ:

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥** *(ਚੌਪਈ, ਪਾਤਸ਼ਾਹੀ ੧੦)*

ਜਿਸ ਦਾ ਆਦਿ ਹੋਵੇਗਾ, ਉਸ ਦਾ ਅੰਤ ਹੋਣਾ ਵੀ ਲਾਜ਼ਮੀ ਹੈ। ਦੇਸ਼ ਵਿਚ ਰਹਿਣ ਵਾਲਿਆਂ ਨੇ ਕਾਲ ਨੂੰ ਤਿੰਨ ਭਾਗਾਂ ਵਿਚ ਵੰਡ ਰੱਖਿਆ ਹੈ। ਕਿਸੇ ਨੂੰ ਭੂਤਕਾਲ ਤੇ ਕਿਸੇ ਨੂੰ ਭਵਿੱਖਤ ਕਾਲ ਆਖਦੇ ਹਨ। ਭੂਤ ਭਵਿੱਖ ਤਾਂ ਕਾਲ ਦੀਆਂ ਲਹਿਰਾਂ ਹਨ। ਅਸਲ ਕਾਲ ਤਾਂ ਵਰਤਮਾਨ ਹੈ। ਵਰਤਮਾਨ ਹੀ ਸੱਚ ਹੈ, ਸੱਚ ਵਰਤਮਾਨ ਹੈ। ਇਹੀ ਕਾਰਨ ਹੈ ਸੱਚ ਦਾ ਸਰੂਪ ਯੁਗਾਂ-ਯੁਗਾਂ ਵਿਚ ਇਕ ਹੀ ਰਹਿੰਦਾ ਹੈ:

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥**
**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**

*(ਮਹਲਾ ੫, ਅੰਗ ੨੮੫)*

ਕਰਨ ਕਰਾਵਨਹਾਰ ਜੋ ਸਭ ਦਾ ਮੂਲ ਹੈ, ਸੱਚ ਸਰੂਪ ਹੋਣ ਕਰਕੇ ਅਕਾਲ ਮੂਰਤਿ ਹੈ। ਸੱਚ ਉੱਤੇ ਕਾਲ ਦਾ ਕੋਈ ਅਸਰ ਨਹੀਂ ਹੋ ਸਕਦਾ ਚਾਹੇ ਉਸ ਨੂੰ ਇਕੱਲਾ ਸੱਚ ਆਖੋ, ਚਾਹੇ ਰਹੱਸਮਈ ਸੱਚ ਕਹਿ ਲਵੋ। ਗੱਲ ਇਕ ਹੀ ਹੈ। ਸੱਚ ਦਾ ਸਰੂਪ ਇਕ ਹੋਣਾ, ਅਬਦਲ ਹੋਣਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ:

**ਕਾਲ ਰਹਿਤ ਅਨਕਾਲ ਸਰੂਪਾ** *(ਪਾਤਸ਼ਾਹੀ ੧੦)*

ਗੁਰੂ ਅਰਜਨ ਦੇਵ ਜੀ ਵੀ ਫ਼ੁਰਮਾਉਂਦੇ ਹਨ:

**ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ॥**

*(ਮਹਲਾ ੫, ਅੰਗ ੬੦੯)*

ਅਕਾਲ ਜਾਂ ਅਚਲ ਸਰੂਪ ਉਸੇ ਇਕ ਦਾ ਹੈ ਜਿਸ ਨੂੰ ਪਹਿਲਾਂ ਓਅੰਕਾਰ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ ਕਹਿ ਆਏ ਹਾਂ। ਉਸੇ ਨੂੰ ਹੁਣ ਅਕਾਲ ਮੂਰਤਿ ਆਖ ਕੇ ਜਣਾਇਆ ਹੈ। ਇਹ ਲੱਛਣ ਵੀ ਕੇਵਲ ਉਸੇ ਉੱਤੇ ਢੁਕਦਾ ਹੈ, ਉਸ ਦੀ ਕੀਤੀ ਰਚਨਾ ਮਾਇਆ ਜਾਂ ਕੁਦਰਤ ਉੱਤੇ ਨਹੀਂ ਢੁਕਦਾ। ਮਾਇਆ ਦਾ ਵੀ ਸੂਖਮ ਤੋਂ ਸੂਖਮ ਆਕਾਰ ਹੈ ਪਰ ਉਹ ਮਾਇਆ ਤੋਂ ਨਿਰਲੇਪ ਉਸ ਤੋਂ ਵੀ ਸੂਖ਼ਮ ਸਰੂਪ (ਮੂਰਤਿ) ਵਾਲਾ ਹੈ। ਮਾਇਆ ਦੀ ਕਾਇਆ ਹੈ, ਉਸ ਦਾ ਆਕਾਰ ਹੈ, ਪਰ ਨਿਰੰਕਾਰ ਦੀ ਕਾਇਆ ਨਹੀਂ ਹੈ ਪਰ ਉਸ ਦੀ ਹੋਂਦ ਹੈ ਅਤੇ ਉਹ ਆਕਾਰ ਤੋਂ ਬਿਨਾਂ ਹੈ।

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥**

*(ਮਹਲਾ ੧, ਅੰਗ ੪੬੬)*

ਆਕਾਰ-ਰਹਿਤ ਹੋਂਦ ਮਾਇਆ ਦੇ ਕਣ-ਕਣ ਵਿਚ ਆਸਣ ਜਮਾਈ ਬੈਠੀ ਆਪਣੀ ਮਾਇਆ ਨੂੰ ਆਪ ਵੇਖ ਰਹੀ ਹੈ:

**ਆਪੀਨੑੈ ਆਪੁ ਸਾਜਿਓ ਆਪੀਨੑੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**

*(ਮਹਲਾ ੧, ਅੰਗ ੪੬੩)*

ਇਸ ਅਕਾਲ ਮੂਰਤਿ ਨੂੰ ਜਿਸ ਨੇ ਅਨੁਭਵ ਵਿਚ ਲੈ ਆਂਦਾ, ਉਹ ਇਸੇ ਦਾ ਹੀ ਰੂਪ ਹੋ ਨਿੱਬੜਿਆ ਹੈ। ਕਾਲ ਦੇ ਜਾਲ ਵਿਚ ਫਸਾਉਣ ਵਾਲੇ ਪੰਜ ਗਿਆਨ ਇੰਦਰੇ—ਅੱਖਾਂ, ਨੱਕ, ਜੀਭਾ, ਕੰਨ ਤੇ ਤ੍ਵਚਾ ਹਨ ਤੇ ਇਹਨਾਂ ਦੇ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਹਨ। ਇਹ ਵਿਸ਼ੇ ਆਕਾਰ ਵਾਲੀਆਂ ਵਸਤਾਂ ਵਿਚ ਲਿਜਾ ਕੇ ਜੀਵ ਦੇ ਮਨ ਨੂੰ ਆਕਾਰਾਂ ਨਾਲ ਜੋੜ ਕੇ ਕਾਲ ਦਾ ਖਾਜਾ ਬਣਾਉਂਦੇ ਹਨ। ਕਾਲ ਤੋਂ ਬਚਣ ਲਈ ਕੇਵਲ ਅਕਾਲ ਮੂਰਤਿ ਦਾ ਚਿੰਤਨ ਸਫ਼ਲ ਸਾਧਨ ਹੈ:

**ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ॥**

*(ਮਹਲਾ ੩, ਅੰਗ ੫੬੯)*

ਗੁਰੂ ਨਾਨਕ ਦੇਵ ਜੀ ਇਸ ਕਾਲ ਤੋਂ ਬਚਣ ਦਾ ਸਾਧਨ ਗਉੜੀ ਰਾਗ ਦੀ ਅਸਟਪਦੀ ਵਿਚ ਦੱਸਦੇ ਹੋਏ ਲਿਖਦੇ ਹਨ:

**ਬੋਲਹਿ ਸਾਚੁ ਮਿਥਿਆ ਨਹੀ ਰਾਈ॥**
**ਚਾਲਹਿ ਗੁਰਮੁਖਿ ਹੁਕਮਿ ਰਜਾਈ॥**

ਰਹਹਿ ਅਤੀਤ ਸਚੇ ਸਰਣਾਈ ॥੧॥
ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥ *(ਮਹਲਾ ੧, ਅੰਗ ੨੨੭)*

ਗੁਰੂ ਦੇ ਹੁਕਮ ਵਿਚ ਚੱਲਣ ਵਾਲਾ ਗੁਰਮੁਖ ਹੈ ਅਤੇ ਮਨ ਦੇ ਆਖੇ ਲੱਗ ਕੇ ਤੁਰਨ ਵਾਲਾ ਮਨਮੁਖ ਹੈ। ਗੁਰਮੁਖ ਬਣ ਕੇ ਸੱਚ ਬੋਲੇ ਤੇ ਰਾਈ ਭਰ ਵੀ ਝੂਠ ਨਾ ਬੋਲੇ ਅਤੇ ਵਾਹਿਗੁਰੂ ਦੇ ਹੁਕਮ ਵਿਚ ਚੱਲੇ। ਇਉਂ ਹੁਕਮ ਵਿਚ ਚੱਲ ਕੇ ਅਤੀਤ ਭਾਵ ਨਿਰਲੇਪ ਹੋ ਕੇ ਰਹਿਣੀ ਕਰੇ 'ਜਿਉ ਕਮਲ ਰਹੈ ਵਿਚ ਪਾਣੀ ਹੇ'।ਸ਼ਰਣ ਕਿਸੇ ਆਕਾਰ ਵਾਲੇ ਦੀ ਨਾ ਲਵੇ, ਸਗੋਂ ਅਕਾਲ ਮੂਰਤਿ ਸੱਚੇ ਦੀ ਸ਼ਰਨ ਵਿਚ ਆਵੇ। ਇਸ ਦਾ ਫ਼ਲ ਇਹ ਹੋਵੇਗਾ ਕਿ ਉਹ ਸੱਚ ਦੇ ਘਰ ਵਿਚ ਆ ਜਾਵੇਗਾ, ਜਿਥੇ ਕਾਲ ਉਸ ਨੂੰ ਵੇਖ ਵੀ ਨਹੀਂ ਸਕਦਾ। ਪਰ ਜੋ ਮਨਮੁਖ ਹੈ, ਉਸ ਨੂੰ ਕਾਲ ਮਾਰੇਗਾ, ਉਹ ਫਿਰ ਜਨਮ ਲਵੇਗਾ। ਇਸ ਪ੍ਰਕਾਰ ਉਸ ਨੂੰ ਸੰਸਾਰ ਵਿਚ ਆਉਣ-ਜਾਣ ਦਾ ਦੁੱਖ ਮੋਹ ਦੇ ਕਾਰਨ ਸਹਿਣਾ ਹੀ ਪੈਣਾ ਹੈ। ਸਭ ਤੋਂ ਵੱਡਾ ਦੁੱਖ ਕਾਲ (ਮੌਤ) ਦਾ ਉਸ ਨੂੰ ਭੈਅ ਵਿਚ ਹੀ ਰੱਖੇਗਾ, ਨਿਰਭੈ ਪਦਵੀ ਪ੍ਰਾਪਤ ਨਹੀਂ ਹੋਵੇਗੀ। ਸਾਧਨ ਪੱਖੋਂ ਅਕਾਲ ਮੂਰਤਿ ਦਾ ਸਿਮਰਨ ਨਿਰਭੈ ਬਣਾਵੇਗਾ। ਅਕਾਲ ਮੂਰਤਿ ਕਹਿ ਕੇ ਗੁਰੂ ਨਾਨਕ ਦੇਵ ਜੀ ਨੇ ਇਕ ਪ੍ਰਭੂ ਨਾਲ ਜੋੜ ਕੇ ਜਗਿਆਸੂ ਦੀ ਭੇਦ-ਭਾਵ ਵਾਲੀ ਬਿਰਤੀ ਖ਼ਤਮ ਕਰ ਦਿੱਤੀ ਹੈ। ਜਿਸ ਦੇ ਹੁੰਦਿਆਂ ਸਤਿ ਸਰੂਪ ਦੀ ਸੋਝੀ ਹੋ ਹੀ ਨਹੀਂ ਸਕਦੀ:

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
*(ਮਹਲਾ ੫, ਅੰਗ ੨੮੫)*

ਸਤਿ ਸਰੂਪ ਕਹਿ ਲਵੋ ਜਾਂ ਅਕਾਲ ਮੂਰਤਿ ਕਹੋ, ਗੱਲ ਇਕੋ ਹੀ ਹੈ। ਇਸੇ ਲਈ ਅਕਾਲ ਮੂਰਤਿ ਵੀ ੴ ਦਾ ਸਰੂਪ ਲੱਛਣ ਹੈ। ਜੋ ਕੇਵਲ ਉਸੇ ਉੱਤੇ ਢੁਕਦਾ ਹੈ ਕਿਸੇ ਹੋਰਸ 'ਤੇ ਨਹੀਂ ਘਟਦਾ। ਇਸ ਪਦ ਦਾ ਚਿੰਤਨ ਕੀਤਿਆਂ ਇਸੇ ਦਾ ਹੀ ਸਰੂਪ ਹੋ ਜਾਣਾ ਫ਼ਲ ਦੀ ਪ੍ਰਾਪਤੀ ਹੈ:

ਜੈਸਾ ਸੇਵੈ ਤੈਸਾ ਹੋਇ ॥ *(ਮਹਲਾ ੧, ਅੰਗ ੨੨੪)*

ਮਾਝ ਰਾਗ ਵਿਚ ਗੁਰੂ ਅਰਜਨ ਦੇਵ ਜੀ ਵੀ ਫ਼ੁਰਮਾਉਂਦੇ ਹਨ:

ਦੁਖ ਭੰਜਨ ਨਿਧਾਨ ਅਮੋਲੇ ॥
ਨਿਰਭਉ ਨਿਰਵੈਰ ਅਥਾਹ ਅਤੋਲੇ ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥
*(ਮਾਝ ਮਹਲਾ ੫, ਅੰਗ ੯੯)*

ਸੋ ਅਕਾਲ ਮੂਰਤਿ ਨੂੰ ਸਿਮਰ ਕੇ ਮਨ ਨਿਰਭਉ, ਨਿਰਵੈਰ ਤੇ ਸ਼ਾਂਤ ਠੰਡਾ ਹੋ ਜਾਵੇਗਾ। ਅਕਾਲ ਸਰੂਪ ਹੀ ਸਾਡਾ ਆਪਾ ਹੈ। ਉਹ ਨਿਰੰਕਾਰ ਹੈ। ਨਿਰ-ਆਕਾਰ ਆਕਾਰ ਨੂੰ ਦੇਖਦਾ ਹੈ, ਇਸ ਨੂੰ ਵਧੇਰੇ ਸਮਝਣ ਲਈ ਦ੍ਰਿਸ਼ ਅਤੇ ਦ੍ਰਿਸ਼ਟਾ ਨੂੰ ਸਮਝੋ। ਦ੍ਰਿਸ਼ ਵੇਖਣ ਵਾਲੇ ਨੂੰ ਸਾਹਮਣੇ ਨਜ਼ਰ ਆ ਰਿਹਾ ਹੈ ਪਰ ਵੇਖਣ ਵਾਲੇ ਨੂੰ ਕੋਈ ਵੇਖ ਨਹੀਂ ਸਕਦਾ। ਪਰ ਭੋਲੇ ਹੀ ਕਹਿ ਸਕਦੇ ਹਨ ਕਿ ਮੈਨੂੰ ਵੇਖਣ ਵਾਲਾ ਦਿਸਦਾ ਹੈ। ਵਾਸਤਵ ਵਿਚ ਉਸ ਨੂੰ ਕੋਈ ਸਰੀਰ (ਆਕਾਰ) ਹੀ ਦਿੱਸ ਰਿਹਾ ਹੈ, ਨਿਰ-ਆਕਾਰ ਦ੍ਰਿਸ਼ਟਾ ਨਹੀਂ ਦਿੱਸਦਾ। ਉਸ ਨੂੰ ਅੱਜ ਤਕ ਕਿਸੇ ਨੇ ਵੇਖਿਆ ਨਹੀਂ, ਉਹੀ ਸਭ ਨੂੰ ਵੇਖ ਰਿਹਾ ਹੈ। ਦ੍ਰਿਸ਼ ਨੂੰ ਪਤਾ ਨਹੀਂ ਕਦੋਂ ਦਾ ਦੇਖ ਰਿਹਾ ਹੈ। ਜੋ ਦ੍ਰਿਸ਼ਟੀ ਗੋਚਰਾ ਹੈ, ਉਹ ਨਾਸ਼ਵੰਤ ਹੈ ਪਰ ਵੇਖਣ ਵਾਲਾ ਅਬਿਨਾਸ਼ੀ ਹੈ:

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਦੀ ਛਾਹੀ॥**

*(ਸਾਰੰਗ ਮਹਲਾ ੯, ਅੰਗ ੧੨੩੧)*

**ਦ੍ਰਿਸਟਿਮਾਨ ਹੈ ਸਗਲ ਮਥੇਨਾ॥** *(ਮਹਲਾ ੫, ਅੰਗ ੧੦੮੩)*

ਅਬਿਨਾਸ਼ੀ ਹੋਣ ਕਰਕੇ ਹੀ ਉਸ ਨੂੰ ਅਕਾਲ ਮੂਰਤਿ ਕਿਹਾ ਹੈ। ਅਕਾਲ ਮੂਰਤਿ ਇਕ ਹੀ ਹੈ। ਸੱਚ ਇਕ ਹੀ ਹੁੰਦਾ ਹੈ। ਸੱਚ ਹੀ ਅਬਿਨਾਸ਼ੀ ਅਤੇ ਅਬਦਲ ਹੈ, ਸੱਚ ਦੀ ਹੋਂਦ ਹੈ। ਅਕਾਲ ਮੂਰਤਿ ਕਹਿ ਕੇ ਉਸ ਇਕ ਨੂੰ ਜਣਾਇਆ ਹੈ, ਕਿਸੇ ਦੂਜੇ ਨੂੰ ਨਹੀਂ। ਇਸ ਲਈ ਅਕਾਲ ਮੂਰਤਿ ਵੀ ੧ੴ ਦਾ ਸਰੂਪ ਹੈ।

# ਅਜੂਨੀ

'ਅਜੂਨੀ' ਉਤਪਨ ਸ਼ਬਦ ਹੈ। 'ਅ' ਅਗੇਤਰ ਅਤੇ 'ਜੂਨੀ' ਮੂਲ ਸ਼ਬਦ ਹੈ। ਇਸ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਵਿਚ 'ਅਯੋਨਿ' ਹੈ ਜਿਸ ਦੇ ਅਰਥ ਕੋਸ਼ ਅਨੁਸਾਰ 'ਕਾਰਨ ਰਹਿਤ ਹੋਂਦ' ਹੈ। 'ਯੋਨੀ' ਪੈਦਾ ਹੋਣ ਦਾ ਕਾਰਨ ਹੈ। ਪ੍ਰਭੂ ਦੀ ਸ੍ਰਿਸ਼ਟੀ ਦਾ ਕਾਰਨ ਮਾਇਆ, ਅਵਿਦਿਆ ਜਾਂ ਭਰਮ ਹੈ। ਮਾਇਆ ਦੇ ਮੂਲ ਤੱਤ ਤਿੰਨ ਗੁਣ ਹਨ। ਤਿੰਨ ਗੁਣਾਂ ਤੋਂ ਪੰਜ ਤੱਤ—ਅੱਗ, ਪਾਣੀ, ਧਰਤੀ, ਹਵਾ ਤੇ ਆਕਾਸ਼ ਹਨ। ਇਹਨਾਂ ਤੱਤਾਂ ਦੇ ਮੇਲ ਨਾਲ ਚਾਰ ਕਾਰਨਾਂ ਕਰਕੇ ਜੀਵਾਂ ਦੀ ਉਤਪਤੀ ਮੰਨੀ ਹੈ। ਉਹ ਕਾਰਨ ਹਨ—ਅੰਡਜ, ਜੇਰਜ, ਸੇਤਜ,

ਉਤਭੁਜ। ਇਹਨਾਂ ਨੂੰ ਚਾਰ ਖਾਣੀਆਂ ਵੀ ਕਿਹਾ ਜਾਂਦਾ ਹੈ। ਰਚਨਾ ਦਾ ਸਥੂਲ ਅਤੇ ਸੂਖ਼ਮ ਰੂਪ ਸਭ ਮਾਇਆ ਦਾ ਖਿਲਾਰਾ ਹੀ ਹੈ। ਗੀਤਾ ਦੇ ਤੇਰ੍ਹਵੇਂ ਅਧਿਆਇ ਦੇ ਸਲੋਕ ਵਿਚ ਭਗਵਾਨ ਕ੍ਰਿਸ਼ਨ ਜੀ ਨੇ ਇਸ ਖਿਲਾਰੇ ਨੂੰ 'ਸ਼ੇਤਰ' (ਖੇਤ) ਕਿਹਾ ਹੈ :

**ਸ਼ੇਤਰਗਿਅਮ ਚਾ ਅਪੀ ਮਾਮ ਵਿਧੀ ਸਰਬ ਸ਼ੇਤਰਸੂ ਭਾਰਤ।**
**ਸ਼ੇਤਰ ਸ਼ੇਤਰਗਿਓਰ ਗਿਆਨੰ ਯਤ ਤੱਤ ਗਿਆਨਮ ਮਤਮ ਮਮ।**

ਅਰਥਾਤ—ਐਰ ਹੇ ਅਰਜਨ ! ਤੂੰ ਸਾਰਿਆਂ ਸ਼ੇਤਰਾਂ (ਖੇਤਾਂ) ਵਿਚ ਸ਼ੇਤਰਗ (ਸ਼ੇਤਰਵਾਲਾ, ਜੀਵ ਆਤਮਾ) ਮੈਨੂੰ ਹੀ ਜਾਣ ਅਤੇ ਸ਼ੇਤਰ ਸ਼ੇਤਰਗ (ਵਿਕਾਰ ਸਹਿਤ ਪ੍ਰਕਿਰ਼ਤੀ ਦਾ ਅਤੇ ਪੁਰਸ਼ ਦਾ) ਜੋ ਤੱਤਦ ਨਾਲ ਜਾਣਨਾ ਹੈ, ਉਹੀ ਗਿਆਨ ਹੈ, ਅਜਿਹਾ ਮੇਰਾ ਮਤ ਹੈ।

ਮਾਇਆ ਦਾ ਖਿਲਾਰਾ ਖੇਤਰ (ਖੇਤ) ਹੈ। ਜੀਵ ਦੀ ਦੇਹ (ਬਦਨ ਜਾਂ ਸਰੀਰ) ਨੂੰ ਗੁਰਬਾਣੀ ਵਿਚ ਵੀ ਖੇਤ ਹੀ ਕਿਹਾ ਹੈ :

**ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥**

*(ਮਹਲਾ ੩, ਅੰਗ ੧੪੧੭)*

SIKHBOOKCLUB.COM

ਖੇਤ ਸਰੀਰ ਵਿਚ (ਜੀਵ) ਜੋ ਕਰਮ ਦਾ ਬੀਜ ਬੀਜਦੇ ਹਨ, ਉਸ ਦਾ ਲੇਖਾ ਦੇਣ ਲਈ ਸਭ ਧਰਮ ਰਾਜ ਦੀ ਕਚਹਿਰੀ ਵਿਚ ਜਾਂਦੇ ਹਨ। ਇਸ ਪ੍ਰਕਾਰ 'ਅਬ ਕੀ ਬਾਰ ਬਖਸ ਬੰਦੇ ਕਉ ਬਹੁਰਿ ਨਾ ਭਵਜਲੁ ਫੇਰਾ' ਤੋਂ ਬਚਣ ਲਈ 'ਖੇਤ ਹੀ ਕਰੋ ਨਿਬੇਰਾ' ਦੀ ਜੋਦੜੀ ਹੈ। ਸੋ ਖੇਤ ਸਭ ਵਿਕਾਰਾਂ ਸਹਿਤ ਪ੍ਰਕਿਰਤੀ ਹੀ ਹੈ। ਖੇਤ ਦਾ ਮਾਲਕ (ਮਾਇਆ-ਪਤੀ) ਖੇਤਰਗ ਹੈ। ਵਿਵੇਕ ਬੁੱਧੀ ਵਾਲੇ ਪੁਰਖ ਤਾਂ ਪ੍ਰਕਿਰਤੀ ਦਾ ਨਿਖੇੜਾ ਕਰ ਲੈਂਦੇ ਹਨ। ਉਹ ਦੇਹ ਨੂੰ ਦੇਹੀ ਤੋਂ ਅਲੱਗ ਜਾਣ ਕੇ ਤੱਤਵੇਤਾ ਹੋ, ਪ੍ਰਕਿਰਤੀ ਦੀ ਖੇਡ ਵੇਖਦੇ ਹਨ, ਆਪ ਇਸ ਤੋਂ ਅਸੰਗ ਹੋ ਰਹਿੰਦੇ ਹਨ :

**ਮੈਂ ਹੂੰ ਪਰਮ ਪੁਰਖ ਕੋ ਦਾਸਾ॥**
**ਦੇਖਣ ਆਇਉ ਜਗਤ ਤਮਾਸਾ॥**
**ਜੋ ਮੁਝ ਕਉ ਪਰਮੇਸਰ ਉਚਰ ਹੈ॥**
**ਤੇ ਸਭ ਨਰਕ ਕੁੰਟ ਮੈਂ ਪਰ ਹੈ॥** *(ਬਚਿਤ੍ਰ ਨਾਟਕ, ਪਾਤਸਾਹੀ ੧੦)*

ਇਥੇ 'ਮੈਂ' ਤੇ 'ਮੁਝ' ਦੇਹੀ ਸਮੇਤ ਹੈ। ਜਿਸ ਦੇਹ ਨੂੰ ਲੋਕ ਗੁਰੂ ਗੋਬਿੰਦ ਸਿੰਘ ਕਹਿੰਦੇ ਹਨ, ਪਰ ਗੁਰੂ ਤਾਂ ਦੇਹ ਤੋਂ ਰਹਿਤ ਜੋਤਿ ਹੈ। 'ਜੋਤਿ ਰੂਪਿ ਹਰਿ ਆਪ ਗੁਰੂ ਨਾਨਕ ਕਹਾਇਉ।' ਲੋਕਾਂ ਦਾ ਕਹਿਣਾ ਗਿਆਨ ਸਹਿਤ ਨਹੀਂ

ਸਗੋਂ ਜੀਵ ਬਣ ਕੇ ਕਹਿਣਾ ਹੈ। ਅਗਿਆਨੀ ਜੀਵ ਦੇਹ ਨੂੰ ਰੱਬ ਮੰਨ ਕੇ ਉਸ ਦੇ ਬੁੱਤ ਬਣਾ ਲਿਆ ਕਰਦੇ ਹਨ। ਇਸੇ ਕਾਰਨ ਅਸਲੀ ਪ੍ਰਭੂ ਬੁੱਤ ਦੇ ਪਰਦੇ ਪਿੱਛੇ ਲੁਕ ਜਾਂਦਾ ਹੈ। ਇਸ ਭੁਲੇਖੇ ਨੂੰ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ:

**ਬਿਨ ਕਰਤਾਰ ਨ ਕਿਰਤਮ ਮਾਨੋ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨ॥**

*(ਪਾਤਸ਼ਾਹੀ ੧੦)*

ਕਰਤਾਰ ਕਿਰਤ ਨਹੀਂ, ਉਹ ਆਪਣੀ ਕਿਰਤ ਦਾ ਕਾਰਨ ਹੈ। 'ਕਰਨ ਕਾਰਨ ਸਮਰਥ ਪ੍ਰਭ ਹੈ ਭੀ ਹੋਵਣਹਾਰ॥' ਕਰਤਾਰ ਸਦੀਵੀ ਸੱਚ ਵੀ ਹੈ ਅਤੇ ਕਾਰਨ ਰਹਿਤ ਵੀ ਹੈ, ਨਾਲ ਇਕ ਵੀ ਹੈ:

**ਏਕਮ ਏਕੰਕਾਰੁ ਨਿਰਾਲਾ॥**
**ਅਮਰੁ ਅਜੋਨੀ ਜਾਤਿ ਨ ਜਾਲਾ॥**
**ਅਗਮ ਅਗੋਚਰੁ ਰੂਪੁ ਨ ਰੇਖਿਆ॥**
**ਖੋਜਤ ਖੋਜਤ ਘਟਿ ਘਟਿ ਦੇਖਿਆ॥** *(ਮਹਲਾ ੧, ਅੰਗ ੮੩੮)*

ਉਹ ਇਕ ਓਅੰਕਾਰ ਮਾਇਆ ਤੋਂ ਭਿੰਨ ਘਟਿ-ਘਟਿ ਵਿਚ ਹੈ ਪਰ ਪਤਾ ਖੋਜੀਆਂ ਨੂੰ, ਸੰਤਾਂ ਨੂੰ ਹੀ ਹੈ:

SIKHBOOKCLUB.COM

**ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥**
**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥**

*(ਸਲੋਕ ਮਹਲਾ ੯, ਅੰਗ ੧੪੨੭)*

ਕਈ ਪ੍ਰਭੂ ਨੂੰ ਠਾਕੁਰ ਕਹਿੰਦੇ ਹਨ ਅਤੇ ਠਾਕੁਰਾਂ ਦੀ ਪੂਜਾ ਖ਼ਾਸ ਕਿਸਮ ਦੇ ਵੱਟੇ ਲੈ ਕੇ ਕਰਦੇ ਹਨ। ਪਰ ਗੁਰੂ ਜੀ ਠਾਕੁਰ ਵੀ ਇਸੇ ਅਜੂਨੀ ਨੂੰ ਹੀ ਕਹਿੰਦੇ ਹਨ:

ਘਰ ਮਹਿ ਠਾਕੁਰੁ ਨਦਰਿ ਨ ਆਵੈ॥
ਗਲ ਮਹਿ ਪਾਹਣੁ ਲੈ ਲਟਕਾਵੈ॥੧॥
ਭਰਮੇ ਭੂਲਾ ਸਾਕਤੁ ਫਿਰਤਾ॥
ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥
ਓਹੁ ਪਾਹਣੁ ਲੈ ਉਸ ਕਉ ਡੁਬਤਾ॥੨॥ *(ਸੂਹੀ ਮਹਲਾ ੫, ਅੰਗ ੭੩੮)*

ਗੀਤਾ ਅਨੁਸਾਰ ਵੀ ਸਾਰੇ ਸ਼ੇਤਰਾਂ ਵਿਚ ਸ਼ੇਤਰਗ ਇਕੋ ਹੀ ਹੈ, ਜਿਸ ਨੂੰ 'ਸਰਬ ਸ਼ੇਤਰਸ਼ੂ ਭਾਰਤ' ਕਹਿ ਕੇ ਦਰਸਾਇਆ ਹੈ। ਸ਼ੇਤਰ ਦਾ ਕਾਰਨ ਹੈ ਇਸੇ

ਲਈ ਉਹ ਯੋਨੀ ਹੈ ਪਰ 'ਸ਼ੇਤਰਗ' ਦਾ ਕੋਈ ਕਾਰਨ ਨਹੀਂ, ਇਸ ਵਾਸਤੇ ਉਹ ਅਯੋਨਿ ਹੈ।

ਭੈਰਉ ਰਾਗ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ: 'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ॥' ਉਹ ਮੂੰਹ ਵੀ ਸੜ ਜਾਵੇ ਜਿਹੜਾ ਕਹਿੰਦਾ ਹੈ ਕਿ ਠਾਕੁਰ ਯੋਨੀ ਦੁਆਰਾ ਜਨਮ ਲੈਂਦਾ ਹੈ। ਜੋ ਜਨਮੇਗਾ ਉਹ ਅਵੱਸ਼ ਹੀ ਮਰੇਗਾ। ਇਸੇ ਲਈ ਗੁਰਬਾਣੀ ਅਨੁਸਾਰ ਗੁਰੂ ਨਾਨਕ ਮਤ ਵਿਚ ਨਾਨਕ ਦਾ ਪ੍ਰਭੂ ਨਾ ਹੀ ਜਨਮ ਲੈਂਦਾ ਹੈ ਤੇ ਨਾ ਹੀ ਮਰਦਾ ਹੈ। ਉਹ ਤਾਂ ਹਰ ਥਾਂ ਵਿਆਪਕ ਹੈ:

**ਜਨਮ ਨ ਮਰੈ ਨ ਆਵੈ ਨ ਜਾਇ॥**
**ਨਾਨਕ ਕਾ ਪ੍ਰਭੁ ਰਹਿਓ ਸਮਾਇ॥** *(ਮਹਲਾ ੫, ਅੰਗ ੧੧੩੮)*

ਨਾਰਾਇਣ ਜਨਮ-ਮਰਨ ਤੋਂ ਰਹਿਤ ਹੈ:

**ਜਨਮ ਮਰਣ ਤੇ ਰਹਤ ਨਾਰਾਇਣ॥** *(ਮਹਲਾ ੫, ਅੰਗ ੧੧੩੯)*

ਅਜੂਨੀ ਕਹਿਣ ਤੋਂ ਗੁਰੂ ਨਾਨਕ ਸਾਹਿਬ ਦਾ ਭਾਵ ਸਪੱਸ਼ਟ ਹੈ ਕਿ ਪ੍ਰਭੂ ਕੋਈ ਗਿਣਤੀ-ਮਿਣਤੀ ਦੀ ਕਲਾ ਲੈ ਕੇ ਅਵਤਾਰ ਨਹੀਂ ਧਾਰਦਾ, ਉਹ ਜਨਮ ਨਹੀਂ ਲੈਂਦਾ ਸਗੋਂ ਜੀਵਾਂ ਦੇ ਦਿਲਾਂ ਵਿਚੋਂ ਅਗਿਆਨ ਦਾ ਹਨੇਰਾ ਦੂਰ ਕਰਨ ਹਿਤ ਪ੍ਰਗਟ ਹੁੰਦਾ ਹੈ:

SIKHBOOKCLUB.COM

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥**
*(ਭਾਈ ਗੁਰਦਾਸ ਜੀ)*

ਅਜੂਨੀ ਪ੍ਰਭੂ ਹੀ ਸਤਿਗੁਰੂ ਅਖਵਾਉਂਦਾ ਹੈ। ਉਹ ਸਰਬ-ਸ਼ਕਤੀਮਾਨ ਹੈ। ਸਾਰੇ ਜੀਵਾਂ ਵਿਚ ਉਸੇ ਦੀ ਜੋਤਿ ਹੈ। ਇਹ ਜੋਤੀ ਕੋਈ ਭੌਤਿਕ ਜੋਤੀ ਨਹੀਂ ਹੁੰਦੀ, ਜਿਸ ਨੂੰ ਕਦੇ ਬੁਝਾਇਆ ਜਾਂ ਜਗਾਇਆ ਜਾਂਦਾ ਹੈ ਸਗੋਂ ਇਹ ਤਾਂ ਜਾਗਤ ਜੋਤਿ ਹੈ:

**ਜਾਗਤ ਜੋਤਿ ਜਪੈ ਨਿਸ ਬਾਸਰ**
**ਏਕ ਬਿਨਾ ਮਨ ਨੈਕ ਨ ਆਨੈ॥...**
**ਪੂਰਨ ਜੋਤਿ ਜਗੈ ਘਟ ਮੈ**
**ਤਬ ਖਾਲਸਾ ਤਾਹਿ ਨਿਖਾਲਸ ਜਾਨੈ॥** *(ਪਾਤਸਾਹੀ ੧੦)*

ਜਿਸ ਨੇ ਇਸ ਗੁਪਤ ਜੋਤੀ ਨੂੰ ਪ੍ਰਗਟ ਕਰ ਲਿਆ, ਉਹ ਖ਼ਾਲਸਾ ਹੈ। ਪਰ ਇਹ ਜੋਤੀ ਸਤਿਗੁਰੂ ਤੋਂ ਬਿਨਾਂ ਪ੍ਰਗਟ ਨਹੀਂ ਹੋ ਸਕਦੀ, ਇਹ ਗੁਰੂ ਨਾਨਕ ਦਾ ਮਤ ਹੈ। 'ਸਿੱਖ' ਹੈ ਹੀ ਕਿਸੇ ਗੁਰੂ ਦਾ। ਗੁਰੂ ਤੋਂ ਬਿਨਾਂ ਸ਼ਿਸ਼ (ਸਿੱਖ) ਹੋ

ਨਹੀਂ ਸਕਦਾ। ਇਹੀ ਜੋਤਿ ਅਜੂਨੀ ਹੈ ਜਿਸ ਨੂੰ ਗੁਰੂ ਦੀ ਗਵਾਹੀ ਨਾਲ ਸਿੱਖ ਨੇ ਪ੍ਰਗਟ ਕਰਨਾ ਹੈ:

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

*(ਮਹਲਾ ੧, ਅੰਗ ੧੩)*

ਜਿਸ ਗੁਰੂ ਨੇ ਇਹ ਜੋਤਿ ਪ੍ਰਗਟ ਕਰਨੀ ਹੈ, ਉਹ ਕਦੇ ਮਰਿਆ ਨਹੀਂ ਨਾ ਹੀ ਕਿਤੇ ਗਿਆ ਹੈ। ਉਹ ਗੁਰੂ ਤਾਂ ਸਿੱਖ ਦੇ ਸਦਾ ਅੰਗ-ਸੰਗ ਹੈ:

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥** *(ਮਹਲਾ ੫, ਅੰਗ ੩੯੪)*

'ਅਜੂਨੀ' ਹੀ ਆਦਿ ਕਾਲ ਤੋਂ ਗੁਰੂ ਹੈ। ਉਸ 'ਅਜੂਨੀ' ਦਾ ਗਿਆਨ ਉਸੇ ਦੀ ਬਾਣੀ ਦੁਆਰਾ ਹੁੰਦਾ ਹੈ। ਗਿਆਨ ਸਰੂਪ ਤੋਂ ਗਿਆਨ ਵੱਖ ਨਹੀਂ, ਦੋਵੇਂ ਓਤ-ਪੋਤ ਹਨ। ਇਸੇ ਲਈ ਫ਼ੁਰਮਾਨ ਹੈ:

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**

SIKHBOOKCLUB.COM

*(ਮਹਲਾ ੪, ਅੰਗ ੯੮੨)*

'ਅਜੂਨੀ' ਆਦਿ ਕਾਲ ਤੋਂ ਗੁਰੂ ਹੋਣ ਕਰਕੇ ਗੁਰਬਾਣੀ ਅਨੁਸਾਰ ਗੁਰੂ ਤੇ ਪਰਮੇਸ਼ਰ ਦੋ ਨਹੀਂ, ਇਕ ਹੀ ਹੈ:

**ਗੁਰੁ ਪਰਮੇਸਰੁ ਏਕੋ ਜਾਣੁ॥**
**ਜੋ ਤਿਸੁ ਭਾਵੈ ਸੋ ਪਰਵਾਣੁ॥** *(ਮਹਲਾ ੫, ਅੰਗ ੮੬੪)*

'ਅਜੂਨੀ' ਆਖ ਕੇ ਗੁਰੂ ਨਾਨਕ ਸਾਹਿਬ ਨੇ ਆਪਣੇ ਪ੍ਰਭੂ ਦਾ ਹੀ ਸਰੂਪ ਨਿਰੂਪਣ ਕੀਤਾ ਹੈ। ਇਸ ਨੂੰ ਭਲੀ-ਭਾਂਤ ਜਾਣ ਲੈਣ 'ਤੇ ਕਦੇ ਕੋਈ ਭੁਲੇਖਾ ਨਹੀਂ ਪੈ ਸਕਦਾ। ਸਾਧਨਾ ਪੱਖ ਤੋਂ ਸਾਧਕ ਨੂੰ 'ਅਜੂਨੀ' ਦਾ ਚਿੰਤਨ ਅਜੂਨੀ ਹੀ ਬਣਾ ਦੇਵੇਗਾ। ਇਸ ਪਦ ਦਾ ਚਿੰਤਨ ਕਰਨ ਵਾਲਾ ਗੁਰਮੁਖ ਹੈ ਕਿਉਂਜੋ ਉਹ ਗੁਰੂ ਦੇ ਬੋਲ ਨੂੰ ਮੁੱਖ ਰੱਖਦਾ ਹੈ। ਆਪਣੇ ਮਨ ਦੀਆਂ ਗਿੱਟੀਆਂ-ਮਿਟੀਆਂ ਵਿਚ ਨਹੀਂ ਪੈਂਦਾ। ਇਹੀ ਗੁਰਮੁਖ ਅਤੇ ਮਨਮੁਖ ਦਾ ਫ਼ਰਕ ਹੈ। ਅਜਿਹਾ ਗੁਰਮੁਖ 'ਅਜੂਨੀ' ਪਦ ਦੇ ਚਿੰਤਨ ਨਾਲ ਨਿਹਕਲੰਕ ਵੀ ਹੋ ਜਾਂਦਾ ਹੈ। ਇਹ ਪਦ ਕਲੰਕ ਦੀ ਮੈਲ ਉਤਾਰ ਦਿੰਦਾ ਹੈ:

**ਗੁਰਮੁਖਿ ਆਵੈ ਜਾਇ ਨਿਸੰਗੁ॥**
**ਪਰਹਰਿ ਮੈਲੁ ਜਲਾਇ ਕਲੰਕੁ॥** *(ਮਹਲਾ ੧, ਅੰਗ ੯੩੨)*

'ਅਜੂਨੀ' ਪਦ ਜੋਤਿ ਹੈ। ਇਸ ਪਦ ਨੂੰ ਪ੍ਰਾਪਤ ਕਰ ਕੇ ਹੀ ਪੂਰਨ ਪਦ ਮਿਲਦਾ ਹੈ। ਇਹ ਪਦ ਮਨ ਬੁੱਧੀ ਤੋਂ ਪਰੇ ਅਧਿਆਤਮਕ ਪਦ ਹੈ। ਇਸ ਅਵਸਥਾ ਨੂੰ ਆਤਮ-ਰਸੀਆ ਹੀ ਪ੍ਰਾਪਤ ਕਰਦਾ ਹੈ। ਇਸ ਆਤਮ-ਰਸੀਏ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਕਿਹਾ ਹੈ :

**ਆਤਮ ਰਸ ਜਿਹ ਜਾਨਿਆ ਸੋਈ ਖਾਲਸਾ ਦੇਵ ॥**
**ਪ੍ਰਭ ਮੈ ਮੋਹਿ ਮੈ ਤਾਸ ਮੈ ਰੰਚਿਕ ਨਾਹੀ ਭੇਦ ॥**

ਇਹ ਖ਼ਾਲਸਾ ਵਾਹਿਗੁਰੂ ਦਾ ਹੋ ਜਾਂਦਾ ਹੈ ਅਤੇ ਜਨਮ ਮਰਨ ਵਿਚ ਨਹੀਂ ਆਉਂਦਾ :

**ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥**
*(ਮਹਲਾ ੫, ਅੰਗ ੭੪੯)*

ਇਹ 'ਅਜੂਨੀ' ਪਦ ਪੂਰਨ ਗਿਆਨ ਦਾ ਪਦ ਹੈ, ਜਿਥੇ ਜਰਾ ਮਰਾ ਤੇ ਨਾ ਹੀ ਬੁਢਾਪਾ ਹੈ। ਇਹ ਪੂਰਨ ਗਿਆਨ ਅਤੇ ਬੰਧਨ ਮੁਕਤ ਪਦ ਹੈ :

**ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ॥**
*(ਮਹਲਾ ੧, ਅੰਗ ੧੪੧੮)*

ਇਸ ਤੋਂ ਉਪਰ ਕੋਈ ਹੋਰ ਕਹਿਣ ਦੀ ਗੱਲ ਨਹੀਂ ਰਹਿ ਜਾਂਦੀ :

SIKHBOOKCLUB.COM

**ਇਸ ਤੇ ਊਪਰਿ ਨਹੀ ਬੀਚਾਰੁ ॥**
**ਜਾ ਕੈ ਮਨਿ ਬਸਿਆ ਨਿਰੰਕਾਰੁ ॥** *ਮਹਲਾ ੧, ਅੰਗ ੨੯੨)*

## ਸੈਭੰ

'ਸੈਭੰ' ਦੋ ਮੂਲ ਸ਼ਬਦਾਂ 'ਸੈ' (ਸ੍ਵੈ) ਅਤੇ 'ਭੰ' ਦਾ ਸੁਮੇਲ ਹੈ। ਸੰਸਕ੍ਰਿਤ ਵਿਚ ਸ੍ਵੈ ਤੇ ਇਸ ਦਾ ਪੰਜਾਬੀ ਰੂਪ 'ਸੈ' ਹੈ। ਸ੍ਵੈ ਦਾ ਅਰਥ ਆਪਣਾ ਆਪ ਹੈ। ਸ੍ਵੈ-ਰਾਜ—ਆਪਣਾ ਰਾਜ, ਸ੍ਵੈਦੇਸ਼—ਆਪਣਾ ਦੇਸ਼ ਆਦਿ ਸ਼ਬਦਾਂ ਤੋਂ ਪ੍ਰਗਟ ਹੈ। 'ਭੰ' ਦਾ ਧਾਤੂ ਭਾਵ ਦੀਪਤੌ (ਪ੍ਰਕਾਸ਼) ਹੈ। 'ਭੰ' ਦਾ ਅਰਥ ਪ੍ਰਕਾਸ਼ ਰੂਪ ਹੈ। ਸਮੁੱਚੇ 'ਸੈਭੰ' ਦਾ ਅਰਥ ਆਪਣੇ ਆਪ ਤੋਂ ਪ੍ਰਕਾਸ਼ ਰੂਪ ਹੈ। ਪ੍ਰਕਾਸ਼, ਚਾਨਣਾ, ਜੋਤਿ, ਗਿਆਨ ਸਮਅਰਥਕ ਸ਼ਬਦ ਹਨ। ਇਹੋ ਸੈਭੰ ਜੋਤੀ ਸਭ ਵਿਚ ਹੈ।

ਹਰ ਜੀਵ ਦੇ ਅੰਦਰ ਧੁਰ ਅੰਦਰ ਜੋਤੀ ਸਰੂਪ ਆਪਾ ਹੈ। ਜਿਸ ਨੂੰ

'ਆਤਮਾ' ਜਾਂ 'ਰੂਹ' ਵੀ ਕਿਹਾ ਜਾਂਦਾ ਹੈ। ਆਤਮਾ ਦਾ ਅਰਥ ਵੀ ਆਪਣਾ ਆਪ ਹੈ। ਆਤਮਾ ਅਜੂਨੀ ਹੈ ਅਰਥਾਤ ਇਸ ਦਾ ਕੋਈ ਕਾਰਨ ਨਹੀਂ। ਇਹ ਕਾਰਨ ਰਹਿਤ ਹੋਂਦ ਹੈ ਜਾਂ ਸੱਚ ਹੈ। ਇਸ ਨੂੰ ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਪ੍ਰਕਾਰ ਨਿਰੂਪਤ ਕੀਤਾ ਹੈ:

**ਥਾਪਿਆ ਨ ਜਾਇ ਕੀਤਾ ਨ ਹੋਇ॥**
**ਆਪੇ ਆਪਿ ਨਿਰੰਜਨੁ ਸੋਇ॥** *ਜਪੁਜੀ, ਅੰਗ ੨)*

ਸੁਤੇ ਸਿਧ ਪ੍ਰਕਾਸ਼ ਰੂਪ 'ਆਪੇ' ਨੂੰ ਕਿਸੇ ਹੋਰਸ ਨੇ ਥਾਪਿਆ ਨਹੀਂ ਅਤੇ ਨਾ ਹੀ ਉਸ ਦੇ ਕੋਈ ਬਣਾਉਣ ਵਾਲਾ ਕਰਤਾ ਹੈ। ਇਸ ਜੋਤੀ ਦਾ ਕੋਈ ਕਾਰਨ ਨਹੀਂ। ਇਹ ਕਾਰਨ ਰਹਿਤ ਗਿਆਨ ਸਰੂਪ ਹੈ। ਕਈ ਆਖਦੇ ਹਨ ਕਿ ਫਲਾਣੇ ਨੂੰ ਹੁਣ ਗਿਆਨ ਹੋ ਗਿਆਨ ਹੈ। ਗਿਆਨ ਸਰੂਪ ਨੂੰ ਗਿਆਨ ਕੀ ਹੋਣਾ ਹੋਇਆ ? ਤੱਤ ਗਿਆਨ ਨਾ ਕਦੇ ਹੋਇਆ ਹੈ, ਨਾ ਹੀ ਨਾਸ਼ ਹੋਇਆ ਹੈ। ਜਿਸ ਨੂੰ ਅਸੀਂ ਗਿਆਨ ਹੋਇਆ ਜਾਂ ਨਾਸ਼ ਹੋਇਆ ਕਹਿੰਦੇ ਹਾਂ, ਉਹ ਅਸਲ ਵਿਚ ਬੁੱਧੀ ਗਿਆਨ ਜਾਂ ਵਿਰਤੀ ਗਿਆਨ ਹੈ। ਗਿਆਨ ਦੀ ਪਰਿਭਾਸ਼ਾ ਇਹ ਹੈ:

> ਗਿਆਨ ਆਪਣੇ ਨਿਜ ਸਰੂਪ ਵਿਚ ਇਕ ਅਜਿਹੀ ਸ਼ੈਅ ਹੈ ਜੋ ਨਾ ਨਾਸ਼ ਹੁੰਦੀ ਹੈ ਤੇ ਨਾ ਪੈਦਾ ਹੁੰਦੀ ਹੈ। ਸਗੋਂ ਸਦਾ ਇਕ ਰਸ ਰਹਿੰਦੀ ਹੈ। ਜਿਹੜੀ ਚੀਜ਼ ਪੈਦਾ ਹੋਵੇਗੀ, ਉਹ ਨਾਸ਼ ਵੀ ਹੋਵੇਗੀ। ਇਸ ਲਈ ਗਿਆਨ ਨਾ ਕਦੇ ਪੈਦਾ ਹੋਇਆ ਹੈ ਤੇ ਨਾ ਹੀ ਨਾਸ਼। ਗਿਆਨ ਇਕ ਜੋਤੀ ਹੈ ਜੋ ਬਰਾਬਰ ਆਪਣਾ ਨੂਰ ਫੈਲਾਉਂਦੀ ਰਹਿੰਦੀ ਹੈ। ਇਸ ਚਾਨਣੇ ਵਿਚ ਜਿਹੜੀਆਂ ਚੀਜ਼ਾਂ ਆਉਂਦੀਆਂ ਜਾਣਗੀਆਂ, ਉਹਨਾਂ ਦਾ ਪ੍ਰਕਾਸ਼ ਹੁੰਦਾ ਜਾਵੇਗਾ। ਜਿਹੜੀਆਂ ਇਸ ਦੇ ਘੇਰੇ ਵਿਚੋਂ ਹਟਦੀਆਂ ਜਾਣਗੀਆਂ, ਉਹ ਹਨੇਰੇ ਵਿਚ ਛੁਪਦੀਆਂ ਜਾਣਗੀਆਂ। ਬਸ ਇਹੀ ਪੈਦਾ ਹੋਣਾ ਤੇ ਨਾਸ਼ ਹੋਣਾ ਹੈ।

ਇਸ ਪਰਿਭਾਸ਼ਾ ਤੋਂ ਸਾਨੂੰ 'ਸੈਭੰ' ਦੇ ਅਸਲੀ ਸਰੂਪ ਦਾ ਬੁੱਧੀ ਗਿਆਨ ਜਾਂ ਵਿਰਤੀ ਗਿਆਨ ਹੋਇਆ ਹੈ। ਇਹ ਗਿਆਨ ਨਾਸ਼ ਵੀ ਹੋ ਸਕਦਾ ਹੈ। ਇਸ ਦਾ ਅਪ੍ਰੋਕਸ਼ ਗਿਆਨ ਹੋਣ 'ਤੇ ਗਿਆਨ ਸਰੂਪ ਨੂੰ ਅਨੁਭਵ ਕਰ ਲਵਾਂਗੇ, ਉਹ ਅਨੁਭਵ ਸਰੂਪ ਹੈ ਜੋ ਕਦੇ ਨਾਸ਼ ਨਹੀਂ ਹੋ ਸਕਦਾ:

**ਹੈ ਤੌ ਸਹੀ ਲਖੈ ਜੋ ਕੋਈ॥**
**ਸੋਈ ਲੇਖ ਮੇਟਨਾ ਨਾ ਹੋਈ॥** *(ਕਬੀਰ ਜੀ, ਅੰਗ ੩੫੨)*

ਵਿਰਤੀ ਵੀ ਦੋ ਪ੍ਰਕਾਰ ਦੀ ਹੈ। ਇਕ ਅਵਿਦਿਆ ਵਿਰਤੀ ਤੇ ਦੂਜੀ

ਵਿਦਿਆ ਵਿਰਤੀ। ਸਭ ਅਗਿਆਨੀ ਜੀਵਾਂ ਦੀਆਂ ਵਿਰਤੀਆਂ ਅਵਿਦਿਆ ਵਿਰਤੀਆਂ ਹੀ ਹਨ ਪਰ ਬ੍ਰਹਮ ਗਿਆਨ ਦੀ, ਤੱਤਵੇਤਾ ਦੀ ਸੰਗਤ ਨਾਲ ਪਹਿਲਾਂ ਵਿਦਿਆ ਵਿਰਤੀ ਬਣੀ, ਉਪਰੰਤ ਉਸ ਦੀ ਪਰਪੱਕਤਾ ਨਾਲ ਵਿਰਤੀ ਗਿਆਨ ਵਿਚ ਲੀਨ ਹੋ ਕੇ ਗਿਆਨ ਸਰੂਪ ਹੀ ਹੋ ਨਿੱਬੜੀ। ਇਸ ਸੈਭੰ ਤਕ ਉਸ ਨੂੰ ਵਿਦਿਆ ਵਿਰਤੀ ਨੇ ਹੀ ਲਿਆਂਦਾ ਹੈ। ਵਿਦਿਆ ਵਿਰਤੀ ਸੰਸਾਰ ਤੇ ਪ੍ਰਭੂ ਦੇ ਦਰਮਿਆਨ ਪੁਲ ਹੈ। ਇਸ ਪੁਲ ਤੋਂ ਲੰਘਿਆਂ ਹੀ ਉਸ ਦੀ ਪ੍ਰਾਪਤੀ ਹੈ। ਇਸੇ ਨੂੰ ਗੁਰਬਾਣੀ ਵਿਚ ਬਿਬੇਕ ਬੁੱਧੀ ਆਖਿਆ ਹੈ ਤੇ ਇਸ ਬੁੱਧੀ ਦੀ ਪ੍ਰਾਪਤੀ ਲਈ ਜੋਦੜੀਆਂ ਕੀਤੀਆਂ ਹਨ:

**ਹਾਰ ਪਰਿਓ ਸਵਾਮੀ ਕੇ ਦੁਆਰੈ ਮੋਹਿ ਦੀਜੈ ਬੁਧ ਬਬੇਕਾ॥**

*(ਮਹਲਾ ੫, ਅੰਗ ੬੪੧)*

'ਸੈਭੰ' ਜੋਤਿ ਪ੍ਰਭੂ ਹੀ ਹੈ ਜੋ ਸਭ ਦਾ 'ਆਪਾ' ਹੈ। ਇਸ ਨੂੰ ਜਾਣੇ ਤੋਂ ਬਿਨਾਂ ਅਵਿਦਿਆ ਜਾਂ ਭਰਮ ਨਾਸ਼ ਨਹੀਂ ਹੁੰਦਾ।

ਮਨੁੱਖ ਆਪਣਾ ਆਪ ਨਹੀਂ ਚੀਨਦਾ। ਉਹ ਆਪਣੇ ਸਰੀਰ ਨੂੰ ਆਪਾ ਸਮਝਦਾ ਹੈ। ਇਸੇ ਕਰਕੇ ਉਹ ਆਪਣੇ ਆਪ ਨੂੰ ਮਰ ਗਿਆ ਤੇ ਜੰਮ ਪਿਆ ਵੀ ਸਮਝਦਾ ਹੈ। ਪਰ ਇਸ ਦਾ ਆਪਾ ਤਾਂ ਜਨਮ-ਮਰਨ ਤੋਂ ਰਹਿਤ ਨਾਰਾਇਣ ਹੈ। ਜਿਵੇਂ ਮਦਾਰੀ ਤਮਾਸ਼ਾ ਦਿਖਾਉਂਦਿਆਂ ਹੱਥ ਦੀ ਸਫ਼ਾਈ ਨਾਲ ਕਿੰਨੇ ਰੁਪਏ ਬਣਾ ਕੇ ਦਿਖਾ ਦਿੰਦਾ ਹੈ ਪਰ ਅਸਲ ਵਿਚ ਤਾਂ ਉਹ ਬਣੇ ਨਹੀਂ ਹੁੰਦੇ। ਜੇ ਉਹ ਅਸਲੀ ਰੁਪਏ ਬਣਾ ਸਕਦਾ ਤਾਂ ਫਿਰ ਤਮਾਸ਼ਾ ਦੇਖਣ ਵਾਲਿਆਂ ਪਾਸੋਂ ਪੈਸਾ-ਪੈਸਾ ਕਿਉਂ ਮੰਗਦਾ। ਇਸੇ ਪ੍ਰਕਾਰ ਪ੍ਰਭੂ ਵੀ ਜਨਮ-ਮਰਨ ਦੀ ਖੇਡ ਅਗਿਆਨੀਆਂ ਨੂੰ ਭਰਮ ਵਿਚ ਰੱਖ ਕੇ ਵਿਖਾ ਰਿਹਾ ਹੈ, ਵਰਨਾ:

**ਨਹ ਕਿਛੁ ਜਨਮੈ ਨਹ ਕਿਛੁ ਮਰੈ॥**
**ਆਪਨ ਚਲਿਤੁ ਆਪ ਹੀ ਕਰੈ॥** *(ਮਹਲਾ ੫, ਅੰਗ ੨੮੧)*

ਮਨੁੱਖੀ ਹਸਤੀ ਦਾ ਵਿਸ਼ਲੇਸ਼ਣ ਕਰ ਕੇ ਇਸ ਵਿਚੋਂ 'ਆਪਾ' ਲੱਭੀਏ, ਤਾਂ ਉਹ 'ਸੈਭੰ' ਹੀ ਹੈ। ਮਨੁੱਖ ਦਾ ਮਾਦੀ ਸਰੀਰ ਗਿਆਨ ਇੰਦਰੀਆਂ ਨਾਲ ਦਿਸਣ ਵਾਲਾ ਸਰੀਰ ਸਥੂਲ ਸਰੀਰ ਅਖਵਾਉਂਦਾ ਹੈ। ਪਰ ਅਗਿਆਨੀ ਜਗਤ ਦੀ ਬੋਲੀ ਵਿਚ ਜਦੋਂ 'ਮਰ ਗਿਆ' ਕਹਿੰਦੇ ਹਾਂ ਤਾਂ ਦੱਸੋ ਇਸ ਦੀ ਕਿਹੜੀ ਸ਼ੈਅ ਮਰ ਗਈ? ਸਰੀਰ ਦੇ ਅੰਗ ਸਾਰੇ ਉਵੇਂ ਦੇ ਉਵੇਂ ਹਨ, ਵਜ਼ਨ ਵੀ ਉਹੀ ਹੈ, ਫਿਰ ਇਸ ਵਿਚੋਂ ਮਰ ਕੀ ਗਿਆ? ਤਾਂ ਅਸੀਂ ਕਹਾਂਗੇ ਕਿ ਸਾਹ ਨਹੀਂ ਆਉਂਦਾ। ਸਾਹ ਕੀ ਹੈ? ਪ੍ਰਾਣ ਹੰਸ ਦਾ ਹਿਰਦੇ ਸਰ ਵਿਚੋਂ ਇਕ ਪੈਰ ਚੁੱਕਣਾ ਤੇ ਦੂਜਾ ਰੱਖਣਾ। ਪ੍ਰਾਣ ਵਗਦੇ ਕਰਕੇ ਇਸ ਨੂੰ ਪ੍ਰਾਣੀ ਕਿਹਾ

ਗਿਆ ਹੈ। 'ਬੋਲਤੇ ਥੇ ਕਹਾ ਗਏ ਦੇਹੀ ਕੇ ਸੰਗ ਰਹਿਤੇ' ਬੋਲਣ ਵਾਲੀ ਹਵਾ ਸੀ, ਉਹ ਹਵਾ, ਹਵਾ ਵਿਚ ਮਿਲ ਗਈ। 'ਪਵਨੈ ਮੈਂ ਪਵਨ ਸਮਾਇਆ' ਬਾਕੀ ਜੋ ਲੋਥ ਰਹਿ ਗਈ, ਉਸ ਦੇ ਤੱਤ ਵੀ ਆਪਣੇ-ਆਪਣੇ ਤੱਤਾਂ ਦੇ ਨਾਲ ਮਿਲ ਗਏ। 'ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥' ਮਿੱਟੀ ਮਿੱਟੀ ਵਿਚ ਮਿਲ ਗਈ। ਸਥੂਲ ਦੇਹ ਨੂੰ ਫੋਲਿਆਂ ਪੰਜ ਤੱਤ ਨਿਕਲੇ, ਜਿਹੜੇ ਤੱਤਾਂ ਵਿਚ ਮਿਲ ਗਏ ਪਰ ਇਸ ਵਿਚ ਬੋਲਣ ਵਾਲਾ ਕਿਥੇ ਗਿਆ ? ਉਹ ਬੋਲਣ ਵਾਲਾ ਸੂਖ਼ਮ ਸਰੀਰ, ਜਿਸ ਵਿਚ ਪੰਜੇ ਪੌਣ, ਗਿਆਨ ਇੰਦਰੇ, ਮਨ-ਬੁੱਧੀ ਆਦਿ ਸ਼ਾਮਲ ਸਨ। ਉਹ ਆਪਣੀ ਅੰਤਿਮ ਵਾਸ਼ਨਾ ਅਨੁਸਾਰ ਮੁੜ ਸਰੀਰ ਧਾਰਨ ਕਰਦਾ ਹੈ। ਇਸ ਤੋਂ ਅੱਗੇ ਇਕ ਹੋਰ ਕਾਰਨ ਸਰੀਰ ਹੈ। ਫਿਰ ਸਰੀਰ ਧਾਰਨ ਕਰਨ ਦਾ ਕਾਰਨ ਅਵਿਦਿਆ ਹੈ। ਭਰਮ ਦੇ ਕਾਰਨ ਵਾਸ਼ਨਾ ਬਣੀ ਰਹਿੰਦੀ ਹੈ। ਵਾਸ਼ਨਾ ਦਾ ਬੱਧਾ ਫਿਰ ਸਰੀਰ ਧਾਰਨ ਕਰਦਾ ਹੈ। 'ਵਾਸਨਾ ਬਧਾ ਆਵੈ ਜਾਏ' ਜਦ ਤਕ ਅਵਿਦਿਆ ਹੈ, ਉਦੋਂ ਤਕ ਵਾਸ਼ਨਾ ਹੈ। ਵਾਸ਼ਨਾ ਪ੍ਰਛਿਨ ਹੰਕਾਰ ਦੀ ਹੇਤੂ ਹੈ। ਇਹੀ ਦੀਰਘ ਰੋਗ ਹੈ। ਇਹ ਹੰਕਾਰ ਨਿਕਲਦਾ ਨਹੀਂ, ਰੋਗ ਹਟਦਾ ਨਹੀਂ। ਸਗੋਂ ਇਸ ਅਵਿਦਿਆ ਵਿਰਤੀ ਗਿਆਨ ਕਾਰਨ, ਇਹ ਹੰਕਾਰ ਹੋਰ ਵੀ ਮੋਟਾ ਹੁੰਦਾ ਜਾਂਦਾ ਹੈ:

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥**

*(ਰਵਿਦਾਸ ਜੀ, ਅੰਗ ੬੭੪)*

ਇਹ ਬੁੱਧੀ ਸੰਸਾਰ ਦੀ ਅਪਰਾ ਵਿਦਿਆ ਪੜ੍ਹਨ ਨਾਲ ਕਦੇ ਨਾਸ਼ ਨਹੀਂ ਹੋਣੀ। ਇਸ ਨਾਲ ਵਿਦਿਆ ਵਾਲੀ ਬੁੱਧ ਪ੍ਰਾਪਤ ਨਹੀਂ ਹੋ ਸਕਦੀ। ਇਸੇ ਲਈ ਕਿਹਾ ਹੈ 'ਬੁਧ ਬਦਲੀ ਸਿਧ ਪਾਈ' ਜਦੋਂ ਭਰਮ ਵਾਲੀ ਬੁੱਧੀ ਬਦਲ ਕੇ ਤੱਤ ਗਿਆਨ ਵਾਲੀ ਬੁੱਧੀ ਬਣ ਗਈ, ਸਿੱਧੀ ਤਤਕਾਲ ਪ੍ਰਾਪਤ ਹੋ ਜਾਣੀ ਹੈ। ਗਿਆਨਵਾਨ ਬੁੱਧੀ ਨੇ ਅੰਦਰ ਅਗਿਆਨ ਦੀ ਪਈ ਗੰਢ ਖੋਲ੍ਹ ਦੇਣੀ ਹੈ। ਜਦੋਂ ਉਹ ਗੰਢ ਖੁੱਲ੍ਹ ਗਈ ਤਾਂ ਅਸਲੀ ਆਪਾ, ਨਿੱਜ ਸਰੂਪ 'ਸੈਭੰ' ਪ੍ਰਾਪਤ ਹੀ ਹੈ, ਸਮਝ ਆ ਜਾਣੀ ਹੈ:

**ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥**
**ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥**

*(ਮਹਲਾ ੫, ਅੰਗ ੧੩੬੩)*

ਉਹ ਗੰਢ ਕੀ ਹੈ ? ਹੋਂਦ ਨੂੰ ਅਣਹੋਂਦ ਤੇ ਅਣਹੋਂਦ ਨੂੰ ਹੋਂਦ ਸਮਝਣਾ। ਜੜ੍ਹ ਨੂੰ ਚੇਤਨ ਅਤੇ ਚੇਤਨ ਨੂੰ ਹੈ ਨਹੀਂ ਕਹਿਣਾ। ਇਹ ਚਿਦ-ਜੜ੍ਹ ਦੀ ਗੰ੍ਰਥੀ ਸਤਿਗੁਰੂ ਤੋਂ ਬਿਨਾਂ ਨਹੀਂ ਖੁੱਲ੍ਹ ਸਕਦੀ। ਸਤਿਗੁਰੂ ਨੂੰ ਮਿਲ ਕੇ ਸਿੱਖ ਕਹਿ

ਉੱਠੇਗਾ :

**ਆਵਣ ਜਾਣੁ ਰਹਿਓ ॥**
**ਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥**

*(ਮਾਰੂ ਮਹਲਾ ੫, ਅੰਗ ੧੦੦੨)*

ਗੁਰੂ ਸੀਤਲ ਨਾਮ ਸਤਿ ਦਾ ਦੇਵੇਗਾ। ਸਤਿਨਾਮੁ ਉਚਾਰ ਕੇ ਸਿੱਖ ਸਤਿ ਸਰੂਪ ਆਪੇ ਨੂੰ ਜਾ ਮਿਲੇਗਾ ਅਥਵਾ ਅਨੁਭਵ ਕਰ ਲਵੇਗਾ। ਫਿਰ ਉਸ ਨੂੰ ਅਸਲੀ ਤੀਰਥ (ਆਪਾ) ਮਿਲ ਜਾਏਗਾ, ਜਿਥੇ ਸਾਰੇ ਕਰਮਾਂ ਦੇ ਪਾਪ ਨਾਸ਼ ਹੋ ਜਾਣਗੇ। ਉਹੀ ਆਪਾ ਸੱਚ ਹੈ, ਉਹੀ ਆਤਮਾ ਹੈ ਅਤੇ ਉਸ ਨੂੰ ਸੈਭੰ ਆਖਿਆ ਹੈ :

**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥**

*(ਆਸਾ ਮਹਲਾ ੧, ਅੰਗ ੪੬੨)*

ਇਸੇ ਨੂੰ ਆਪ ਜਪੁਜੀ ਵਿਚ 'ਅੰਤਰਿ ਗਤਿ ਤੀਰਥ' ਵੀ ਆਖਦੇ ਹਨ :

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥** *(ਜਪੁਜੀ, ਅੰਗ ੪)*

ਇਸ 'ਸੈਭੰ' ਤੀਰਥ ਵਿਚ ਨਹਾ ਕੇ ਮਨ ਦੀ ਮੈਲ (ਹੰਕਾਰ) ਲੱਥ ਜਾਂਦਾ ਹੈ। ਇਸ ਦੇ ਲੱਥ ਜਾਣ ਨਾਲ ਬਾਕੀ ਸ਼ੇਸ਼ ਨਿੱਜ ਸਰੂਪ ਸੈਭੰ ਰਹਿ ਜਾਂਦਾ ਹੈ। ਫਿਰ ਸਿੱਖ ਸਤਿਨਾਮੁ ਦੇ ਨਾਲ ਗੁਰੂ ਕਿਰਪਾ ਦਾ ਧੰਨਵਾਦ ਵਾਹ-ਵਾਹ ਕਰ ਕੇ ਵਾਹਿਗੁਰੂ ਵੀ ਉਚਾਰਦਾ ਹੈ। ਸਤਿਨਾਮ ਸ੍ਰੀ ਵਾਹਿਗੁਰੂ 'ਸੈਭੰ' ਨੂੰ ਪ੍ਰਾਪਤ ਹੋਇਆਂ ਦਾ ਬੋਲ ਹੈ। ਨਿੱਜ-ਪ੍ਰਾਪਤ ਦੀ ਪ੍ਰਾਪਤੀ ਦਾ ਕਹਿਣਾ ਠੀਕ ਨਹੀਂ ਪਰ ਕਹਿਣਾ ਵੀ ਅਗਿਆਨੀਆਂ ਨੂੰ ਉਹਨਾਂ ਦੀ ਪੱਧਰ 'ਤੇ ਖਲੋ ਕੇ ਹੈ। ਜਿਵੇਂ ਡਰਿੱਲ ਸਮੇਂ ਪੀ.ਟੀ. ਮਾਸਟਰ ਖ਼ੁਦ ਲੈਫ਼ਟ-ਰਾਈਟ ਕਰ ਕੇ ਸਮਝਾਉਂਦਾ ਹੈ। ਸੈਭੰ ਨੂੰ ਕੋਈ ਸ਼ਬਦ ਦਰਸਾ ਨਹੀਂ ਸਕਦਾ, ਉਸਦੇ ਅਨੁਭਵ ਲਈ ਚਿੰਨ੍ਹ-ਮਾਤਰ ਹੈ :

**ਜਹਾ ਬੋਲ ਤਹ ਅਛਰ ਆਵਾ ॥**
**ਜਹ ਅਬੋਲ ਤਹ ਮਨੁ ਨ ਰਹਾਵਾ ॥**
**ਬੋਲ ਅਬੋਲ ਮਧਿ ਹੈ ਸੋਈ ॥**
**ਜਸ ਓਹੁ ਹੈ ਤਸ ਲਖੈ ਨ ਕੋਈ ॥** *ਕਬੀਰ ਜੀ, ਅੰਗ ੩੪੦)*

ਸੈਭੰ ਤਾਂ ਬੋਲ ਨੂੰ ਵੀ ਜਾਣਦਾ ਹੈ ਜਦੋਂ ਅਬੋਲ ਹੋ ਸਮਾਧ ਸਥਿਤ ਹੁੰਦਾ ਹੈ, ਉਸ ਦਾ ਵੀ ਦ੍ਰਿਸ਼ਟ ਹੈ। ਉਹ ਭਾਵ ਨੂੰ ਵੀ ਜਾਣਦਾ ਹੈ ਤੇ ਅਭਾਵ ਨੂੰ ਵੀ, ਸ਼ਬਦਾਂਤਿਕ ਜਾਲ ਵਿਚ ਉਹ ਆ ਹੀ ਨਹੀਂ ਸਕਦਾ। ਇਸ ਲਈ ਉਸ ਜੋਤੀ

ਸਰੂਪ ਸੈਭੰ ਨੂੰ ਸਤਿਨਾਮੁ ਸ੍ਰੀ ਵਾਹਿਗੁਰੂ ਦੀ ਧੁਨ ਲਾ ਕੇ ਆਪਾ ਅਨੁਭਵ ਵਿਚ ਲਿਆਈਏ।

# ਗੁਰਪ੍ਰਸਾਦਿ

ਗੁਰ+ਪ੍ਰਸਾਦਿ ਦੋ ਮੂਲ ਸ਼ਬਦਾਂ ਦਾ ਸੰਜੋਗ ਹੈ। ਪਹਿਲਾਂ ਗੁਰੁ (ਗੁਰੂ) ਪਦ ਤੇ ਫੇਰ ਪ੍ਰਸਾਦਿ ਪਦ ਨੂੰ ਵਿਚਾਰਾਂਗੇ। ਗੁਰੂ ਜਾਂ ਗੁਰ ਸ਼ਬਦ ਸਿੱਖੀ ਦੇ ਮੂਲ ਵਿਚਾਰਾਂ ਦਾ ਕੇਂਦਰ ਹੈ। ਇਸ ਪਦ ਨੂੰ ਸਮਝਣ ਤੋਂ ਬਿਨਾਂ ਗੁਰਮਤਿ ਦੀ ਸੋਝੀ ਨਹੀਂ ਪੈ ਸਕਦੀ। ਸਿੱਖ (ਸ਼ਿਸ਼) ਹੁੰਦਾ ਹੀ ਕਿਸੇ ਗੁਰੂ ਦਾ ਹੈ:

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥**

*(ਮਹਲਾ ੨, ਅੰਗ ੪੬੩)*

ਗੁਰੂ ਜੋਤੀ ਤੋਂ ਬਿਨਾਂ ਘੋਰ ਅੰਧਾਰ ਹੀ ਰਹਿੰਦਾ ਹੈ। ਗੁਰਬਾਣੀ ਨੂੰ ਗਹੁ ਨਾਲ ਪੜ੍ਹਨ ਵਾਲੇ ਪ੍ਰੇਮੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਗੁਰੂ ਦੀ ਉਪਮਾ, ਗੁਰੂ ਦੀ ਲੋੜ ਅਤੇ ਗੁਰੂ ਦੇ ਲੱਛਣ ਭਲੀ ਪ੍ਰਕਾਰ ਜਾਣਦੇ ਹਨ। ਸਿੱਖ ਨੂੰ ਗੁਰੂ ਤੋਂ ਬਿਨਾਂ ਹੋਰ ਕੋਈ ਸਹਾਰਾ ਹੀ ਨਹੀਂ ਹੈ:

**ਗੁਰੂ ਗੁਰੂ ਗੁਰੁ ਕਰਿ ਮਨ ਮੋਰ॥**
**ਗੁਰੂ ਬਿਨਾ ਮੈ ਨਾਹੀ ਹੋਰ॥** *ਮਹਲਾ ੫, ਅੰਗ ੮੬੪)*

ਇਸ ਗੁਰੂ ਤੋਂ ਬਿਨਾਂ ਸਿੱਖ ਲਈ ਹੋਰ ਕਿਉਂ ਬੇਲੋੜਾ ਹੈ ? ਇਸ ਦਾ ਉੱਤਰ ਅਗਲੀਆਂ ਤੁਕਾਂ ਵਿਚ ਹੈ:

**ਗੁਰ ਕੀ ਮਤਿ ਤੂੰ ਲੇਹਿ ਇਆਨੇ॥**
**ਭਗਤਿ ਬਿਨਾ ਬਹੁ ਡੂਬੇ ਸਿਆਨੇ॥** *(ਮਹਲਾ ੫, ਅੰਗ ੨੮੮)*

ਪ੍ਰਭੂ-ਭਗਤੀ ਲਈ ਗੁਰੂ ਦੀ ਲੋੜ ਲਾਜ਼ਮੀ ਹੈ। ਬੰਦੇ ਦਾ ਦਿਮਾਗ ਕਿੰਨਾ ਵੀ ਉੱਚਾ ਹੋਵੇ, ਉਹ ਗੁਰੂ ਦੀ ਮਤ ਨੂੰ ਨਹੀਂ ਅੱਪੜ ਸਕਦਾ। ਗੁਰੂ ਦੀ ਮਤ ਦਾ ਨੂਰ ਅਗਿਆਨੀ ਦੀ ਕਾਲੀ ਬੋਲੀ ਰਾਤ ਵਿਚ ਰਹਿਬਰੀ ਕਰਦਾ ਹੈ। ਇਸ ਦੇ ਚਾਨਣ ਵਿਚ ਹੀ ਜੋਤੀ ਸਰੂਪ ਪ੍ਰਭੂ ਨੂੰ ਜਾਣ ਸਕਦਾ ਹੈ। 'ਗੁਰ ਸਾਖੀ ਜੋਤਿ ਪ੍ਰਗਟ ਹੋਇ' ਸਪੱਸ਼ਟ ਹੈ।

ਗੁਰੂ ਦਾ ਸੰਧੀ-ਛੇਦ ਗੁ + ਰੂ ਹੈ, 'ਗੁ' ਹਨੇਰਾ ਤੇ 'ਰੂ' ਦਾ ਅਰਥ ਪ੍ਰਕਾਸ਼ ਹੈ।

ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਗੁਰੂ ਹੈ। ਹਨੇਰਾ ਕੀ ? ਭੁੱਲ, ਭੁਲੇਖਾ, ਅਵਿਦਿਆ, ਅਗਿਆਨ। ਪ੍ਰਕਾਸ਼ ਕੀ ਹੈ ? ਸੱਚ ਨੂੰ ਸਹੀ ਰੂਪ ਵਿਚ ਜਾਣ ਲੈਣਾ ਜਾਂ ਹਨੇਰਾ ਨਾ ਰਹਿਣਾ ਅਥਵਾ ਅਗਿਆਨ ਦਾ ਨਾਸ਼ ਹੋ ਜਾਣਾ। ਸੱਚ ਦੇ ਸਹੀ ਗਿਆਨ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਵੇਦਾਂ ਦਾ ਕਥਨ ਵੀ ਇਹੀ ਹੈ : 'ਰਿਤੇ ਗਿਆਨਾ ਨ ਮੁਕਤੀ' ਗੁਰਬਾਣੀ ਵੀ ਇਹੋ ਫ਼ੁਰਮਾਉਂਦੀ ਹੈ :

**ਦੀਵਾ ਬਲੈ ਅੰਧੇਰਾ ਜਾਇ ॥**
**ਬੇਦ ਪਾਠ ਮਤਿ ਪਾਪਾ ਖਾਇ ॥** *(ਮਹਲਾ ੧, ਅੰਗ ੭੯੧)*

ਸਤਿ ਨੂੰ ਜਾਣ ਲੈਣਾ ਗਿਆਨ ਹੈ :

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥**
*(ਮਹਲਾ ੫, ਅੰਗ ੨੮੬)*

ਸਤਿ ਪੁਰਖ ਨੂੰ ਆਪ੍ਰੋਕਸ਼ ਰੂਪ ਵਿਚ ਜਾਨਣ ਵਾਲਾ ਸਤਿਗੁਰੂ ਹੁੰਦਾ ਹੈ। ਉਹ ਸੈਭੰ ਸਰੂਪ ਹੀ ਗੁਰੂ ਹੈ। ਗੁਰੂ ਕਿਸੇ ਦਾ ਬਣਾਇਆ ਬਣਦਾ ਨਹੀਂ, ਨਾ ਹੀ ਕਿਸੇ ਦਾ ਮਿਟਾਇਆ ਮਿਟਦਾ ਹੈ। ਗੁਰੂ ਤਾਂ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ 'ਅਪਰੰਪਰ ਪਾਰਬ੍ਰਹਮ ਪਰਮੇਸਰ ਨਾਨਕ ਗੁਰ ਮਿਲਿਆ ਸੋਈ ਜੀਉ ॥' ਗੁਰੂ ਅਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ ਹੁੰਦਾ। ਉਹੀ ਨਿਰਗੁਣ ਤੋਂ ਸਰਗੁਣ ਹੋ ਕੇ ਉਪਦੇਸ਼ ਕਰਦਾ ਹੈ :

**ਗੁਰੁ ਪਰਮੇਸਰੁ ਏਕੋ ਜਾਣੁ ॥**
**ਜੋ ਤਿਸੁ ਭਾਵੈ ਸੋ ਪਰਵਾਣੁ ॥** *(ਮਹਲਾ ੫, ਅੰਗ ੮੬੪)*

ਅਜਿਹੇ ਗੁਰੂ ਦੀ ਪਛਾਣ ਕਿਵੇਂ ਕਰੀਏ ? ਇਹ ਸਵਾਲ ਆਮ ਹੈ। ਇਸ ਦਾ ਉੱਤਰ ਗੁਰਬਾਣੀ ਦਿੰਦੀ ਹੈ ਕਿਉਂਜੁ ਉਹ ਗੁਰੂ ਦਾ ਹੀ ਰੂਪ ਹੈ। 'ਪੋਥੀ ਪਰਮੇਸਰ ਕਾ ਥਾਨ' ਹੈ। ਇਸੇ ਲਈ ਗੁਰਬਾਣੀ ਨੂੰ ਮੁੜ-ਮੁੜ ਕੇ ਪੜ੍ਹਨ ਨਾਲ ਰਸ ਆਉਂਦਾ ਹੈ। ਹੋਰ ਪੋਥੀਆਂ ਪੜ੍ਹਨ ਨਾਲ ਨਹੀਂ ਆਉਂਦਾ। ਗੁਰਬਾਣੀ ਗੁਰੂ ਦਾ ਲੱਛਣ ਇਹ ਦੱਸਦੀ ਹੈ :

**ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥**
**ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥**
*(ਮਹਲਾ ੧, ਅੰਗ ੧੩੭)*

1. ਗੁਰੂ ਦਾਤਾ ਹੁੰਦਾ ਹੈ ਮੰਗਤਾ ਨਹੀਂ।
2. ਗੁਰੂ ਸ਼ਾਂਤੀ ਸਰੂਪ ਬਰਫ਼ ਦਾ ਘਰ ਹੁੰਦਾ ਹੈ, ਕਰੋਧੀ ਜਾਂ ਅਸ਼ਾਂਤ ਚਿੱਤ

ਨਹੀਂ ਹੁੰਦਾ।

3. ਗੁਰੂ ਸਾਰੇ ਸੰਸਾਰ ਨੂੰ ਰੌਸ਼ਨ ਕਰਨ ਵਾਲਾ ਨੂਰ ਹੁੰਦਾ ਹੈ।
4. ਗੁਰੂ ਪਾਸ ਸਿੱਖ ਨੂੰ ਅਮਰ ਕਰਨ ਵਾਲਾ ਪਦਾਰਥ (ਅੰਮ੍ਰਿਤ) ਹੈ ਜਿਸ ਨਾਲ ਉਹ ਸਿੱਖ ਨੂੰ ਅਮਰ ਕਰ ਦਿੰਦਾ ਹੈ। ਗੁਰੂ ਉੱਤੇ ਭਰੋਸਾ ਕਰਨ ਵਾਲਾ ਸਿੱਖ ਹੀ ਇਹ ਆਤਮਕ ਸੁਖ ਪ੍ਰਾਪਤ ਕਰਦਾ ਹੈ।

ਸਿੱਖ ਦਾ ਮਨ ਕੋਠਾ ਹੈ ਜਿਸ ਉੱਤੇ ਤਨ ਦੀ ਛੱਤ ਹੈ ਅਰਥਾਤ ਇਸ ਤਨ ਵਿਚ ਮਨ ਹੈ। ਮਨ ਨੂੰ ਭਰਮ ਦਾ ਜਿੰਦਰਾ ਲੱਗਾ ਹੋਇਆ ਹੈ। ਇਸ ਜਿੰਦਰੇ ਦੀ ਕੁੰਜੀ ਗੁਰੂ ਪਾਸ ਹੈ। ਗੁਰੂ ਤੋਂ ਬਿਨਾਂ ਮਨ ਦਾ ਬੂਹਾ ਖੁੱਲ੍ਹ ਹੀ ਨਹੀਂ ਸਕਦਾ ਕਿਉਂਜੋ ਇਸ ਨੂੰ ਵੱਜੇ ਜਿੰਦਰੇ ਦੀ ਕੁੰਜੀ ਗੁਰੂ ਤੋਂ ਬਿਨਾਂ ਹੋਰ ਕਿਸੇ ਪਾਸ ਨਹੀਂ ਹੈ :

**ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥**

*(ਸਲੋਕ ਮਹਲਾ ੨, ਅੰਗ ੧੨੩੭)*

ਨਿਗੁਰੇ ਦਾ ਤਾਂ ਨਾਂ ਲੈਣਾ ਹੀ ਬੁਰਾ ਹੈ। ਨਿਗੁਰਾ ਮਨ ਦੇ ਕਹਿਣੇ ਵਿਚ ਚੱਲਦਾ ਹੈ ਪਰ ਗੁਰੂ ਵਾਲਾ ਗੁਰੂ ਦੇ ਹੁਕਮ ਵਿਚ ਤੁਰਦਾ ਹੈ। ਬੱਸ, ਇਹੀ ਫ਼ਰਕ ਮਨਮੁਖ ਤੇ ਗੁਰਮੁਖ ਦਾ ਹੈ। ਗੁਰੂ ਸਮਰੱਥ ਹੁੰਦਾ ਹੈ, ਉਹ ਆਪ ਪਰਮੇਸ਼ਰ ਹੈ :

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

*(ਮਹਲਾ ੫, ਅੰਗ ੧੪੦੮)*

ਜੋਤੀ ਸਰੂਪ 'ਸੈਭੰ' ਆਪੇ ਆਪ ਗੁਰੂ ਹੈ। ਜੋ ਆਦਿ ਸਚੁ ਹੈ, ਕਾਲ ਅਤੇ ਦੇਸ਼ ਦੀ ਸਿਰਜਨਾ ਤੋਂ ਪਹਿਲਾਂ ਵੀ ਸੱਚ ਸੀ, ਹੁਣ ਵਰਤਮਾਨ ਵਿਚ ਵੀ ਉਹ ਹੈ, ਇਸ ਦ੍ਰਿਸ਼ਟਮਾਨ ਦੀ ਸਮਾਪਤੀ ਪਿੱਛੋਂ ਵੀ ਇਹ ਸੱਚ ਰਹੇਗਾ। ਇਸੇ ਕਰਕੇ ਗੁਰੂ ਸਿੱਖ ਦੇ ਅੰਗ-ਸੰਗ ਰਹਿੰਦਾ ਹੈ :

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥** *(ਮਹਲਾ ੫, ਅੰਗ ੩੯੩)*

ਸਤਿਗੁਰੂ ਨੂੰ ਸਦਾ ਯਾਦ ਰੱਖਣ ਵਾਲਾ ਸਿੱਖ ਗੁਰੂ ਵਿਚ ਸਮਾ ਕੇ ਆਪ ਗੁਰੂ ਰੂਪ ਹੀ ਹੋ ਜਾਂਦਾ ਹੈ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥' ਜਦੋਂ ਗੁਰੂ ਅਤੇ ਚੇਲੇ ਦੀ ਸੰਧ ਮਿਲ ਜਾਂਦੀ ਹੈ ਤਾਂ ਗੁਰੂ ਸਿੱਖ, ਸਿੱਖ ਗੁਰੂ ਹੈ। 'ਏਕੋ ਗੁਰ ਉਪਦੇਸ ਚਲਾਇ॥' ਦੀ ਅਵਸਥਾ ਹੋਣ 'ਤੇ ਸਿੱਖ ਵੀ ਤਾਰਨਹਾਰ ਹੋ ਨਿੱਬੜਦਾ ਹੈ :

ਮੰਨੈ ਤਰੈ ਤਾਰੇ ਗੁਰੁ ਸਿਖ॥

ਇਹ ਗੁਰ ਸਿੱਖ ਆਪਣੇ ਆਪ ਨੂੰ ਗੁਰੂ ਅਖਵਾਏ ਤੋਂ ਬਿਨਾਂ ਹੀ ਗੁਰੂ ਦਾ ਕਾਰਜ ਕਰਦਾ ਰਹਿੰਦਾ ਹੈ। ਅਜਿਹੇ ਗੁਰਸਿੱਖ ਦੀ ਸਤਿਗੁਰੂ ਨਾਨਕ ਦੇਵ ਜੀ ਧੂੜ ਮੰਗਦੇ ਹਨ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

*(ਮਹਲਾ ੪, ਅੰਗ ੩੦੬)*

ਜੋ ਆਪ ਮੁਕਤ ਨਹੀਂ ਹੋਇਆ, ਜਿਸ ਦਾ ਮਨ ਭਰਮ ਕਾਰਨ ਡੋਲ ਰਿਹਾ ਹੈ, ਉਹ ਦੂਜਿਆਂ ਨੂੰ ਉਪਦੇਸ਼ ਦੇਣ ਦਾ ਹੱਕਦਾਰ ਹੀ ਨਹੀਂ:

ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥

*(ਮਹਲਾ ੩, ਅੰਗ ੬੪੭)*

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

*(ਮਹਲਾ ੫, ਅੰਗ ੨੯੫)*

ਇਸ ਪਦ ਉੱਤੇ ਉਹੀ ਪੁੱਜੇਗਾ ਜਿਸ ਦੇ ਮਨ ਵਿਚੋਂ ਭਰਮ ਦਾ ਆਂਡਾ ਟੁੱਟ ਚੁੱਕਾ ਹੈ ਅਤੇ ਗੁਰੂ ਜੋਤੀ ਦਾ ਪ੍ਰਕਾਸ਼ ਹੋ ਗਿਆ ਹੈ। ਜਿਸ ਦੀਆਂ ਬੇੜੀਆਂ ਕੱਟੀਆਂ ਗਈਆਂ ਹਨ ਅਤੇ ਜੋ ਬੰਧਨਾਂ ਤੋਂ ਖ਼ਲਾਸੀ ਪਾ ਚੁੱਕਾ ਹੈ:

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥

*(ਮਹਲਾ ੫, ਅੰਗ ੧੦੦੨)*

ਰਹਿਤਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਜੀ ਨੂੰ ਆਪਣੇ ਤਿੰਨ ਸਰੂਪ ਇਸ ਪ੍ਰਕਾਰ ਦੱਸੇ ਹਨ:

ਤੀਨਿ ਰੂਪ ਹੈਂ ਮੋਹਿ ਕੇ ਸੁਨੋ ਸਿੱਖ ਚਿਤ ਲਾਇ॥
ਨਿਰਗੁਣ ਸਰਗੁਣ ਗੁਰ ਸ਼ਬਦ ਕਹੋਂ ਤੋਹਿ ਸਮਝਾਇ॥

ਏਕ ਰੂਪ ਤਿ ਗੁਣ ਸੇ ਪਰੈ॥
ਨੇਤਿ ਨੇਤਿ ਜਿਹ ਨਿਗਮ ਉਚਰੇ॥

ਘਟ ਘਟ ਵਿਆਪਕ ਅੰਤਰ ਯਾਮੀ॥
ਭਰਪੂਰ ਰਹਿਓ ਜਯੋ ਘਟ ਪਾਨੀ॥

ਦੂਸਰ ਰੂਪ ਗ੍ਰੰਥ ਜੀ ਜਾਨਹੁ॥

ਆਪਨ ਅੰਗ ਮੇਰ ਕਰ ਮਾਨਹੁ ॥
ਰੋਮ ਰੋਮ ਅੱਖਰ ਜੋ ਲਹੋ ॥
ਬਾਤ ਯਤਾਰਥ ਤੁਮ ਸੋ ਕਹੋ ॥
ਸਬਦ ਸੁਨੋ ਗੁਰ ਹਿਤ ਚਿਤ ਲਾਇ ॥
ਗਯਾਨ ਸਬਦ ਗੁਰ ਸੁਨੈ ਸੁਨਾਇ ॥
ਤੀਸਰ ਰੂਪ ਸਿੱਖ ਹੈ ਮੋਰ ॥
ਗੁਰਬਾਣੀ ਰਤਿ ਜੋ ਨਿਸ ਭੋਰ ॥
ਵਿਸਵਾਸ ਪ੍ਰੀਤ ਗੁਰ ਸ਼ਬਦ ਜੋ ਧਰੈ ॥
ਗੁਰ ਕਾ ਦਰਸ਼ਨ ਨਿਤ ਉਠ ਕਰੈ ॥
ਗੁਰ ਸਿੱਖ ਸੇਵ ਕਰੇ ਚਿਤ ਲਾਇ ॥
ਆਪਾ ਮਨ ਕਾ ਸਗਲ ਮਿਟਾਇ ॥
ਐਸੇ ਗੁਰ ਸਿਖ ਸੇਵਕ ਕੀ ਮਮਹਿ ਪਹੁੰਚੇ ਆਇ ॥
ਸੁਨਹੋ ਸਿਖ ਚਿਤ ਦੇਇ ਕੇ, ਮੁਕਤ ਬੈਕੁੰਠੇ ਪਾਇ ॥

ਨਿਰਗੁਣ ਸਰੂਪ ਜੋਤਿ ਸਭ ਦੇ ਵਿਚ ਅੰਗ-ਸੰਗ ਗੁਰੂ ਹੈ। ਸਰਗੁਣ ਸਰੂਪ ਬ੍ਰਹਮ-ਗਿਆਨੀ ਗੁਰਸਿੱਖ ਹੈ। ਸ਼ਬਦ ਰੂਪ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਬਾਣੀ ਦਾ ਸਹੀ ਵਿਚਾਰ ਬ੍ਰਹਮ-ਗਿਆਨੀ ਗੁਰਸਿੱਖ ਹੀ ਕਰ ਸਕਦਾ ਹੈ।

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥

*(ਮਹਲਾ ੧, ਅੰਗ ੯੩੫)*

ਬਾਣੀ ਦੇ ਸਹੀ ਵਿਚਾਰ ਤੋਂ ਨਿਜ ਘਰ (ਸੈਭੰ) ਆਪੇ ਦੀ ਪ੍ਰਾਪਤੀ ਭੁੱਲੇ ਮਨ ਨੂੰ ਹੋਈ ਹੈ। ਇਸ ਪਦ ਨੂੰ ਪ੍ਰਾਪਤ ਕਰ ਕੇ ਆਤਮ ਰਸੀਆ ਖ਼ਾਲਸਾ (ਖ਼ਾਲਸ ਬ੍ਰਹਮ) ਗੁਰੂ ਅਕਾਲ ਪੁਰਖ ਦਾ ਹੀ ਰੂਪ ਹੁੰਦਾ ਹੈ :

ਆਤਮ ਰਸੁ ਜਿਹ ਜਾਣਿਆ ਸੋਈ ਖਾਲਸਾ ਦੇਵ ॥
ਪ੍ਰਭ ਮਹਿ ਮੋਹਿ ਤਹਿ ਮਾਸ ਮਹਿ ਰੰਚਕ ਨਾਹੀ ਭੇਦ ॥

*(ਮਹਲਾ ੫, ਅੰਗ ੨੫੨)*

ਇਸ ਪਦ ਦੀ ਪ੍ਰਾਪਤੀ ਬਿਬੇਕ ਬੁੱਧ ਜਾਂ ਵਿਦਿਆ-ਵਿਰਤੀ ਤੋਂ ਬਿਨਾਂ ਨਹੀਂ ਮਿਲ ਸਕਦੀ। ਇਸ ਵਿਦਿਆ-ਵਿਰਤੀ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਅਵੱਸ਼ ਹੈ। ਗੁਰੂ ਤੋਂ ਬਿਨਾਂ ਮਨ ਅਡੋਲ ਨਹੀਂ ਹੋਵੇਗਾ ਤੇ ਨਾ ਹੀ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ :

ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ॥

*(ਮਹਲਾ ੩, ਅੰਗ ੯੧੭)*

ਅਤੇ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਫ਼ੁਰਮਾਉਂਦੇ ਹਨ :

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

*(ਮਹਲਾ ੧, ਅੰਗ ੪੬੯)*

ਪ੍ਰਸਾਦਿ ਦਾ ਅਰਥ ਪ੍ਰਸੰਨਤਾ, ਉਹ ਕਿਰਪਾ ਹੈ ਜੋ ਖ਼ੁਸ਼ ਹੋ ਕੇ ਕੀਤੀ ਜਾਵੇ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ 'ਤਵ ਪ੍ਰਸਾਦਿ' ਮੁੜ-ਮੁੜ ਆਉਂਦਾ ਹੈ। 'ਗੁਰ ਪ੍ਰਸਾਦਿ' ਗੁਰੂ ਦੀ ਪ੍ਰਸੰਨਤਾ ਨਾਲ ਹੋਈ ਕਿਰਪਾ, ਜੋ ਕ੍ਰਿਤ-ਕ੍ਰਿਤ ਹੋਈ ਨਜ਼ਰ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। 'ਗੁਰ ਪ੍ਰਸਾਦਿ' ਨਦਰੀ ਨਦਰਿ ਨਿਹਾਲ ਦਾ ਹੀ ਦੂਜਾ ਰੂਪ ਹੈ। ਗੁਰੂ ਤਾਂ ਪ੍ਰਸਾਦਿ ਰੂਪ ਹੀ ਹੈ। ਉਸ ਦਾ ਸਰੂਪ ਹੀ ਸੱਚ ਚਿੱਤ ਆਨੰਦ ਹੈ। ਸੱਚ ਚਿੱਤ ਆਨੰਦ ਸਰੂਪ ਗੁਰੂ ਦੀ ਕਿਰਪਾ ਉਸ ਉੱਤੇ ਹੁੰਦੀ ਹੈ ਜਿਸ ਨੇ ਤਨ, ਮਨ, ਧਨ ਸਭ ਕੁਝ ਉਸ ਨੂੰ ਸੌਂਪ ਦਿੱਤਾ ਹੈ। ਜਿਹਨਾਂ ਲਈ 'ਇਕ ਘੜੀ ਨਾ ਮਿਲਤੇ ਤਾ ਕਲਜੁਗ ਹੋਤਾ' ਉਹਨਾਂ ਦੇ ਤੇ ਗੁਰੂ ਵਿਚਕਾਰ ਕੋਈ ਸ਼ੈਅ ਰੁਕਾਵਟ ਨਹੀਂ ਬਣ ਸਕਦੀ। ਇਹ 'ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ' ਵਾਲੀ ਅਵਸਥਾ ਹੈ। 'ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖ ਲੰਘਿ ਗੁਰ ਪਹਿ ਜਾਈ', ਲੋਹਾ ਚੁੰਬਕ ਦੀ ਖਿੱਚ ਕਾਰਨ ਸੁਤੇ-ਸਿਧ ਆਪ-ਮੁਹਾਰੇ ਜਾ ਰਿਹਾ ਹੈ ਖਿੱਚਣ ਵਾਲੇ ਵੱਲ, ਇਹ ਹਾਲਤ ਪ੍ਰੇਮ ਬਾਣੀ ਨਾਲ ਬਿਧ ਮਨਾਂ ਦੀ ਹੁੰਦੀ ਹੈ। ਪ੍ਰੇਮ ਪ੍ਰੇਮੀ ਨੂੰ ਇਕ ਉੱਤਮ ਸ਼ੈਅ ਦੇਂਦਾ ਹੈ ਜੋ ਆਮ ਸੰਸਾਰੀਆਂ ਪਾਸ ਨਹੀਂ ਹੁੰਦੀ। ਉਹ ਕੀ ਸ਼ੈਅ ਹੈ, ਜਿਸ ਨੂੰ ਫ਼ਰੀਦ ਵਰਗਾ ਪ੍ਰੇਮ-ਕੁੱਠਾ ਹੀ ਦੱਸ ਸਕਦਾ ਹੈ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

*(ਫਰੀਦ ਜੀ, ਅੰਗ ੧੩੭੯)*

ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਪ੍ਰਾਪਤ ਕਰ ਕੇ ਵੀ ਬਿਰਹਾ ਤੋਂ ਖ਼ਾਲੀ-ਖ਼ਾਲੀ ਹੀ ਰਹਿੰਦਾ ਹੈ :

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

*(ਜਪੁਜੀ, ਅੰਗ ੨)*

ਜੋਗ-ਅਭਿਆਸ ਕਰ ਕੇ ਜੋਗੀ ਲੋਕ ਉਮਰ ਵਧਾ ਸਕਦੇ ਹਨ। ਰਿਧੀਆਂ, ਸਿਧੀਆਂ, ਨਿਧੀਆਂ ਪ੍ਰਾਪਤ ਕਰ ਸਕਦੇ ਹਨ। ਦੁਨੀਆਂ ਨੂੰ ਪਿੱਛੇ ਆ ਕੇ ਆਪਣੀ ਕੀਰਤੀ ਅਤੇ ਜੱਸ ਫੈਲਾ ਸਕਦੇ ਹਨ। ਰਾਜੇ ਮਹਾਰਾਜੇ ਪਿੱਛੇ ਲਾ ਕੇ ਪ੍ਰਭੁਤਾ ਵਧਾ ਸਕਦੇ ਹਨ ਪਰ 'ਗੁਰ ਪ੍ਰਸਾਦਿ' ਤੋਂ ਬਿਨਾਂ ਸੱਚੇ ਦਰਬਾਰ ਵਿਚ ਉਹਨਾਂ ਦੀ ਕਿਸੇ ਬਾਤ ਹੀ ਨਹੀਂ ਪੁੱਛਣੀ। ਮੁਕਤੀ ਗੁਰੂ ਕਿਰਪਾ ਨਾਲ ਹੀ ਪ੍ਰਾਪਤ ਹੋਵੇਗੀ। ਮੁਕਤ ਹੋਣ ਲਈ ਗੁਰੂ ਮਾਰਗ ਹੀ ਇਕੋ ਇਕ ਰਾਹ ਹੈ, ਹੋਰ ਕੋਈ ਨਹੀਂ। ਗੁਰੂ ਤੋਂ ਬਿਨਾਂ ਕਿਸੇ ਹੋਰ ਨੂੰ ਇਹ ਜੁਗਤੀ ਲੱਭੀ ਹੀ ਨਹੀਂ। ਜੇ ਗੁਰੂ ਮਿਲ ਜਾਵੇ ਫਿਰ ਘਰ-ਬਾਰ ਤਿਆਗਣ ਦੀ ਲੋੜ ਨਹੀਂ:

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**

*(ਮਹਲਾ ੪, ਅੰਗ ੫੨੨)*

ਗੁਰੂ ਕਿਰਪਾ ਗੁਰ ਗਿਆਨ ਹੈ, ਜੋ ਗੁਰੂ ਉਪਦੇਸ਼ ਦੇ ਰੂਪ ਵਿਚ ਸਿੱਖ ਨੂੰ ਮਿਲਿਆ ਹੈ। ਗੁਰੂ ਉਪਦੇਸ਼ ਵਿਚ ਮੁੱਖ ਸ਼ੈਅ ਗੁਰ-ਮੰਤਰ ਹੈ। ਉਹ ਵਰਣਾਤਮਕ ਨਾਮ ਹੈ। ਇਹ ਨਾਮ ਹੋਰ ਵੀ ਜਪਦੇ-ਜਪਾਉਂਦੇ ਹਨ ਪਰ ਉਸ ਦਾ ਕੋਈ ਲਾਭ ਨਹੀਂ ਕਿਉਂਕਿ ਉਹ ਸੁਣੀ-ਸੁਣਾਈ ਗੱਲ ਕਰਦੇ ਹਨ, ਉਹਨਾਂ ਦਾ ਮਨ ਨਾਮ ਵਿਚ ਨਹੀਂ ਹੁੰਦਾ। ਇਸ ਤੋਂ ਉਲਟ ਗੁਰੂ ਨਾਮ ਦਾ ਸਾਗਰ ਹੈ:

**ਗੁਰੁ ਸਾਗਰੁ ਰਤਨੀ ਭਰਪੂਰੇ ॥** *(ਮਹਲਾ ੧, ਅੰਗ ੬੮੫)*

ਇਹਨਾਂ ਰਤਨਾਂ ਦੇ ਸਾਗਰ ਵਿਚੋਂ ਸਿੱਖ ਨਾਮ ਰੂਪੀ ਮੋਤੀ ਉਦੋਂ ਹੀ ਕੱਢ ਸਕਦਾ ਹੈ ਜਦੋਂ ਉਹ ਪ੍ਰਛਿੰਨ ਹੰਕਾਰ ਦਾ ਬੋਝਾ ਦੂਰ ਸੁੱਟ ਦੇਂਦਾ ਹੈ ਤੇ ਮਨ ਗੁਰੂ ਨੂੰ ਹੀ ਵੇਚ ਦਿੰਦਾ ਹੈ:

**ਮਨੁ ਬੇਚੈ ਸਤਿਗੁਰ ਕੈ ਪਾਸਿ ॥**
**ਤਿਸੁ ਸੇਵਕ ਕੇ ਕਾਰਜ ਰਾਸਿ ॥** *(ਮਹਲਾ ੫, ਅੰਗ ੨੮੬)*

ਗੁਰੂ ਦੇਹ ਨਹੀਂ, ਦੇਹ ਰਾਹੀਂ ਗੁਰੂ ਜੋਤਿ ਦਾ ਪ੍ਰਕਾਸ਼ ਹੋ ਰਿਹਾ ਹੈ। ਉਹ ਦੇਹ ਦੇ ਧੁਰ ਅੰਦਰ ਗੁਰੂ ਸਰੂਪ ਦੀ ਸੁੰਦਰਤਾ ਦਾ ਆਸ਼ਕ ਗੁਰੂ ਕਿਰਪਾ ਦਾ ਪਾਤਰ ਬਣਦਾ ਹੈ। ਗੁਰੂ ਕਿਰਪਾ ਕਰ ਕੇ ਉਹ ਜੋਤਿ ਸਿੱਖ ਦੇ ਮਨ ਵਿਚੋਂ ਪ੍ਰਗਟ ਕਰ ਵਿਖਾਉਂਦਾ ਹੈ। ਇਹ ਕਾਰਜ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੀ ਬੁੱਧੀ ਨਾਲ ਨਹੀਂ ਹੋ ਸਕਦਾ। ਸਿੱਖ ਗੁਰੂ ਦੀ ਮੱਤ ਧਾਰਨ ਕਰ ਕੇ ਉਸ ਪਾਸੋਂ ਵਿਵੇਕ ਬੁੱਧੀ ਦੀ ਮੰਗ ਕਰਦਾ ਹੈ:

**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥**

*(ਮਹਲਾਂ ੪, ਅੰਗ ੬੪੧)*

ਇਹ ਬਿਬੇਕ ਬੁੱਧ ਵਿਦਿਆ ਵਿਰਤੀ ਬਣ ਕੇ ਆਪਣੇ ਸੋਏ ਸਰੂਪ ਨੂੰ ਸਹਿਜੇ ਹੀ ਲਖਾ ਦੇਂਦੀ ਹੈ:

**ਹੈ ਤਉ ਸਹੀ ਲਖੈ ਜਉ ਕੋਈ॥**
**ਤਬ ਓਹੀ ਉਹੁ ਏਹੁ ਨ ਹੋਈ॥** *(ਕਬੀਰ ਜੀ, ਅੰਗ ੩੪੨)*

ਇਹ ਲਖਤਾ ਫਿਰ ਮਿਟ ਨਹੀਂ ਸਕਦੀ, ਇਹੀ ਗਿਆਨ ਹੈ। ਇਸ ਗਿਆਨ ਨਾਲ ਬੱਧਾ ਮਨ ਅਡੋਲ ਹੋ ਜਾਂਦਾ ਹੈ। ਡੋਲਤਾ ਸਭ ਮਨ ਦੀ ਹੈ, ਸਰੂਪ ਦੀ ਨਹੀਂ। ਸਰੂਪ ਤਾਂ 'ਆਪ ਅਡੋਲ ਨ ਕਬਹੂ ਡੋਲੈ' ਹੈ। ਇਸ ਪ੍ਰਕਾਰ ਗੁਰੂ ਕਿਰਪਾ ਵਾਲਾ ਮਨ ਨਾਮ ਦੁਆਰਾ ਸਹਿਜੇ ਆਪਣੇ ਆਪੇ ਨੂੰ ਜਾਣ ਕੇ ਮੁਕਤ ਹੋ ਜਾਂਦਾ ਹੈ:

**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥**
**ਨਾਨਕ ਨਾਮੁ ਮਿਲੈ ਮਨੁ ਮਾਨਿਆ॥** *ਮਹਲਾ ੩, ਅੰਗ ੬੬੪)*

ਇਹ ਸਭ ਮਨ ਦਾ ਰਚਿਆ ਹੀ ਸੰਸਾਰ ਹੈ, ਵਾਸਤਵ ਵਿਚ ਆਪਣੇ ਆਪ ਤੋਂ ਬਿਨਾਂ ਇਥੇ ਹੋਰ ਕੋਈ ਹੈ ਹੀ ਨਹੀਂ।

**ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥**
SIKHBOOKCLUB.COM
*(ਮਹਲਾ ੨, ਅੰਗ ੪੭੫)*

ਗੁਰ ਪ੍ਰਸਾਦਿ ਤੋਂ ਬਿਨਾਂ ਇਹ ਸੋਝੀ ਪੈ ਨਹੀਂ ਸਕਦੀ। ਕਿਰਪਾ ਕਰਨ ਵਾਲਾ ਗੁਰੂ ਵੀ ਉਹੀ ੧ਓ ਆਪ ਹੀ ਹੈ। ਸੋ ਇਹ ਮੂਲ-ਮੰਤਰ ਦੇ ਨੌ ਪਦ ਉਸੇ ਇਕ ਦਾ ਸਰੂਪ ਲੱਛਣ ਹਨ ਜੋ ਸਭ ਦਾ ਮੂਲ ਹੈ। ਜਗਿਆਸੂ ਇਕ ਮੂਲ-ਮੰਤਰ ਦੁਆਰਾ ਉਸ ਇਕ ਨੂੰ ਪ੍ਰਾਪਤ ਹੋ ਕੇ ਪੂਰਾ ਹੋ ਜਾਂਦਾ ਹੈ:

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥**
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥**
*(ਮਹਲਾ ੫, ਅੰਗ ੨੯੫)*

9 ਦਾ ਹਿੰਦਸਾ ਵੀ ਪੂਰਾ ਹੈ। ਇਸ ਨੂੰ ਪਹਾੜਾ ਬਣਾ ਕੇ ਗਿਣੋ ਤਾਂ ਜਵਾਬ 9 ਹੀ ਆਵੇਗਾ। ਇਹੀ ਇਸ ਦੇ ਪੂਰੇ ਹੋਣ ਦਾ ਸਬੂਤ ਹੈ।

ਮੂਲ-ਮੰਤਰ ਦੀ ਆਰਾਧਨਾ ਲਈ 'ਜਪੁ' ਵਿਧੀ ਵਾਕ ਹੈ ਅਤੇ ਸਚੁ ਮੰਤਰ (ਸਲੋਕ) ਇਸ ਮੂਲ ਉੱਤੇ ਗੁਰੂ ਨਾਨਕ ਦੀ ਮੁਹਰ ਹੈ। ਸੋ ਸਿਮਰਨ ਲਈ ਮੁਹਰ ਤਕ ਸਿਮਰੋ:

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

॥ ਜਪੁ ॥
**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

*(ਜਪੁਜੀ, ਅੰਗ ੧)*

# ਜਪੁ

*ਜਪੁ :* ਨੌਂ ਅੰਗਾਂ ਵਾਲੇ ਮੂਲ-ਮੰਤਰ ਤੋਂ ਅੱਗੇ ਬਾਣੀ ਦੀ ਸੁਰਖ਼ੀ (ਸਿਰਲੇਖ) ਜਪੁ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕਿਸੇ ਰਾਗ ਵਿਚ ਨਹੀਂ ਲਿਖੀ ਗਈ। ਇਸ ਬਾਣੀ ਨੂੰ ਸਤਿਕਾਰ ਨਾਲ ਜਪੁਜੀ ਸਾਹਿਬ ਕਿਹਾ ਜਾਂਦਾ ਹੈ। ਜਪੁ ਜਾਂ ਜਾਪੁ ਸਮ-ਅਰਥਕ ਸ਼ਬਦ ਹਨ ਜਿਸ ਦਾ ਅਰਥ ਹੈ ਜਪਣਾ। ਮੁੜ-ਮੁੜ ਕੇ ਵਿਚਾਰ ਨਾਲ ਪੜ੍ਹਨਾ। ਹੋਰ ਬਾਣੀ ਰਾਗਾਂ ਅਨੁਸਾਰ ਗਾਈ ਜਾਂਦੀ ਹੈ, ਜਿਸ ਨੂੰ ਕੀਰਤਨ ਵੀ ਕਹਿੰਦੇ ਹਨ ਪਰ ਜਪੁਜੀ ਨੂੰ ਗਾਉਣ ਦਾ ਹੁਕਮ ਨਹੀਂ, ਵਿਚਾਰਨ ਦਾ ਹੁਕਮ ਹੈ। ਵਿਚਾਰ ਨਾਲ ਬਾਰ-ਬਾਰ ਪੜ੍ਹਨ ਕਰਕੇ ਹੀ ਇਸ ਨੂੰ ਜਪੁ ਕਿਹਾ ਗਿਆ ਹੈ:

SIKHBOOKCLUB.COM

ਜਪੁ ਵਿਧੀ ਵਾਕ ਹੈ ਜਿਸ ਦਾ ਅਰਥ ਹੈ ਜਪਣ ਕਰੋ। ਕਿਸ ਨੂੰ ? ਮੂਲ ਨੂੰ। ਮੂਲ ਕੀ ਹੈ ? ੧ਓ ਹੈ। ੧ਓ ਦਾ ਸਰੂਪ ਕੀ ਹੈ ? ਗੁਰ ਪ੍ਰਸਾਦਿ ਤਕ 9 ਪਦ। ਜਿਹਨਾਂ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਨੌ ਅੰਗ ਸੁੰਨ ਸੁਮਾਰ ਸੰਗਿ ਨਰਾਲਿਆ ॥**

ਇਸ ਨੂੰ ਜਪਣ ਵਾਲਾ ਜਪੁ ਕੇ ਕੀ ਲੱਭਦਾ ਹੈ ? ਸੱਚ ਨੂੰ। ਕਿਹੜੇ ਸੱਚ ਨੂੰ ? ਇਖ਼ਲਾਕੀ ਸੱਚ ਨੂੰ। ਜਿਸ ਦੇ ਟਾਕਰੇ 'ਤੇ ਝੂਠ ਹੈ ? ਨਹੀਂ, ਬਿਲਕੁਲ ਨਹੀਂ, ਉਹ ਲੱਭਦਾ ਹੈ ਰਹਿਸਕ ਸੱਚ ਨੂੰ ਜਿਸ ਦੇ ਟਾਕਰੇ 'ਤੇ ਕੋਈ ਦੂਜਾ ਨਹੀਂ ਹੈ, ਕੇਵਲ ਉਹੀ ਮੂਲ ਹੈ:

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥**
**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**

*(ਮਹਲਾ ੫, ਅੰਗ ੨੮੫)*

'ਕਰਨ-ਕਾਰਨ ਪ੍ਰਭ ਏਕ ਹੈ ਦੂਸਰ ਨਾਹੀ ਕੋਇ ॥' ਦੇ ਮਹਾਂਵਾਕ ਅਨੁਸਾਰ ਉਹ ੧ ਹੀ ਹੈ। 'ਏਕੋ ਬ੍ਰਹਮ ਦੁਤੀਆ ਨਾਸਤੀ' ਵੀ ਇਸੇ ਅਦਵੈਤ ਸਤਿ ਰਹਿਸਕ ਸੱਚ ਦਾ ਲਖਾਇਕ ਹੈ। ਉਸ ਸੱਚ ਦੀ ਵਿਆਖਿਆ ਅੱਗੇ ਸਲੋਕ ਵਿਚ ਕੀਤੀ ਹੈ

ਜਿਸ ਨੂੰ ਅਨੁਭਵੀ ਸੰਤਾਂ ਨੇ 'ਸੱਚ-ਮੰਤਰ' ਦਾ ਨਾਂ ਦਿੱਤਾ ਹੈ।

ਜਪੁ ਬਾਣੀ ਵਿਚ ਮੂਲ ਮੰਤਰ ਦੀ ਵਿਆਖਿਆ ਕੀਤੀ ਹੈ। ਉਸ ਮੂਲ ਨੂੰ ਮਿਲਣ ਦੀ ਵਿਧੀ ਜਾਂ ਜੁਗਤੀ ਦਰਸਾਈ ਹੈ। ਉਸ ਮੂਲ ਤੱਤ ਦੀ ਪ੍ਰਾਪਤੀ ਲਈ ਅਸਫ਼ਲ ਸਾਧਨਾ ਕਮਜ਼ੋਰ ਦੱਸ ਕੇ ਸਫ਼ਲ ਸਾਧਨ ਨਿਰੂਪਤ ਕੀਤੇ ਹਨ।

ਜਪੁ ਦੀ ਸਵਿਸਤਾਰ ਵਿਆਖਿਆ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ। ਉਹ ਸਫ਼ਲ ਸਾਧਨ 1430 ਪੰਨਿਆਂ ਦੇ ਮਹਾਨ ਗ੍ਰੰਥ ਵਿਚ ਕਈ ਢੰਗਾਂ ਨਾਲ ਵਿਸਥਾਰ ਸਹਿਤ ਵਰਣਨ ਹੋਏ ਹਨ। ਇਸੇ ਲਈ ਜਪੁਜੀ ਬਾਣੀ ਨੂੰ ਮੁਕਤੀ-ਦਾਤਾ ਵੀ ਕਿਹਾ ਜਾਂਦਾ ਹੈ।

ਜਪੁਜੀ ਨਿਤਨੇਮ ਵਿਚ ਪੜ੍ਹਨ ਵਾਲੀ ਪਹਿਲੀ ਬਾਣੀ ਹੈ। ਜਪੁਜੀ ਅੰਮ੍ਰਿਤ ਤਿਆਰ ਕਰਨ ਸਮੇਂ ਸਭ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਬਾਣੀ ਹੈ। ਜਪੁਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਹੈ। ਕੇਵਲ ਜਪੁਜੀ ਦਾ ਪਾਠ ਕਰਨ ਵਾਲੇ ਸਹਿਜ ਅਵਸਥਾ ਨੂੰ ਪ੍ਰਾਪਤ ਹੋਏ ਅਨੇਕਾਂ ਗੁਰਸਿੱਖ ਹਨ। ਬਾਬਾ ਖੇਮ ਸਿੰਘ ਬੇਦੀ ਜਪੁਜੀ ਦੇ 25 ਪਾਠ ਕਰ ਕੇ ਭੋਜਨ ਛਕਦੇ ਸਨ। ਉਹ ਕਿਸੇ ਰੂਹਾਨੀ ਮਰਤਬੇ ਨੂੰ ਪ੍ਰਾਪਤ ਸਨ। ਇਸ ਬਾਰੇ ਉਹਨਾਂ ਦੇ ਪ੍ਰੇਮੀ ਹੀ ਜਾਣਦੇ ਹਨ। ਮਿਰਤਕ ਪ੍ਰਾਣੀ ਦੇ ਕਲਿਆਣ ਲਈ ਜਪੁਜੀ ਦੇ ਪਾਠ ਦੀ ਰੀਤ ਗੁਰੂ ਸਾਹਿਬਾਂ ਦੇ ਸਮੇਂ ਤੋਂ ਚਲੀ ਆ ਰਹੀ ਹੈ।

SIKHBOOKCLUB.COM

ਗੁਰੂ ਘਰ ਦੀਆਂ ਪੁਰਾਤਨ ਸੰਪਰਦਾਵਾਂ ਉਦਾਸੀ ਅਤੇ ਨਿਰਮਲੇ ਸਾਧੂ ਹਨ ਜਿਹਨਾਂ ਦੇ ਪ੍ਰਚਾਰ ਦਾ ਮੁੱਖ ਸਾਧਨ ਜਪੁਜੀ ਹੀ ਸੀ। ਉਦਾਸੀਆਂ ਦਾ ਗੁਰ-ਮੰਤਰ ਵੀ ਮੂਲ-ਮੰਤਰ ਹੈ, ਜਿਸ ਦੀਆਂ ਪੁਰਾਤਨ ਤੋਂ ਪੁਰਾਤਨ ਯਾਦਗਾਰਾਂ ਰੂਸ ਦੇ ਆਜ਼ਰਬਾਈਜਾਨ ਸ਼ਹਿਰ ਵਿਚੋਂ ਵੀ ਲੱਭੀਆਂ ਹਨ। ਗੱਲ ਕੀ ਗੁਰਮਤਿ ਨੇ ਜਪੁ ਨੂੰ ਹੀ ਮੁਕਤੀ ਦਾ ਦਰ ਕਿਹਾ ਹੈ, ਜਪੁ ਨੂੰ ਸਿਮਰਨ ਵੀ ਕਿਹਾ ਜਾਂਦਾ ਹੈ, ਜਿਸ ਨੂੰ ਗੁਰਬਾਣੀ ਜੀਵ ਦਾ ਆਧਾਰ ਮੰਨਦੀ ਹੈ:

**ਸਿਮਰਿ ਸਿਮਰਿ ਨਾਮੁ ਬਾਰੰ ਬਾਰ॥**
**ਨਾਨਕ ਜੀਅ ਕਾ ਇਹੈ ਅਧਾਰ॥** *(ਸੁਖਮਨੀ ਮਹਲਾ ੫, ਅੰਗ ੨੯੫)*

ਸਿਮਰਨ ਜਾਂ ਜਪੁ ਦਾ ਭਾਵ ਇਕੋ ਹੀ ਹੈ। ਗੁਰੂ ਘਰ ਵਿਚ ਪ੍ਰਭੂ-ਪ੍ਰਾਪਤੀ ਦਾ ਇਕੋ-ਇਕ ਇਹੀ ਮਾਰਗ ਹੈ। ਇਹੀ ਧਰਮ ਦੀ ਪੌੜੀ ਹੈ। ਇਸੇ ਨਾਲ ਹੀ ਈਸ਼ਵਰ ਵਿਚ ਸਮਾਈ ਹੋ ਕੇ ਜੀਵ ਈਸ਼ਵਰ ਦਾ ਰੂਪ ਹੋ ਨਿੱਬੜਦਾ ਹੈ:

**ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥**

*(ਮਹਲਾ ੪, ਅੰਗ ੬੨੨)*

ਪਰ ਇਸ ਨਾਮ-ਮਾਰਗ ਨੂੰ ਕਰੋੜਾਂ ਵਿਚੋਂ ਕੋਈ ਇਕ ਪ੍ਰਾਪਤ ਕਰਦਾ ਹੈ। ਜਪੁਜੀ ਵਿਚ ਨਾਮ-ਮਾਰਗ ਦੀ ਜੁਗਤੀ ਭਲੀ-ਭਾਂਤ ਨਿਰੂਪਤ ਹੈ:

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥...**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥**

*(ਜਪੁਜੀ, ਅੰਗ ੭)*

ਜਪੁ ਪਹਿਲਾਂ ਜ਼ੁਬਾਨ ਤੋਂ ਸ਼ੁਰੂ ਹੋਵੇਗਾ। ਫਿਰ ਇਹ ਕੰਠ ਵਿਚ ਆ ਕੇ ਹੋਰ ਸੂਖ਼ਮ ਹੋ ਕੇ ਹਿਰਦੇ ਵਿਚ ਪੁੱਜ ਕੇ ਉਸ ਨੂੰ ਵਿੰਨ੍ਹ ਦੇਵੇਗਾ। ਨਾਵੈ ਅੰਦਰ ਹਉ ਵਸਾ ਨਾਮ ਵਸੈ ਮਨਿ ਆਇ॥ ਮਨ ਵਿਚ ਆ ਕੇ ਜਪੁ ਅਜਪਾ ਹੋ, ਸੁਤੇ-ਸਿਧ ਪ੍ਰਕਾਸ਼ ਰੂਪ ਹੋ ਕੇ ਇਕ-ਈਸ਼ਪੁਣਾ ਲਖਾ ਦੇਵੇਗਾ:

**ਅਜਪਾ ਜਾਪੁ ਨ ਵੀਸਰੂ ਆਦਿ ਜੁਗਾਦਿ ਸਮਾਇ॥**

*(ਮਹਲਾ ੧, ਅੰਗ ੧੨੯੧)*

ਗੁਰੂ ਰਾਮਦਾਸ ਜੀ ਸੂਹੀ ਰਾਗ ਵਿਚ ਚਾਰ ਲਾਵਾਂ ਦੁਆਰਾ ਜਪੁ ਦੀਆਂ ਚਾਰ ਸਟੇਜਾਂ—ਪਰਵਿਰਤੀ, ਇਕਾਗਰਤਾ (ਜਿਥੇ ਅਨਹਦ ਸ਼ਬਦ ਸੁਣਿਆ), ਧੁਨ (ਜਿਥੇ ਧਿਆਨ ਪਰਪੱਕ ਹੋਇਆ), ਗਿਆਨ, 'ਮਨ ਸਹਿਜ ਭਇਆ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਓ' ਕਹਿ ਕੇ ਚੌਥੀ ਲਾਂਵ ਸਮਾਪਤ ਕਰਦੇ ਹਨ।

SIKHBOOKCLUB.COM

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਜਪੁ (ਸਿਮਰਨ) ਤੋਂ ਹਰ ਕਿਸਮ ਦੀਆਂ ਪ੍ਰਾਪਤੀਆਂ ਦਰਸਾਉਂਦੇ 'ਪ੍ਰਭ ਕੈ ਸਿਮਰਨ...' ਉੱਤੇ ਜ਼ੋਰ ਦਿੰਦੇ ਹਨ। ਨਾਲ ਹੀ ਇਹ ਵੀ ਲਿਖਦੇ ਹਨ ਕਿ ਸਿਮਰਦਾ ਉਹੀ ਹੈ ਜਿਸ ਉੱਤੇ ਉਸ ਦੀ ਕਿਰਪਾ ਹੋ ਜਾਵੇ। ਕਿਰਪਾਲੂ ਸੰਤ ਕਿਰਪਾ ਕਰ ਸਕਦਾ ਹੈ। ਇਸ ਲਈ ਫ਼ੁਰਮਾਉਂਦੇ ਹਨ:

**ਸੇ ਸਿਮਰਹਿ ਜਿਨ ਆਪਿ ਸਿਮਰਾਏ॥**
**ਨਾਨਕ ਤਾ ਕੈ ਲਾਗਉ ਪਾਏ॥** *(ਮਹਲਾ ੫, ਅੰਗ ੨੬੩)*

ਜਿਹਨਾਂ ਇਹ ਸੁਆਦ ਨਹੀਂ ਚਖਿਆ ਉਹ ਕਹਿੰਦੇ ਹਨ ਕਿ ਨਿੰਮ-ਨਿੰਮ ਕਰਕੇ ਮੂੰਹ ਕੌੜਾ ਨਹੀਂ ਹੁੰਦਾ ਤੇ ਨਾ ਹੀ ਖੰਡ-ਖੰਡ ਕਰਨ ਨਾਲ ਮਿੱਠਾ। ਪਰ ਮਿਸਮਰੇਜ਼ਮ ਵਾਲੇ ਕਿਹੜੇ ਰੂਹ ਤੋਂ ਵਾਕਫ਼ ਨਹੀਂ, ਕੇਵਲ ਮਨ ਦੀ ਇਕਾਗਰਤਾ ਦੇ ਢੰਗਾਂ ਨਾਲ ਚਮਤਕਾਰੀ ਗੱਲਾਂ ਕਰ ਜਾਂਦੇ ਹਨ।

ਸ਼ਬਦ ਨੂੰ ਸਮਝ ਕੇ ਜਪਣਾ ਮਹਾਨ ਹੈ ਹੀ, ਪਰ ਬੇਸਮਝੀ ਵਿਚ ਵੀ ਸਿਮਰਨ ਅਨਾਰਥਤਾ ਨਹੀਂ ਜਾਂਦਾ। ਭਾਵੇਂ ਹਨੇਰੇ ਵਿਚ ਸੱਪ ਦੇ ਡੰਗ ਨੂੰ ਚੂਹੇ ਦਾ ਕੱਟਿਆ ਹੀ ਸਮਝੀਏ ਪਰ ਜ਼ਹਿਰ ਨੇ ਤਾਂ ਅਸਰ ਕਰਨਾ ਹੀ ਹੈ। ਮਿਸਮਰੇਜ਼ਮ ਵਾਲੇ 'ਖੁੱਲ੍ਹ

ਜਾ ਸਿਮ-ਸਿਮ' ਨਾਲ ਹੀ ਜਿੰਦਰਾ ਖੋਲ੍ਹ ਸਕਦੇ ਹਨ, 'ਸੁਮ-ਸੁਮ' ਕਹਿ ਕੇ ਨਹੀਂ। ਅਜਿਹਾ ਕਿਉਂ ਹੈ ? ਉਸੇ ਕੰਮ ਵਿਚ ਸਫ਼ਲਤਾ ਹੁੰਦੀ ਹੈ ਜਿਸ ਉੱਤੇ ਮਨ ਨੂੰ ਹੋ ਜਾਣ ਦਾ ਪੂਰਨ ਭਰੋਸਾ ਹੁੰਦਾ ਹੈ। ਵਿਗਿਆਨ ਦਾ ਆਧਾਰ ਦਲੀਲ ਹੈ ਜਦੋਂ ਕਿ ਧਰਮ ਦੀ ਟੇਕ ਭਰੋਸਾ ਜਾਂ ਸ਼ਰਧਾ ਹੈ। ਸ਼ਰਧਾਹੀਣ ਧਰਮੀ ਹੀ ਨਹੀਂ ਹੁੰਦਾ। ਭਾਈ ਵੀਰ ਸਿੰਘ ਨੇ ਇਸ ਲਈ ਲਿਖਿਆ ਹੈ:

**ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਵਿਚ,**
**ਵਲਵਲੇ ਦੇ ਦੇਸ਼ ਸਾਡੀਆਂ ਲੱਗੀਆਂ ਨੇ ਯਾਰੀਆਂ।**

ਸਾਰਾ ਸੰਸਾਰ ਹੀ ਮਨ ਦੀ ਕਿਰਤ ਹੈ ਅਤੇ ਇਸ ਦੁਨੀਆਂ ਦੇ ਸਾਰੇ ਕੰਮ ਮਨ ਦੀ ਪ੍ਰਸੰਨਤਾ ਲਈ ਹੀ ਕੀਤੇ ਜਾਦੇ ਹਨ। ਲੋਕ ਪਦਾਰਥਾਂ ਵਿਚੋਂ ਰਸ ਨਹੀਂ ਲੈ ਰਹੇ, ਸਗੋਂ ਜਿਸ ਪਦਾਰਥ ਨਾਲ ਜਿਸ ਦਾ ਮਨ ਲੱਗਿਆ ਹੋਇਆ ਹੈ, ਉਸ ਨੂੰ ਉਸ ਪਦਾਰਥ ਵਿਚੋਂ ਖ਼ੁਸ਼ੀ ਪ੍ਰਤੀਤ ਹੋ ਰਹੀ ਹੈ। ਕੁੱਤੇ ਨੂੰ ਹੱਡੀ ਵਿਚੋਂ ਹੀ ਰਸ ਪ੍ਰਤੀਤ ਹੋ ਰਿਹਾ ਹੈ ਵਰਨਾ ਰਸ ਤਾਂ ਉਸ ਦੀਆਂ ਵਰਾਸ਼ਾਂ ਵਿਚੋਂ ਨਿਕਲ ਰਹੇ ਲਹੂ ਦਾ ਹੈ। ਨਾਮਦੇਵ ਜੀ ਠੀਕ ਇਸੇ ਨੂੰ ਖੋਲ੍ਹਦੇ ਲਿਖਦੇ ਹਨ:

**ਜੈਸੀ ਪਰ ਪੁਰਖਾ ਰਤ ਨਾਰੀ॥**
**ਲੋਭੀ ਨਰੁ ਧਨ ਕਾ ਹਿਤਕਾਰੀ॥**
**ਕਾਮੀ ਪੁਰਖ ਕਾਮਨੀ ਪਿਆਰੀ॥**
**ਐਸੀ ਨਾਮੇ ਪ੍ਰੀਤਿ ਮੁਰਾਰੀ॥** *(ਨਾਮਦੇਵ ਜੀ, ਅੰਗ ੧੧੬੪)*

SIKHBOOKCLUB.COM

ਮਨ ਜਦੋਂ ਪ੍ਰੇਮ ਨਾਲ ਜਪੁ ਕਰਦਾ ਹੈ ਤਾਂ ਉਸ ਨੂੰ ਸਿਮਰਨ ਦਾ ਰਸ ਆਉਂਦਾ ਹੈ। ਜਦੋਂ ਇਹ ਰਸ ਆਵੇ ਤਾਂ ਦੁਨਿਆਵੀ ਪਦਾਰਥਾਂ ਦਾ ਰਸ ਚੰਗਾ ਨਹੀਂ ਲੱਗਦਾ। ਉਸ ਨੂੰ ਦੁਨੀਆਂ ਦੀ ਹਾ-ਹੂ ਨਹੀਂ ਭਾਉਂਦੀ। ਸਗੋਂ ਉਹ ਇਕਾਂਤ ਭਾਲਦਾ ਹੈ। ਬੱਸ, 'ਇਕ ਮੈਂ ਹੋਵਾਂ ਇਕ ਤੂੰ ਹੋਵੇਂ' ਵਾਲੀ ਅਵਸਥਾ ਹੋ ਜਾਂਦੀ ਹੈ। ਉਹ ਜੰਗਲਾਂ, ਬੇਲਿਆਂ ਅਤੇ ਗ਼ੁਫ਼ਾਵਾਂ ਵਿਚ ਰੱਬ ਨੂੰ ਲੱਭਣ ਨਹੀਂ ਜਾਂਦਾ ਸਗੋਂ ਇਕਾਂਤ ਵਿਚ ਰਸ ਮਾਨਣ ਲਈ ਜਾਂਦਾ ਹੈ। ਹੌਲੀ-ਹੌਲੀ ਇਹ ਜਾਪ ਅਜਪਾ ਬਣ ਜਾਂਦਾ ਹੈ:

**ਨਾਮ ਲੇਤੇ ਨਹੀਂ ਕਿ ਸ਼ਾਇਦ ਨਾ ਸੁਨ ਲੇ ਕੋਈ,**
**ਦਿਲ ਹੀ ਦਿਲ ਮੇਂ ਹਮ ਤੁਮ੍ਹੇਂ ਯਾਦ ਕੀਆ ਕਰਤੇ ਹੈਂ।**

ਇਹ ਦਿਲ ਹੀ ਦਿਲ ਵਿਚ ਯਾਦ ਕਰਨਾ, ਨਾਮ ਦੁਆਰਾ ਮਨ ਨੂੰ ਪਰੋਵਣਾ ਹੈ। ਜਦੋਂ ਪ੍ਰੇਮੀ ਦਾ ਮਨ ਨਾਮ ਨਾਲ ਵਿੰਨ੍ਹਿਆ ਜਾਵੇ ਫੇਰ ਮਨ ਨੂੰ ਕੁਲ ਸੰਸਾਰ ਤੋਂ ਵੈਰਾਗ ਹੋ ਜਾਂਦਾ ਹੈ। ਵੈਰਾਗ ਤੋਂ ਅਗਲੀ ਅਵਸਥਾ ਸਹਿਜ (ਗਿਆਨ) ਦੀ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਮਨੁੱਖਾ ਜੀਵਨ ਦਾ

ਲਕਸ਼ ਹੈ। ਜਿਸ ਨੂੰ ਬ੍ਰਹਮ ਗਿਆਨ ਅਨੁਭਵੀ ਰੂਪ ਵਿਚ ਪ੍ਰਾਪਤ ਹੋ ਗਿਆ, ਉਸ ਲਈ ਕਿਸੇ ਕਰਮ ਦੀ ਪਾਬੰਦੀ ਨਹੀਂ ਰਹਿ ਜਾਂਦੀ। ਉਸ ਦੀ ਹਰ ਕਿਸਮ ਦੇ ਬੰਧਨਾਂ ਤੋਂ ਖ਼ਲਾਸੀ ਹੋ ਜਾਂਦੀ ਹੈ। ਬ੍ਰਹਮ ਗਿਆਨੀ ਉਹੀ ਹੁੰਦਾਹੈ ਜਿਸ ਉੱਤੇ ਉਸ ਦੀ ਮਿਹਰ ਹੋਵੇ:

**ਬ੍ਰਹਮ ਗਿਆਨ ਸੇ ਜਨ ਭਏ॥**
**ਨਾਨਕ ਜਿਨ ਪ੍ਰਭੁ ਆਪਿ ਕਰੇਇ॥** *(ਮਹਲਾ ੫, ਅੰਗ ੨੭੨)*

ਬ੍ਰਹਮ ਗਿਆਨੀ ਪਰਮੇਸ਼ਰ ਦਾ ਸਰਗੁਣ ਸਰੂਪ ਹੈ। ਉਹ ਆਕਾਰ ਵਿਚ ਨਿਰੰਕਾਰ ਹੈ। ਗੁਰੂ ਅਰਜਨ ਦੇਵ ਜੀ ਆਪਣੇ ਸਤਿਗੁਰਾਂ ਦੇ ਇਸ ਸਰੂਪ ਨੂੰ ਅਨੁਭਵ ਕਰਦੇ ਹੋਏ ਕਹਿੰਦੇ ਹਨ 'ਹਰਿ ਜੀਉ ਨਾਮ ਪਰਿਓ ਰਾਮਦਾਸ' ਅਰਥਾਤ ਹਰੀ ਜੀ ਦਾ ਨਾਂ ਅੱਜ ਕਲ੍ਹ ਰਾਮਦਾਸ ਹੈ। ਪਰ ਇਹ ਅਵਸਥਾ ਕਰੋੜਾਂ ਵਿਚੋਂ ਕਿਸੇ ਇਕ ਨੂੰ ਹੀ ਪ੍ਰਾਪਤ ਹੁੰਦੀ ਹੈ:

**ਕਹੁ ਨਾਨਕ ਕੋਟਨ ਮਹਿ ਕੋਊ ਨਾਰਾਇਣ ਜਿਹ ਚੀਤੁ॥**
*(ਮਹਲਾ ੯, ਅੰਗ ੧੪੨੬)*

ਇਸ ਮਾਰਗ ਉੱਤੇ ਚੱਲਿਆ ਭਗਤ ਇਸ ਜਨਮ ਵਿਚ ਨਹੀਂ ਤਾਂ ਅਗਲੇ ਜਨਮ ਵਿਚ ਸਫ਼ਲਤਾ ਜ਼ਰੂਰ ਪ੍ਰਾਪਤ ਕਰਦਾ ਹੈ।

SIKHBOOKCLUB.COM

ਇਹ ਜਪੁ (ਨਾਮ) ਮਾਰਗ ਕਰਮ-ਕਾਂਡੀ ਮੱਤਾਂ ਨਾਲੋਂ ਬਿਲਕੁਲ ਅੱਡਰਾ ਮਾਰਗ ਹੈ, ਵੱਖਰਾ ਪੰਥ ਹੈ। ਕਰਮ-ਕਾਂਡੀ ਮੱਤਾਂ ਦਾ ਆਧਾਰ ਭੈੜੇ (ਵਿਵਰਜਿਤ) ਕੰਮਾਂ ਦਾ ਤਿਆਗ ਅਤੇ ਭਲੇ ਕੰਮ ਦਾ ਗ੍ਰਹਿਣ ਕਰਨਾ ਹੈ। ਇਸੇ ਕਾਰਨ ਉਹਨਾਂ ਨੂੰ ਭਲੇ ਜਾਂ ਬੁਰੇ ਕਿਹਾ ਹੈ। ਉਹਨਾਂ ਦੀ ਅੰਤਮਗਤੀ ਬਾਰੇ ਜਪੁ ਬਾਣੀ ਦੇ ਆਖ਼ਰੀ ਸਲੋਕ ਵਿਚ ਲਿਖਿਆ ਹੈ:

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥** *(ਜਪੁਜੀ, ਅੰਗ ੮)*

ਪਰ ਨਾਮ ਮਾਰਗ ਵਾਲਿਆਂ ਨੂੰ ਆਪਣੇ ਕਰਮਾਂ ਦਾ ਹੰਕਾਰ ਨਹੀਂ ਹੁੰਦਾ। ਉਹਨਾਂ ਦੀ ਟੇਕ ਪ੍ਰਭੂ ਦੀ ਕਿਰਤਾ 'ਤੇ ਹੈ। ਉਹ ਸ਼ਾਹ ਹੁਸੈਨ ਦੇ ਸ਼ਬਦਾਂ ਵਿਚ ਕਹਿੰਦੇ ਹਨ:

**ਅਦਲੋਂ ਫ਼ਜ਼ਲ ਕਰੀਂ ਓ ਯਾਰ।**

ਜਿਹਨਾਂ ਉੱਤੇ ਅੱਲਾਹ ਦਾ ਫ਼ਜ਼ਲ ਹੋ ਗਿਆ, ਉਹਨਾਂ ਦੇ ਕਰਮ ਫ਼ਲ ਸਭ ਥੋਥੇ ਹੋ ਗਏ:

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥** *(ਜਪੁਜੀ, ਅੰਗ ੮)*

ਕਿਰਪਾ ਕਰਨ ਵਾਲੇ ਤਾਂ ਹੋਰਨਾਂ ਨੂੰ ਬਖ਼ਸ਼ ਦਿੰਦੇ ਹਨ। ਜਪੁ ਮਾਰਗ ਸਾਰੇ ਹੀ ਧਰਮਾਂ ਨੇ ਸ੍ਰੇਸ਼ਟ ਮੰਨਿਆ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ, ਰਾਮਾਇਣ ਵਿਚ ਬਾਲਮੀਕ, ਕੁਰਾਨ ਵਿਚ ਹਜ਼ਰਤ ਮੁਹੰਮਦ ਸ਼ਾਹਿਬ ਅੱਲਾਹ ਦੇ ਜ਼ਿਕਰ ਨੂੰ ਸਰਵੋਤਮ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਦੀ ਇਹੀ ਵਡਿਆਈ ਹੈ ਕਿ ਉਹਨਾਂ ਨੇ ਸੱਜਣ ਜਿਹੇ ਠੱਗਾਂ, ਕੌਡੇ ਜਿਹੇ ਰਾਖ਼ਸ਼ਾਂ, ਭੂਮੀਏ ਜਿਹੇ ਚੋਰਾਂ, ਨੂਰਸ਼ਾਹ ਜਿਹੀਆਂ ਫਫੇ-ਕੁੱਟਣੀਆਂ ਨੂੰ ਜਪੁ ਦੁਆਰਾ ਹੀ ਮੁਕਤ ਕੀਤਾ ਹੈ। ਗੁਰਬਾਣੀ ਇਸ ਸਿਧਾਂਤ ਨੂੰ ਬਾਰ-ਬਾਰ ਦਰਸਾਉਂਦੀ ਹੈ:

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥**
*(ਮਹਲਾ ੪, ਅੰਗ ੬੯੮)*

ਨਾਮ ਮਾਰਗ ਉੱਤੇ ਚੱਲਣ ਵਾਲਿਆਂ ਦੇ ਕਰਮਾਂ ਦਾ ਹਿਸਾਬ ਕਿਤਾਬ (ਵਹੀ-ਖਾਤਾ) ਪਾੜ ਦਿੱਤਾ ਜਾਂਦਾ ਹੈ।

ਹੁਣ ਰਹੀ ਗੱਲ ਉਹਨਾਂ ਸ਼ੰਕਾਵਾਦੀਆਂ ਦੀ, ਜਿਹੜੇ 'ਨਿੰਮ-ਨਿੰਮ ਕਹਿਣ ਨਾਲ ਮੂੰਹ ਕੌੜਾ ਅਤੇ ਖੰਡ-ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੁੰਦਾ' ਕਹਿੰਦੇ ਹਨ। ਨਿੰਮ ਤੇ ਖੰਡ ਦੋ ਪਦਾਰਥ ਹਨ ਜੋ ਬੰਦੇ ਤੋਂ ਦੂਰ ਪਏ ਹਨ, ਪਰ ਵਾਹਿਗੁਰੂ ਜਾਂ ਰੱਬ ਉਸ ਤੋਂ ਦੂਰ ਨਹੀਂ, ਉਹ ਤਾਂ ਮਨ ਦੇ ਵਿਚ ਹੀ ਹੈ:

**ਮਤਿ ਵਿਚਿ ਰਤਨ ਜਵਾਹਰ ਮਾਣਿਕ**
**ਜੇ ਇਕ ਗੁਰ ਕੀ ਸਿਖ ਸੁਣੀ॥** *(ਜਪੁਜੀ, ਅੰਗ ੨)*

ਜੇ ਜਗਿਆਸੂ ਗੁਰੂ ਦੀ ਸਿੱਖਿਆ ਮਨ ਕਰਕੇ ਸੁਣ ਲਵੇ ਤਾਂ ਉਸ ਨੂੰ ਜਪੁ ਮਾਰਗ ਉੱਤੇ ਚੱਲ ਕੇ ਧਰਮ ਦਾ ਖ਼ਜ਼ਾਨਾ ਆਪਣੇ ਮਨ ਵਿਚੋਂ ਹੀ ਮਿਲ ਜਾਣਾ ਹੈ। ਜਿਵੇਂ ਕਿਸੇ ਦੇ ਘਰ ਵਿਚ ਖ਼ਜ਼ਾਨਾ ਮਿੱਟੀ ਹੇਠ ਦੱਬਿਆ ਪਿਆ ਸੀ। ਉਹ ਗ਼ਰੀਬ ਸਮਝ ਕੇ ਰੋਂਦੇ-ਧੋਂਦੇ ਰਹਿੰਦੇ, ਜਦੋਂ ਜੋਤਸ਼ੀ ਨੇ ਘਰੋਂ ਪੁੱਟ ਕੇ ਖ਼ਜ਼ਾਨਾ ਦਿੱਤਾ ਤਾਂ ਵੇਖਦਿਆਂ ਸਾਰ ਘਰ ਵਾਲਿਆਂ ਦੀ ਬਾਛਾਂ ਖਿਲ ਗਈਆਂ। ਉਹ ਖ਼ੁਸ਼ੀ ਵਿਚ ਨੱਚਣ ਲੱਗ ਪਏ। ਇਸੇ ਤਰ੍ਹਾਂ ਜਪੁ ਦੀ ਕਹੀ ਚਲਾ ਕੇ ਸੰਸਕਾਰਾਂ ਦੀ ਮਿੱਟੀ ਪੁੱਟੀ ਜਾਵੇ। ਜਦੋਂ ਸਾਰੀ ਮਿੱਟੀ ਪੁੱਟ ਕੇ ਦੂਰ ਕਰ ਦਿੱਤੀ ਤਾਂ ਮਨ ਵਿਚੋਂ ਹੀ ਪ੍ਰਭੂ ਦੇ ਦਰਸ਼ਨ ਹੋ ਜਾਣੇ ਹਨ। ਇਸ ਲਈ ਵਾਹਿਗੁਰੂ-ਵਾਹਿਗੁਰੂ ਕੀਤਿਆਂ ਉਹ ਮਿਲ ਜਾਵੇਗਾ ਪਰ ਭਰੋਸਾ ਪੂਰਾ ਹੋਵੇ। ਜਦੋਂ ਉਹ ਮਿਲ ਗਿਆ ਫਿਰ ਉਸਨੂੰ ਸੱਚ ਤੋਂ ਸਿਵਾ ਹੋਰ ਕੁਝ ਦਿਸੇਗਾ ਹੀ ਨਹੀਂ। ਜਪੁ ਨੇ ਸੱਚ ਨੂੰ ਮਿਲਾਉਣਾ ਹੈ। ਜਿਸ ਨੇ ਗੱਲਾਂ-ਬਾਤਾਂ ਨਾਲ ਨਹੀਂ,

ਸਗੋਂ ਅਨੁਭਵੀ ਰੂਪ ਵਿਚ ਸੱਚ ਦੀ ਪ੍ਰਾਪਤੀ ਕਰ ਲਈ, ਉਸ ਲਈ ਨਾ ਕਾਲ ਹੈ, ਨਾ ਦੇਸ਼ ਹੈ ਅਤੇ ਨਾ ਹੀ ਆਕਾਰ ਹੈ। ਬੱਸ, ਉਸ ਨੂੰ ਤਾਂ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਪ੍ਰਤੱਖ ਰੂਪ ਵਿਚ ਦਿਸੇਗਾ। ਸੱਚ ਉੱਤੇ ਕਦੇ ਕਾਲ ਹਾਵੀ ਨਹੀਂ ਹੋਇਆ। ਜਿਹੜਾ ਸੱਚ ਕਾਲ ਦੇ ਪ੍ਰਭਾਵ ਹੇਠ ਹੈ, ਉਹ ਸੱਚ ਹੀ ਨਹੀਂ।

'ਸਚ ਇਕ ਹੋਂਦ ਹੈ ਜੋ ਕਦੇ ਤਬਦੀਲ ਨਹੀਂ ਹੁੰਦੀ।' ਇਕ ਹੋਣਾ ਹੋਂਦ ਹੋਣਾ ਅਤੇ ਅਬਦਲ ਹੋਣਾ ਹੀ ਰਹਿਸਕ ਸੱਚ ਹੈ। ਇਖ਼ਲਾਕੀ ਸੱਚ ਦਵੰਦ ਦਾ ਸੱਚ ਹੈ ਜਿਸ ਦੇ ਟਾਕਰੇ ਉੱਤੇ ਝੂਠ ਹੈ। ਦਵੰਦ ਸਭ ਮਾਇਆ ਜਾਂ ਪ੍ਰਕਿਰਤੀ ਹੈ, ਸਦਾ ਬਦਲਦੀ ਰਹਿੰਦੀ ਹੈ, ਇਹ ਤਬਦੀਲੀ ਹੀ ਇਸ ਵਜੂਦ ਦਾ ਭਰਮ ਹੈ ਜਿਵੇਂ ਸੁਪਨੇ ਵਿਚ ਅਸੀਂ ਇਹ ਭਰਮ ਦੇਖਦੇ ਹਾਂ। ਇਹ ਸੰਸਾਰ ਵੀ ਸੁਪਨਾ ਹੈ। 'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨ॥' ਗੁਰੂ ਤੇਗ਼ ਬਹਾਦਰ ਸਾਹਿਬ ਦਾ ਕਥਨ ਸੱਚ ਹੈ। ਸੁਪਨਾ ਵੀ ਮਨ ਦੀ ਰਚਨਾ ਹੈ ਅਤੇ ਸੰਸਾਰ ਵੀ ਉਸੇ ਦੀ ਖੇਡ ਹੈ। ਜਿਥੇ ਮਨ ਨਹੀਂ ਹੁੰਦਾ, ਉਥੇ ਸੰਸਾਰ ਵੀ ਨਹੀਂ ਹੁੰਦਾ। ਹਰ ਕਿਸੇ ਦਾ ਆਪਣਾ ਸੰਸਾਰ ਹੈ। ਜੋ ਉਸ ਨੇ ਵੇਖਿਆ ਹੈ, ਸੁਣਿਆ ਹੈ, ਪੜ੍ਹਿਆ ਹੈ ਜਾਂ ਹੋਰ ਗਿਆਨ ਇੰਦਰਿਆਂ ਰਾਹੀਂ ਜਾਣਿਆ ਹੈ, ਉਹੀ ਉਸ ਦਾ ਸੰਸਾਰ ਹੈ। ਸਾਡਾ ਸਭ ਦਾ ਆਪਣਾ-ਆਪਣਾ ਸੰਸਾਰ ਹੈ ਪਰ ਕਿਸੇ ਦਾ ਆਪਣਾ-ਆਪਣਾ ਸੰਸਾਰ ਤਾਂ ਸੱਚ ਨਹੀਂ ਹੋ ਸਕਦਾ। ਸੱਚ ਤਾਂ ਸਭ ਲਈ ਇਕ ਹੁੰਦਾ ਹੈ।

SIKHBOOKCLUB.COM

ਸੰਸਾਰ ਤਾਂ ਮਨ ਦਾ ਹੈ ਵਾਸਤਵ ਵਿਚ ਨਹੀਂ ਹੈ। ਇਸ ਕਥਨ ਨੂੰ ਹੋਰ ਸਪੱਸ਼ਟ ਰੂਪ ਵਿਚ ਸਮਝਦੇ ਹਾਂ। ਬੰਦਾ ਜਦੋਂ ਜਾਗਦਾ ਹੈ ਤਾਂ ਹਰ ਬੰਦੇ ਦੇ ਮਨ ਅਨੁਸਾਰ ਉਸ ਦਾ ਸੰਸਾਰ ਹੈ ਤਾਂ ਇਹ ਸਿੱਧ ਹੋ ਹੀ ਗਿਆ ਹੈ। ਜਦੋਂ ਉਹ ਸੌਂਦਾ ਹੈ ਤਾਂ ਉਸ ਨੂੰ ਸੁਪਨਾ ਆਉਂਦਾ ਹੈ ਤਾਂ ਉਸ ਸਮੇਂ ਵੀ ਉਸ ਦੇ ਮਨ ਦਾ ਸੰਸਾਰ ਹੁੰਦਾ ਹੈ। ਮਨ ਦੀਆਂ ਅਧੂਰੀਆਂ ਇੱਛਾਵਾਂ ਸੁਪਨੇ ਵਿਚ ਪੂਰੀਆਂ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ। ਇਹਨਾਂ ਨੂੰ ਮਨ ਵੇਖ ਰਿਹਾ ਹੁੰਦਾ ਹੈ ਪਰ ਉਹੀ ਬੰਦਾ ਜਦੋਂ ਘੂਕ ਨੀਂਦ ਵਿਚ ਸੌਂ ਜਾਂਦਾ ਹੈ, ਉਦੋਂ ਉਸ ਦਾ ਮਨ ਤੇ ਬੁੱਧੀ ਦੋਵੇਂ ਹੀ ਨਹੀਂ ਹੁੰਦੇ, ਕੇਵਲ ਉਸ ਦਾ ਆਪਾ (ਹੋਂਦ, ਆਤਮਾ) ਹੀ ਹੁੰਦਾ ਹੈ। ਉਹ ਜਾਗ ਕੇ ਕਹਿੰਦਾ ਹੈ ਕਿ ਅੱਜ ਖ਼ੂਬ ਨੀਂਦ ਆਈ, ਕੋਈ ਸੋਝੀ ਨਹੀਂ ਰਹੀ ਪਰ ਸੌਂ ਕੇ ਬੜਾ ਹੀ ਅਨੰਦ ਆਇਆ। ਘੋਰ ਨਿੰਦਰਾ ਵਿਚ ਮਨ ਦਾ ਸ਼ਮਨ ਹੋ ਜਾਣਾ ਆਤਮ ਅਨੰਦ ਦੀ ਪ੍ਰਾਪਤੀ ਹੈ। ਉਸ ਅਨੰਦ ਸਮੇਂ ਕੋਈ ਸੰਸਾਰ ਨਹੀਂ ਸੀ, ਕੇਵਲ ਉਸ ਦਾ ਆਪਾ (ਆਤਮਾ) ਸੀ। ਜਾਗ ਕੇ ਮਨ ਦੇ ਭਰਮ-ਜਾਲ ਕਾਰਨ ਫੇਰ ਸੰਸਾਰ ਰਚਿਆ ਗਿਆ ਜਿਸ ਕਾਰਨ ਮਨ ਫੇਰ ਦੁੱਖ-ਸੁਖ ਦੇ ਦਵੰਦ ਵਿਚ ਆ

ਗਿਆ।

ਕਾਲ ਅਕਾਲ ਕਾਰਨ ਹੈ। ਕਾਲ ਝੂਠਾ ਹੈ ਜੋ ਸੂਰਜ ਕਰਕੇ ਹੈ। ਸੂਰਜ ਕਰੋੜਾਂ ਹਨ ਇਸ ਲਈ ਕਾਲ ਵੀ ਕਰੋੜਾਂ ਹਨ। ਕਾਲ ਇਕ ਨਾ ਹੋਣ ਕਰਕੇ ਝੂਠਾ ਹੈ। ਇਹ ਸੂਰਜ ਵੀ ਇਕ ਨਹੀਂ ਹੈ। ਹੁਣ ਭਾਰਤ ਵਿਚ ਬੈਠੇ ਘੜੀ ਉੱਤੇ ਟਾਈਮ ਦੇਖੇ ਤਾਂ ਅਮਰੀਕਾ ਵਿਚ ਹੋਰ ਹੋਵੇਗਾ। ਕਾਲ ਜੇ ਸੱਚ ਹੁੰਦਾ ਤਾਂ ਉਥੇ ਵੀ ਉਹੀ ਹੋਣਾ ਸੀ। ਰਹੀ ਗੱਲ ਦੇਸ਼ ਦੀ, ਦੇਸ਼ ਵੀ ਕਾਲ ਕਰਕੇ ਹੈ, ਜਿਵੇਂ ਸਤਰੰਗੀ ਪੀਂਘ ਸੂਰਜ ਦੇ ਕਾਰਨ ਹੈ। ਜਿਥੇ ਸੂਰਜ ਨਹੀਂ, ਉਥੇ ਸਤਰੰਗੀ ਪੀਂਘ ਵੀ ਨਹੀਂ ਹੋ ਸਕਦੀ। ਜੇ ਕਾਲ ਨਹੀਂ ਹੈ ਤਾਂ ਦੇਸ਼ ਵੀ ਨਹੀਂ ਹੋ ਸਕਦਾ। ਇਹ ਵੀ ਕਲਪਿਆ ਹੋਇਆ ਹੈ। ਉਦਾਹਰਣ ਵਜੋਂ ਤੁਸੀਂ ਮੋਬਾਇਲ ਫ਼ੋਨ ਉੱਤੇ ਉਸੇ ਸਮੇਂ (ਤਤਕਾਲ) ਅਮਰੀਕਾ ਵਿਚ ਬੈਠੇ ਭਾਰਤ ਵਿਚ ਬੈਠਿਆਂ ਨਾਲ ਗੱਲ ਕਰ ਰਹੇ ਹੋ, ਜੇ ਦੇਸ਼ ਹੈ ਤਾਂ ਉਹ ਕਿਥੇ ਅਲੋਪ ਹੋ ਗਿਆ। ਤਤਕਾਲ ਦੇਸ਼ ਦਾ ਫ਼ਾਸਲਾ ਗ਼ਾਇਬ ਹੈ। ਇਸ ਲਈ ਆਕਾਸ਼, ਦੇਸ਼ ਤੇ ਕਾਲ ਸੱਚ ਨਹੀਂ ਹਨ। ਇਹ ਕਾਲ ਮਿਥੇ ਹੋਏ, ਝੂਠ ਹਨ ਫ਼ਰਜ਼ੀ ਹਨ। ਇਹਨਾਂ ਫ਼ਰਜ਼ੀ ਕਾਲਾਂ ਤੋਂ ਪਹਿਲਾਂ ਵੀ ਉਹ ਸੱਚ ਹੈ ਸੀ, ਫ਼ਰਜ਼ੀ ਕਾਲਾਂ ਦੇ ਆਰੰਭ ਸਮੇਂ ਵੀ ਸੀ, ਹੁਣ ਵੀ ਹੈ ਅਤੇ ਫ਼ਰਜ਼ੀ ਭਵਿੱਖਤ ਵਿਚ ਵੀ ਉਹ ਹੋਂਦ ਇਕ ਰੂਪ ਵਿਚ ਹੋਵੇਗੀ। ਭਾਵ ਸੱਚ ਕਦੇ ਨਾਸ ਨਹੀਂ ਹੁੰਦਾ ਇਸੇ ਲਈ ਉਹ ਸੱਚ ਹੈ।

SIKHBOOKCLUB.COM

ਇਸ ਸਲੋਕ ਦਾ ਨਾਂ ਸਚ-ਮੰਤਰ ਹੈ। ਇਸ ਮੰਤਰ ਨੂੰ ਜਪਣ ਵਾਲਾ ਸੱਚ ਹੋ ਨਿੱਬੜਦਾ ਹੈ। ਇਹੀ ਮੂਲ ਹੈ:

**ਸਤਿ ਸਰੂਪੁ ਰਿਦੈ ਜਿਨਿ ਮਾਨਿਆ॥**
**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥**

*(ਮਹਲਾ ੫, ਅੰਗ ੨੮੫)*

ਇਸ ਮੂਲ ਨੂੰ ਪਛਾਨਣ ਲਈ ਜਪੁ ਦੀ ਅਵੱਸ਼ ਲੋੜ ਹੈ। ਗੁਰੂ ਨਾਨਕ ਦੇਵ ਜੀ ਦਾ ਸਿੱਖ ਇਸ ਭਰੋਸੇ ਨੂੰ ਲੈ ਕੇ ਆਪਣੇ ਆਪ ਨੂੰ ਜਾਣ ਜਾਂਦਾ ਹੈ। ਇਸ 'ਆਪਾ' ਜਾਣੇ ਤੋਂ ਬਿਨਾਂ ਮਨ ਦੇ ਭਰਮਾਂ ਵਾਲੀ ਦੁਨੀਆਂ ਵਿਚ ਰਹਿ ਕੇ ਭੰਬਲ-ਭੂਸੇ ਖਾਂਦਾ ਰਹਿੰਦਾ ਹੈ ਅਤੇ ਦੁਖੀ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਇਸੇ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹੋਏ ਕਹਿੰਦੇ ਹਨ:

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥**

*(ਮਹਲਾ ੯, ਅੰਗ ੬੮੪)*

ਇਹੀ ਸੱਚ ਸਾਰੇ ਰੋਗਾਂ ਦੀ ਦਵਾਈ ਹੈ:

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**

**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥**

*(ਮਹਲਾ ੧, ਅੰਗ ੪੬੮)*

ਇਹੀ ਸੱਚ ਸਾਡੀ ਆਤਮਾ ਹੈ, ਇਹੀ ਸੱਚ ਤੀਰਥ ਹੈ, ਜਿਸ ਦਾ ਪਤਾ ਕੇਵਲ ਸਤਿਗੁਰੂ ਨੂੰ ਹੈ, ਹੋਰ ਸੰਸਾਰੀਆਂ ਨੂੰ ਨਹੀਂ:

**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥**
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥**

*(ਮਹਲਾ ੧, ਅੰਗ ੪੬੮)*

ਇਹੀ ਆਤਮਾ ਪਰਮਾਤਮਾ ਹੈ। ਇਸ ਤੋਂ ਪਰੇ ਹੋਰ ਕੋਈ ਹੋਂਦ ਨਹੀਂ ਹੈ:

**ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥**

*(ਸਲੋਕ ਮਹਲਾ ੨, ਅੰਗ ੪੬੯)*

ਇਹ ਪਰਮਾਤਮਾ ਸਭ ਦੇ ਵਿਚ ਇਕੋ ਜਿਹਾ (ਸਮਾਨ) ਹੈ। ਜਿਹੋ ਜਿਹਾ ਸੰਤਾਂ ਨੇ ਅਨੁਭਵ ਕੀਤਾ ਹੈ, ਇਹੀ ਹੋਕਾ ਦਿੱਤਾ ਹੈ:

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥**
**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥**

*(ਮਹਲਾ ੯, ਅੰਗ ੧੪੨੬)*

SIKHBOOKCLUB.COM

# ਨਾਮੁ ਪ੍ਰਾਪਤੀ ਦੇ ਸਾਧਨ

ਨਾਮ ਦੀ ਪ੍ਰਾਪਤੀ ਲਈ ਕੀ ਕਰੀਏ ? ਉਹ ਕਿਹੜੇ ਸਾਧਨ ਹਨ ਜਿਹਨਾਂ ਦੇ ਕਰਨ ਨਾਲ ਇਹ ਦਾਤ ਪ੍ਰਾਪਤ ਹੋਵੇ ? ਇਹ ਸਵਾਲ ਹਰ ਜਗਿਆਸੂ ਦਾ ਹੈ ਨਾਮ ਦੀ ਦਾਤ ਕਿਸੇ ਸਾਧਨ ਨਾਲ ਨਹੀਂ ਮਿਲਦੀ, ਇਹ ਤਾਂ ਪ੍ਰਭੂ-ਕਿਰਪਾ ਨਾਲ ਹੀ ਮਿਲਦੀ ਹੈ। ਅਜਿਹਾ ਉੱਤਰ ਜਗਿਆਸੂ ਨੂੰ ਨਿਰਾਸ਼ ਕਰਨ ਵਾਲਾ ਹੈ, ਤਾਂ ਫਿਰ ਨਾਮ ਦੇ ਢੂੰਡਾਊ ਹੱਥ 'ਤੇ ਹੱਥ ਧਰ ਕੇ ਕਿਰਪਾ ਦੀ ਆਸ ਵਿਚ ਬੈਠੇ ਰਹਿਣ। ਇਹ ਸਵਾਲ ਸੱਚੇ ਜਗਿਆਸੂ ਨੂੰ ਨਿਰਾਸ਼ਾਵਾਦ ਵੱਲ ਲੈ ਜਾਂਦੇ ਹਨ।

ਉਹਨਾਂ ਲਈ ਅਨੁਭਵੀ ਪੁਰਸ਼ਾਂ ਦੇ ਬਚਨ, ਪੂਰਨ ਤੱਤ-ਵੇਤਾ ਬ੍ਰਹਮ ਗਿਆਨੀ ਦੀ ਸੰਗਤ ਉਪਯੋਗੀ ਸਾਧਨ ਹਨ। ਪ੍ਰਸਿੱਧ ਸੂਫ਼ੀ ਮੌਲਾਨਾ ਰੂਮੀ ਲਿਖਦੇ ਹਨ:

ਹਰ ਇਨਸਾਨ ਵਿਚ ਸੂਰਜ ਲੁਕਿਆ ਹੋਇਆ ਹੈ। ਹੇ ਤਲਬਗਾਰ ! ਜੇ ਕੋਈ ਖ਼ੁਦਾ ਦੀ ਨੇੜਤਾ ਦੀ ਇੱਛਾ ਕਰਦਾ ਹੈ ਤਾਂ ਉਸ ਨੂੰ ਕਹੋ ਕਿ ਉਹ ਔਲੀਆਂ ਦੀ ਸੰਗਤ ਅਖ਼ਤਿਆਰ ਕਰੇ। ਔਲੀਆ (ਵਲੀ ਅੱਲਾਹ) ਦੀ ਸੰਗਤ ਵਿਚ ਇਕ ਘੜੀ ਬੈਠਣਾ ਸੌ ਸਾਲ ਦੀ ਖ਼ਾਲਸ ਬੰਦਗੀ ਤੋਂ ਬਿਹਤਰ ਹੈ।

ਗੁਰੂ ਅਰਜਨ ਦੇਵ ਜੀ ਆਪਣੀ ਪਵਿੱਤਰ ਬਾਣੀ ਵਿਚ ਫ਼ੁਰਮਾਉਂਦੇ ਹਨ :

**ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥**

*(ਮਹਲਾ ੫, ਅੰਗ ੨੭੧)*

ਹਰ ਇਨਸਾਨ ਦੇ ਅੰਦਰੋਂ ਹਰ ਸਮੇਂ ਜਲਾਲ ਦਾ ਪ੍ਰਕਾਸ਼ ਫੁੱਟਦਾ ਰਹਿੰਦਾ ਹੈ। ਬੰਦਾ ਜਿੰਨਾ ਰੱਬ ਦੇ ਨੇੜੇ ਹੁੰਦਾ ਹੈ ਇਹ ਜਲਾਲ ਓਨਾ ਹੀ ਵੱਧ ਹੁੰਦਾ ਹੈ। ਮਹਾਂਪੁਰਸ਼ਾਂ ਦੀਆਂ ਤਸਵੀਰਾਂ ਦੇਖਦੇ ਹਾਂ ਤਾਂ ਉਹਨਾਂ ਦੇ ਮੁੱਖ ਦੁਆਲੇ ਇਕ ਗੋਲ ਚੱਕਰ ਦਿਖਾਈ ਦੇਂਦਾ ਹੈ। ਇਹ ਚੱਕਰ ਰੱਬੀ ਨੂਰ ਦੇ ਜਲਾਲ ਦਾ ਹੁੰਦਾ ਹੈ।

ਜਿੰਨਾ ਇਹ ਜਲਾਲ ਸ਼ਕਤਸ਼ਾਲੀ ਹੁੰਦਾ ਹੈ, ਉਤਨੀ ਹੀ ਆਕਰਸ਼ਨ ਸ਼ਕਤੀ ਉਸ ਵਿਅਕਤੀ ਵਿਚ ਅਧਿਕ ਹੁੰਦੀ ਹੈ। ਇਸ ਰੂਹਾਨੀ ਓਜ (ਸ਼ਕਤੀ) ਵਾਲੇ ਦੇਹ ਹੰਗਤਾ ਤੋਂ ਬਹੁਤ ਉਪਰ ਹੁੰਦੇ ਹਨ। ਪਰ ਇਹਨਾਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ।

**ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ ॥**

*(ਮਹਲਾ ੧, ਅੰਗ ੧੪੧੧)*

ਇਹਨਾਂ ਪੂਰਨ ਤੱਤ-ਵੇਤਾ ਮਹਾਂਪੁਰਸ਼ਾਂ ਦੀ ਸੰਗਤ ਭਾਗਾਂ ਨਾਲ ਹੀ ਮਿਲ ਸਕਦੀ ਹੈ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥**

*(ਮਹਲਾ ੪, ਅੰਗ ੨੦੪)*

ਸਵਾਲ ਪੈਦਾ ਹੁੰਦਾ ਹੈ ਕਿ ਕੀ ਫਿਰ ਇਹਨਾਂ ਦੀ ਭਾਲ ਵਿਚ ਘਰੋਂ ਤੁਰ ਪਈਏ ? ਨਹੀਂ। ਇਹ ਭਾਲਿਆਂ, ਦਰ-ਦਰ 'ਤੇ ਜਾ ਕੇ ਤਲਾਸ਼ ਕੀਤਿਆਂ ਨਹੀਂ ਮਿਲਣਗੇ। ਆਪਣੀ ਸ਼ਰਧਾ ਕਾਇਮ ਕਰਨ ਨਾਲ ਇਹ ਖ਼ੁਦ ਹੀ ਜਗਿਆਸੂ ਨੂੰ ਆ ਮਿਲਦੇ ਹਨ। ਜਿਵੇਂ ਭਾਈ ਲਾਲੋ ਦੇ ਪਾਸ ਗੁਰੂ ਨਾਨਕ ਦੇਵ ਜੀ ਖ਼ੁਦ ਗਏ ਸਨ। 'ਬਾਜ਼ੀਦ ਬਸਤਾਨੀ' ਸੂਫ਼ੀ ਫ਼ਕੀਰ ਨੂੰ 'ਜ਼ੁਨੈਦ ਬਗ਼ਦਾਦੀ' ਖ਼ੁਦ ਜੰਗਲ ਵਿਚ ਜਾ ਕੇ ਮਿਲਿਆ ਸੀ।

ਸਾਨੂੰ ਪਤਾ ਕਿਵੇਂ ਲੱਗੇ ਕਿ ਇਹ ਪੂਰਨ ਤੱਤ-ਵੇਤਾ ਬ੍ਰਹਮ ਗਿਆਨੀ ਹੈ ? ਇਸ ਦਾ ਉੱਤਰ ਗੁਰਬਾਣੀ ਵਿਚੋਂ ਮਿਲਦਾ ਹੈ :

**ਜਿਸ ਡਿਠਿਆਂ ਮਨ ਹੋਇ ਅਨੰਦ ਸੋ ਸਤਿਗੁਰ ਕਹੀਐ ॥**

'ਗੁਰ ਪ੍ਰਸਾਦਿ' ਦੀ ਵਿਆਖਿਆ ਵਿਚ ਅਸੀਂ ਸੁਵਿਸਥਾਰ ਵਿਚਾਰ ਕਰ ਚੁੱਕੇ ਹਾਂ ਕਿ ਪੂਰਨ ਪੁਰਸ਼ ਸਤਿਗੁਰੂ ਦੇ ਕੀ ਲੱਛਣ ਹਨ :

**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥**

*(ਮਹਲਾ ੪, ਅੰਗ ੯੫)*

# ਗੁਰਬਾਣੀ ਅਤੇ ਨਾਮ

ਸ਼ਬਦ ਦੋ ਕਿਸਮ ਦਾ ਹੁੰਦਾ ਹੈ—ਲੌਕਿਕ ਤੇ ਅਲੌਕਿਕ। ਸ਼ਬਦ ਦੁਆਰਾ ਹੀ ਗਿਆਨ ਪ੍ਰਾਪਤ ਹੁੰਦਾ ਹੈ। ਸ਼ਬਦਾਂ ਦਾ ਜੋੜ ਵਾਕ, ਵਾਕਾਂ ਦਾ ਮੇਲ ਗਦ (ਵਾਰਤਕ), ਭਾਵਨਾ ਗੁੰਧੇ ਸ਼ਬਦਾਂ ਦਾ ਸੰਗੀਤਾਤਮਕ ਰੂਪ ਪਦ (ਕਵਿਤਾ) ਅਖਵਾਉਂਦਾ ਹੈ। ਸਾਹਿਤ ਦੇ ਮੁੱਖ ਰੂਪ 'ਗਦ' ਤੇ 'ਪਦ' ਹੀ ਹਨ।

ਸ਼ਬਦਾਂ ਦੇ ਭੇਦ ਕਾਰਨ ਲੌਕਿਕ ਸ਼ਬਦਾਂ ਤੋਂ ਸੰਸਾਰ ਦਾ ਸਾਹਿਤ ਅਤੇ ਅਲੌਕਿਕ ਸ਼ਬਦਾਂ ਦੇ ਵੇਗਮਈ ਪ੍ਰਵਾਹ ਨਾਲ ਰੂਹਾਨੀ ਜਾਂ ਰੱਬੀ ਗਿਆਨ, ਰੂਹਾਨੀ ਸਾਹਿਤ ਦੇ ਰੂਪ ਵਿਚ ਵਿਦਮਾਨ ਹੋਇਆ ਹੈ। ਅਲੌਕਿਕ ਸ਼ਬਦ ਰਚਿਆ ਨਹੀਂ ਜਾ ਸਕਦਾ, ਇਹ ਪਵਿੱਤਰ ਮਨਾਂ ਵਿਚ ਵਹੀ ਨਾਜ਼ਲ ਹੋ ਕੇ ਜਾਂ ਆਕਾਸ਼ਵਾਣੀ ਦੇ ਰੂਪ ਵਿਚ ਉਤਰਦਾ[1] ਹੈ। ਇਸ ਨੂੰ ਵੇਦ-ਬਾਣੀ, ਗੁਰਬਾਣੀ, ਨੂਰੀ ਕਲਾਮ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਵੇਦ, ਉਪਨਿਸ਼ਦ, ਗੀਤਾ, ਅੰਜੀਲ, ਤੌਰੇਤ, ਕੁਰਾਨ, ਯਾਤਕਾ,[2] ਗੁਰਬਾਣੀ, ਭਗਤ ਬਾਣੀ ਆਦਿ ਦਾ ਸਾਰਾ ਸਾਹਿਤ ਰੂਹਾਨੀ ਤੇ ਨੂਰਾਨੀ ਸਾਹਿਤ ਹੈ। ਇਸ ਸਾਹਿਤ ਨੂੰ ਕਿਸੇ ਨੇ ਰਚਿਆ ਨਹੀਂ ਸਗੋਂ ਇਹ ਰੱਬ ਵੱਲੋਂ ਆਇਤ ਗਿਆਨ ਹੈ। ਇਹ ਆਪੇ ਬੋਲੇ ਬੋਲ ਨਹੀਂ ਸਗੋਂ ਖਸਮ (ਮਾਲਕ) ਨੇ ਜੋ ਬੁਲਾਇਆ ਹੈ, ਉਹੀ ਜ਼ੁਬਾਨ ਤੋਂ ਨਿਕਲਿਆ ਗਿਆਨ ਹੈ :

---

1. ਕੁਰਾਨ ਸ਼ਰੀਫ਼ ਵਿਚ ਇਸ ਲਈ ਆਇਤ ਸ਼ਬਦ ਵਰਤਿਆ ਗਿਆ ਹੈ।
2. ਬੁੱਧ ਮਤ ਦਾ ਧਾਰਮਿਕ ਸਾਹਿਤ।

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

*(ਸੂਹੀ ਮਹਲਾ ੫, ਅੰਗ ੭੬੩)*

**ਬੋਲਾਇਆ ਬੋਲੀ ਖਸਮ ਦਾ ॥** *ਸਿਰੀਰਾਗੁ ਮਹਲਾ ੧, ਅੰਗ ੭੪)*

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥** *(ਸੋਰਠਿ ਮਹਲਾ ੫, ਅੰਗ ੬੨੮)*

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥** *(ਤਿਲੰਗ ਮਹਲਾ ੧, ਅੰਗ ੭੨੨)*

ਤੋਂ ਇਸ ਦੀ ਸਚਾਈ ਪ੍ਰਗਟ ਹੈ। ਗੁਰਬਾਣੀ ਰੱਬੀ ਗਿਆਨ ਹੈ, ਇਸੇ ਲਈ ਬਾਣੀ ਗੁਰੂ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

*(ਨਟ ਮਹਲਾ ੪, ਅੰਗ ੯੮੨)*

ਗਿਆਨੀ ਗਿਆਨ ਦੁਆਰਾ ਆਪਣਾ ਆਪ ਪ੍ਰਗਟ ਕਰਦਾ ਹੈ। ਇਸ ਲਈ ਗਿਆਨ ਗਿਆਨੀ ਦਾ ਸਰੂਪ ਹੁੰਦਾ ਹੈ। ਸੋ ਰੱਬੀ ਗਿਆਨ ਵੀ ਰੱਬ ਹੈ। ਇਸੇ ਲਈ ਗੁਰਬਾਣੀ ਦਾ ਵਿਚਾਰ ਪੂਰੇ ਦਾ ਪੂਰਾ ਹੋ ਹੀ ਨਹੀਂ ਸਕਦਾ। ਸਭ ਕੁਝ ਦੱਸ ਕੇ ਵੀ ਬਹੁਤ ਕੁਝ ਦੱਸਣੋਂ ਰਹਿ ਜਾਂਦਾ ਹੈ। ਇਹੀ ਇਸ ਦੇ ਰੱਬੀ ਗੁਣ ਹੋਣ ਦਾ ਸਬੂਤ ਹੈ। ਲੌਕਿਕ ਸ਼ਬਦਾਂ ਦਾ ਸਾਹਿਤ ਬੁੱਧੀ ਦੇ ਘੇਰੇ ਜਾਂ ਮਨੋਵੇਗਾਂ ਦੀ ਹੱਦ ਵਿਚ ਹੀ ਘੁੰਮਦਾ ਹੈ ਇਸ ਲਈ ਸੰਸਾਰੀ ਸਾਹਿਤ ਦੀ ਕਿਤਾਬ ਇਕ-ਦੋ ਵਾਰ ਪੜ੍ਹਨ ਲੈਣ 'ਤੇ ਉਸ ਨੂੰ ਫਿਰ ਪੜ੍ਹਨ ਲਈ ਦਿਲ ਉਤਾਵਲਾ ਨਹੀਂ ਹੁੰਦਾ। ਪਰ ਗੁਰੂ ਬਾਣੀ ਵਾਰ-ਵਾਰ ਪੜ੍ਹਨ 'ਤੇ ਦਿਲ ਵਿਚ ਸਗੋਂ ਹੁਲਾਸ ਤੇ ਖੇੜਾ ਉਪਜਦਾ ਹੈ। ਇਹੀ ਇਸ ਦੇ ਰੂਹਾਨੀ ਹੋਣ ਦੀ ਦਲੀਲ ਹੈ। ਗੁਰਬਾਣੀ ਰੂਹਾਨੀ ਖ਼ੁਰਾਕ ਹੈ, ਜਿਸ ਨੂੰ ਖਾਧੇ ਤੋਂ ਬਿਨਾਂ ਮਨ ਭੁੱਖੇ ਦਾ ਭੁੱਖਾ ਹੀ ਰਹਿੰਦਾ ਹੈ, ਤ੍ਰਿਪਤ ਨਹੀਂ ਹੁੰਦਾ :

**ਤ੍ਰਿਪਤ ਭਇਆ ਸਚੁ ਭੋਜਨ ਖਾਇਆ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਉਂ ਕਿਹਾ ਜਾਂਦਾ ਹੈ ? ਇਸ ਪ੍ਰਸ਼ਨ ਦਾ ਉੱਤਰ ਸੰਸਾਰੀ ਜੀਵ ਨਹੀਂ ਦੇ ਸਕਦੇ। ਇਸ ਤੋਂ ਪਹਿਲਾਂ ਤਾਂ ਹੋਰ ਅਨੇਕਾਂ ਧਾਰਮਿਕ ਗ੍ਰੰਥ ਸੰਸਾਰ ਕੋਲ ਮੌਜੂਦ ਸਨ ਤਾਂ ਫਿਰ ਇਸ ਨੂੰ ਆਦਿ ਜਾਂ ਮੁੱਢਲਾ ਗ੍ਰੰਥ ਕਿਵੇਂ ਆਖ ਸਕਦੇ ਹਾਂ ? ਇਸ ਦਾ ਉੱਤਰ ਰੱਬੀ ਬਾਣੀ ਹੀ ਦਿੰਦੀ ਹੈ। ਬਾਣੀ ਗੁਰੂ ਹੋਣ ਕਾਰਨ ਪਰਮੇਸ਼ਰ ਹੀ ਹੈ।

ਕੇਵਲ ਗੁਰਬਾਣੀ ਦਾ ਪਾਠ ਕਰੀ ਜਾਣਾ ਹੀ ਇਸ ਦਾ ਉਪਦੇਸ਼ ਨਹੀਂ ਹੈ। ਬਾਣੀ ਵਿਚ ਗਿਆਨ ਹੈ। ਉਸ ਗਿਆਨ ਦੀ ਰੌਸ਼ਨੀ ਵਿਚ ਸਾਫ਼-ਸਾਫ਼ ਦਿਖਾਈ ਦੇਣ ਲੱਗ ਜਾਂਦਾ ਹੈ ਕਿ ਇਨਸਾਨੀ ਜੀਵਨ ਦਾ ਕੀ ਮਨੋਰਥ ਹੈ:

**ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ**
**ਪਾਈਐ ਗੁਣੀ ਨਿਧਾਨਾ॥**

*(ਆਸਾ ਮਹਲਾ ੧, ਅੰਗ ੪੩੬)*

ਕੁਲ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਪ੍ਰਾਪਤ ਕਰਨਾ ਗੁਰਬਾਣੀ ਦਾ ਮੂਲ ਮਨੋਰਥ ਹੈ। ਪ੍ਰਭੂ ਦੀ ਪ੍ਰਾਪਤੀ ਸੌਖੀ ਨਹੀਂ ਇਹ ਔਖੀ ਘਾਟੀ ਹੈ ਅਤੇ ਪੈਂਡਾ ਬੜਾ ਬਿਖੜਾ ਹੈ। ਔਖੀ ਘਾਟੀ ਬਿਖੜੇ ਪੈਂਡੇ ਕੋਈ ਵਿਰਲਾ ਹੀ ਤੁਰਦਾ ਹੈ। ਇਹ ਹਾਰੀ-ਸਾਰੀ ਦਾ ਕੰਮ ਨਹੀਂ:

**ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ॥**

ਸੱਚ ਸ਼ਬਦ (ਗੁਰਮੰਤਰ) ਦੀ ਕਮਾਈ ਤੋਂ ਪਹਿਲਾਂ ਸੱਚ ਬੋਲਣਾ ਧਰਮ ਹੈ। ਧਰਮੀ ਕਦੇ ਝੂਠ ਨਹੀਂ ਬੋਲਦਾ:

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥**

*(ਆਸਾ ਸੇਖ ਫਰੀਦ ਜੀ, ਅੰਗ ੪੮੮)*

SIKHBOOKCLUB.COM

ਝੂਠੀ ਦੁਨੀਆਂ ਦੀ ਚਮਕ-ਦਮਕ ਹਰ ਪ੍ਰਾਣੀ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਇਸ ਖਿੱਚ ਨੂੰ ਤੋੜਨਾ ਬਹੁਤ ਹੀ ਕਠਿਨ ਕੰਮ ਹੈ। ਝੂਠੀ ਦੁਨੀਆਂ ਦੇ ਆਸ਼ਕ ਤਾਂ ਇਹ ਕਹਿੰਦੇ ਹਨ:

**ਇਹ ਜੱਗ ਮਿੱਠਾ ਅਗਲਾ ਕਿੰਨ ਡਿੱਠਾ।**

ਅਜਿਹੇ ਕਠੋਰ ਚਿੱਤ ਪ੍ਰਾਣੀਆਂ ਲਈ ਬਾਣੀ ਭਿਆਨਕ ਰੂਪ ਵਿਚ ਤਾੜਨਾ ਕਰਦੀ ਹੈ:

**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥**
**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥**
**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥**

*(ਆਸਾ ਦੀ ਵਾਰ ਮਹਲਾ ੧, ਅੰਗ ੪੬੪)*

ਮੌਤ ਦਾ ਭਿਆਨਕ ਡਰ, ਧਰਮ ਰਾਜ ਦੀ ਕਚਹਿਰੀ ਦਾ ਸੱਚਾ ਸੁੱਚਾ ਇਨਸਾਫ਼, ਜਮਾਂ ਦੀ ਮਾਰ, ਨਰਕਾਂ ਦੇ ਦੁੱਖ, ਮੁੜ ਚੌਰਾਸੀ ਦੇ ਗੇੜ ਦਾ ਦੁਖਦਾਈ ਲੰਮਾ ਸਫ਼ਰ ਇਤਿਆਦਿ ਉਪਦੇਸ਼ ਨਾਸਤਿਕ, ਮੂੜ੍ਹ ਤੇ ਅਗਿਆਨੀਆਂ ਲਈ ਥਾਂ-ਪਰ-ਥਾਂ ਦਰਜ ਹਨ।

ਗੁਰਬਾਣੀ ਦਾ ਦੂਜਾ ਰੂਪ ਰੌਚਿਕ ਉਪਦੇਸ਼ ਹੈ ਜੋ ਉਹਨਾਂ ਸਾਧਕਾਂ ਲਈ ਹੈ ਜੋ ਪ੍ਰਭੂ ਦੀ ਪ੍ਰਾਪਤੀ ਦੇ ਰਾਹ ਉੱਤੇ ਚੱਲ ਪਏ ਹਨ। ਭਗਤੀ ਮਾਰਗ 'ਤੇ ਚੱਲਣ ਵਾਲਿਆਂ ਦਾ ਕਈ ਵਾਰ ਇਮਤਿਹਾਨ ਵੀ ਹੁੰਦਾ ਹੈ। ਇਮਤਿਹਾਨ ਤੋਂ ਡਰ ਕੇ ਕਈ ਘਬਰਾ ਜਾਂਦੇ ਹਨ। ਅਜਿਹੇ ਸਾਧਕਾਂ ਲਈ ਰੌਚਿਕ ਉਪਦੇਸ਼ ਉਤਸ਼ਾਹ ਪੈਦਾ ਕਰ ਕੇ ਘਬਰਾਹਟ ਨੂੰ ਦੂਰ ਕਰਦਾ ਹੈ। ਜਿਵੇਂ:

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥**
**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥**

*(ਮਹਲਾ ੪ ਛਕੇ, ਆਸਾ ਦੀ ਵਾਰ, ਅੰਗ ੪੫੧)*

ਯਥਾਰਥ ਉਪਦੇਸ਼ ਗਿਆਨਵਾਨਾਂ ਲਈ ਹੈ ਕਿ ਗਿਆਨ ਬੇਅੰਤ ਹੈ ਜਿਵੇਂ ਪ੍ਰਭੂ ਬੇਅੰਤ ਹੈ। ਉਸ ਦਾ ਥਾਹ ਜਾਂ ਅੰਤ ਲੈਣ ਲਈ ਤਾਂਘਦੇ ਨਾ ਰਹਿਣ ਸਗੋਂ ਨਿਜ ਸਰੂਪ ਵਿਚ ਟਿਕ ਕੇ ਅਨੰਦ ਮਾਨਣ:

**ਇਸ ਤੇ ਊਪਰਿ ਨਹੀ ਬੀਚਾਰੁ ॥**
**ਜਾ ਕੈ ਮਨਿ ਬਸਿਆ ਨਿਰੰਕਾਰੁ ॥** *(ਗਉੜੀ ਸੁਖਮਨੀ ਮਹਲਾ ੫, ਅੰਗ ੨੯੨)*

SIKHBOOKCLUB.COM

ਜੋ ਕੁਝ ਦਿਸ ਰਿਹਾ ਹੈ ਅਤੇ ਜੋ ਦੇਖ ਰਿਹਾ ਹੈ, ਉਹ ਪ੍ਰਭੂ ਆਪ ਹੀ ਹੈ, ਕੋਈ ਹੋਰ ਨਹੀਂ। ਉਸ ਇਕ ਤੋਂ ਬਿਨਾਂ ਇਥੇ ਕੋਈ ਦੂਜੀ ਸ਼ੈਅ ਨਹੀਂ:

**ਕਿਸ ਨੂੰ ਕਹੀਐ ਨਾਨਕਾ ਸਭ ਕਿਛੁ ਆਪੇ ਆਪ ॥**

ਜਾਪੁ ਸਾਹਿਬ ਦਾ ਨਿਤਨੇਮ ਕਰਨ ਵਾਲੇ ਗੁਰਸਿੱਖ ਜਾਣਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਬਾਣੀ ਪ੍ਰਭੂ ਦੀ ਸਿਫ਼ਤ-ਸਲਾਹ ਜਾਂ ਸਿਮਰਨ ਹੀ ਹੈ। ਉਸ ਦੇ ਹਰ ਰੂਪ ਨੂੰ ਨਮਸਕਾਰ ਕੀਤੀ ਹੈ। ਭਗਤੀ ਕੇਵਲ ਮਨ ਤਕ ਹੈ। ਆਤਮਾ ਨਿਰਲੇਪ ਅਤੇ ਭਗਤੀ ਤੋਂ ਬਹੁਤ ਉੱਚੀ ਹੈ। ਗੁਰਮੁਖਾਂ ਨੂੰ ਆਤਮਾ ਦਾ ਰਸ ਲਗਾਤਾਰ ਪ੍ਰਾਪਤ ਹੈ। ਇਸ ਰਸ ਨੂੰ ਮਾਨਣ ਵਾਲਾ ਹੀ ਖ਼ਾਲਸਾ (ਖ਼ਾਲਸ) ਮਾਇਆ ਤੋਂ ਨਿਰਲੇਪ ਹੁੰਦਾ ਹੈ।

**ਆਤਮ ਰਸ ਜਿਹ ਜਾਣਿਆ ਸੋਈ ਖਾਲਸਾ ਦੇਵ ॥**
**ਪ੍ਰਭ ਮਹਿ ਮੋਹਿ ਮੈਂ ਤਾਸ ਮਹਿ ਰੰਚਕਿ ਨਾਹੀ ਭੇਦ ॥**

*(ਪਾਤਸਾਹੀ ੧੦)*

ਗੁਰੂ ਗੋਬਿੰਦ ਸਿੰਘ ਜੀ ਆਤਮਕ ਪਦ ਦਾ ਸਰੂਪ ਇਹਨਾਂ ਸ਼ਬਦਾ ਵਿਚ ਨਿਰੂਪਣ ਕਰਦੇ ਹਨ:

**ਅਭਗਤਿ ਹੈਂ ॥ ਵਿਰਕਤ ਹੈਂ ॥**

ਅਰਥਾਤ ਉਹ ਭਗਤੀ ਤੋਂ ਰਹਿਤ ਹੈ ਅਤੇ ਮਾਇਆ ਤੋਂ ਨਿਰਲੇਪ ਵਿਰਕਤ ਸਰੂਪ ਹੈ। ਇਹ ਉੱਚ ਅਵਸਥਾ ਸ਼ਬਦ (ਨਾਮ) ਦੀ ਕਮਾਈ ਤੋਂ ਬਿਨਾਂ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਈ :

**ਸਾਹਿਬੁ ਮੇਰਾ ਸਦਾ ਸਦਾ ਹੈ ਦਿਸੈ ਸਬਦਿ ਕਮਾਇ ॥**

*(ਵਾਰ ਗੂਜਰੀ, ਸਲੋਕ ਮਹਲਾ ੩, ਅੰਗ ੫੦੯)*

**ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**

*(ਸਿਧ ਗੋਸਟਿ ਮਹਲਾ ੧, ਅੰਗ ੯੩੮)*

ਗੁਰਬਾਣੀ ਦਾ ਮੁੱਖ ਉਦੇਸ਼ ਨਾਮ ਜਪਣਾ ਹੀ ਹੈ, ਸਿਰਫ਼ ਪਾਠ ਕਰਨਾ ਹੀ ਨਹੀਂ :

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਆਸਾ ਮਹਲਾ ੫, ਅੰਗ ੩੭੮)*

ਸਾਧਕ ਰੂਪ ਵਿਚ ਜੋ ਕੁਝ ਧਰਮ-ਕਰਮ ਕਰਵਾ ਰਿਹਾ ਹੈ, ਉਹ ਆਪ ਹੀ ਸੀ। ਉਹ ਸਭ ਕੁਝ ਗਿਆਨ ਦੀ ਪ੍ਰਾਪਤੀ ਲਈ ਸਨ। ਜਿਸ ਤਰ੍ਹਾਂ ਕਿਸਾਨ ਫ਼ਸਲ ਤੋਂ ਫ਼ਲ ਪ੍ਰਾਪਤੀ ਲਈ ਜ਼ਮੀਨ ਨੂੰ ਵਾਹੁੰਦਾ, ਪਾਣੀ ਦੇਂਦਾ, ਖਾਦ ਪਾਉਂਦਾ ਅਤੇ ਗੁਡਾਈ ਆਦਿ ਕਰਦਾ ਹੈ, ਪਰ ਜਦੋਂ ਫ਼ਸਲ ਦਾ ਫ਼ਲ ਪ੍ਰਾਪਤ ਹੋ ਗਿਆ ਤਾਂ ਉਸ ਦਾ ਤਰੱਦਦ ਵੀ ਖ਼ਤਮ ਹੋ ਗਿਆ। ਇਸੇ ਤਰ੍ਹਾਂ ਪ੍ਰਭੂ-ਗਿਆਨ ਦੀ ਪ੍ਰਾਪਤੀ ਲਈ ਨਿਤਨੇਮ, ਪਾਠ-ਪੂਜਾ, ਤੀਰਥ ਯਾਤਰਾ, ਭਜਨ-ਬੰਦਗੀ, ਸਮਾਧੀ ਆਦਿ ਧਰਮ-ਕਰਮ ਸਨ ਪਰ ਹੁਣ ਗਿਆਨ ਦੀ ਪ੍ਰਾਪਤੀ ਤੋਂ ਇਹ ਸਭ ਕੁਝ ਸਮਾਪਤ ਹੋ ਗਿਆ :

**ਫਲ ਕਾਰਨ ਫੂਲੀ ਬਨਰਾਇ ॥**
**ਫਲੁ ਲਾਗਾ ਤਬ ਫੂਲੁ ਬਿਲਾਇ ॥**
**ਗਿਆਨੈ ਕਾਰਨ ਕਰਮ ਅਭਿਆਸੁ ॥**
**ਗਿਆਨੁ ਭਇਆ ਤਹ ਕਰਮਹ ਨਾਸੁ ॥**

*(ਭੈਰਉ ਰਵਿਦਾਸ ਜੀ, ਅੰਗ ੧੧੬੭)*

ਅੱਗੇ ਚੱਲ ਕੇ ਰਵਿਦਾਸ ਭਗਤ ਜੀ ਇਸੇ ਅਵਸਥਾ ਦਾ ਵੇਰਵਾ ਦੇ ਕੇ ਲਿਖਦੇ ਹਨ :

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥**

*(ਰਾਗ ਸੋਰਠਿ ਰਵਿਦਾਸ ਜੀ, ਅੰਗ ੬੫੭)*

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥**

*(ਗਉੜੀ ਸੁਖਮਨੀ ਮਹਲਾ ੫, ਅੰਗ ੨੭੩)*

**ਗੁਰੁ ਪਰਮੇਸਰੁ ਏਕੋ ਜਾਣੁ ॥**
**ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ ॥**

*(ਗੋਂਡ ਮਹਲਾ ੫, ਅੰਗ ੮੬੪)*

ਪਰਮੇਸ਼ਰ ਇਸ ਸੰਸਾਰ ਦਾ ਆਦਿ ਹੈ:

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** *(ਜਪੁਜੀ, ਅੰਗ ੧)*

ਗੁਰਬਾਣੀ ਆਦਿ ਸੱਚ ਦਾ ਗਿਆਨ ਹੈ ਜੋ ਸੱਚ ਸਭ ਨਾਸ਼ਵੰਤ ਪ੍ਰਾਣੀਆਂ ਦਾ ਅਤੇ ਸੰਸਾਰ ਦਾ ਆਦਿ ਹੈ। ਉਸ ਆਦਿ ਦੀ ਬਾਣੀ ਮੁੱਢਲੀ ਬਾਣੀ ਹੈ। ਆਦਿ ਸਚੁ ਦੀ ਪੱਕੀ ਬਾਣੀ ਹੋਣ ਕਰਕੇ ਇਸ ਬੀੜ ਨੂੰ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਆਖਦੇ ਹਨ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਹੋਰ ਕਵੀਆਂ ਦੀ ਰਚਨਾ ਨੂੰ 'ਦਸਮ ਗ੍ਰੰਥ' ਸਰਬ-ਲੋਹ ਗ੍ਰੰਥ ਆਦਿ ਕਿਹਾ ਜਾਂਦਾ ਹੈ।

ਗੁਰਮਤਿ ਦਾ ਗਿਆਨ ਗ੍ਰਹਿਣ ਕਰਨ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਪ੍ਰਮਾਣੀਕ ਹੈ। ਸੰਸਾਰੀ ਗਿਆਨ, ਯੁੱਧ-ਜੰਗ ਦਾ ਗਿਆਨ, ਨੀਤੀ ਗਿਆਨ, ਤ੍ਰਿਆਚਰਿੱਤਰ ਗਿਆਨ, ਦਸਮ ਗ੍ਰੰਥ ਅਥਵਾ ਸਰਬਲੋਹ ਗ੍ਰੰਥ ਆਦਿ ਵਿਚੋਂ ਲਿਆ ਜਾਂਦਾ ਹੈ, ਜਿਸ ਵਿਚ ਪੌਰਾਣਿਕ ਕਥਾਵਾਂ ਦੇ ਨਾਲ ਰਾਜਨੀਤੀ, ਸੰਸਾਰਕ ਜੀਵਨ-ਜੁਗਤੀ ਅਤੇ ਯੁੱਧਾਂ-ਜੰਗਾਂ ਬਾਰੇ ਗਿਆਨ ਵੀ ਮਿਲਦਾ ਹੈ। ਭਾਵੇਂ ਉਸ ਵਿਚ ਵੀ ਰੂਹਾਨੀਅਤ ਦੇ ਪਦ ਪਾਠਕ ਨੂੰ ਮੋਹਦੇ ਹਨ ਪਰ ਰੂਹਾਨੀਅਤ ਲਈ ਮੁਸਤਨਿਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਲਈ ਖ਼ਾਲਸੇ ਦਾ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ:

**ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹਿ ॥** *(ਪਾਤਸਾਹੀ ੧੦)*

## ਗੁਰਬਾਣੀ ਦਾ ਉਦੇਸ਼ ਕੀ ਹੈ:

ਗੁਰੂ ਦੀ ਬਾਣੀ ਉਪਦੇਸ਼ ਦੇਂਦੀ ਹੈ, ਉਹ ਕੀ ਹੈ। ਜਾਨਣ ਨਾਲ ਇਸ ਦੇ ਉਦੇਸ਼ ਦਾ ਪਤਾ ਲੱਗਦਾ ਹੈ। ਗੁਰਬਾਣੀ ਵਿਚ ਜਗਿਆਸੂ ਦੀ ਅਵਸਥਾ ਅਨੁਸਾਰ ਤਿੰਨ ਤਰ੍ਹਾਂ ਦਾ ਉਪਦੇਸ਼ ਮਿਲਦਾ ਹੈ। ਅਗਿਆਨੀਆਂ ਲਈ

ਭਿਆਨਕ, ਸਾਧਕਾਂ ਲਈ ਰੌਚਿਕ ਅਤੇ ਗਿਆਨੀਆਂ ਲਈ ਯਥਾਰਥ ਉਪਦੇਸ਼ ਹੈ।

# ਨਾਮ ਜਾਂ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰੇਮ ਨਾਲ ਪੜ੍ਹਨ ਸੁਣਨ ਵਾਲੇ ਜਗਿਆਸੂ ਭਲੀ-ਭਾਂਤ ਜਾਣਦੇ ਹਨ ਕਿ ਭਗਤ ਲਈ 'ਏਕ ਸ਼ਬਦ' ਦਾ ਧਾਰਨੀ ਹੋਣਾ ਜ਼ਰੂਰੀ ਹੈ। ਉਹ 'ਏਕ ਸਬਦ' ਕੀ ਹੈ ? ਜਾਨਣਾ ਲਾਹੇਵੰਦ ਸਿੱਧ ਹੋਵੇਗਾ :

**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥**

*(ਬਿਲਾਵਲੁ ਮਹਲਾ ੧, ਅੰਗ ੭੯੫)*

'ਸਬਦੋ ਹੀ ਬ੍ਰਹਮ' ਨੂੰ ਗੁਰਬਾਣੀ ਵਿਚ 'ਏਕ ਸ਼ਬਦ' ਦਾ ਨਾਂ ਦਿੱਤਾ ਹੈ, ਜਿਸ ਨੂੰ 'ਕੇਵਲ ਨਾਮੁ' ਵੀ ਕਿਹਾ ਹੈ :

**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ ॥** *(ਆਸਾ ਮਹਲਾ ੪, ਅੰਗ ੧੨)*

SIKHBOOKCLUB.COM

ਨਾਮ ਅਤੇ ਨਾਮੀ (ਜਿਸ ਦਾ ਨਾਮ ਹੋਵੇ) ਦੋਵੇਂ ਅਭੇਦ ਹੁੰਦੇ ਹਨ। ਨਾਮੀ ਨੂੰ ਮਿਲਣ ਦਾ ਸਾਧਨ ਨਾਮ ਹੀ ਹੁੰਦਾ ਹੈ। ਵਿਹਾਰਕ ਸੰਸਾਰ ਵਿੱਚ ਵੀ ਨਾਮ ਹੀ ਕਾਰਜ ਸਿੱਧ ਕਰਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ 'ਤੂੰ ਜਾ ਕੇ ਮੇਰਾ ਨਾਮ ਲਈਂ, ਉਹ ਕੰਮ ਕਰ ਦੇਵੇਗਾ।' ਇਥੇ ਵੀ ਨਾਮ ਦੇ ਪਿੱਛੇ ਨਾਮੀ ਦੀ ਸ਼ਕਤੀ ਹੁੰਦੀ ਹੈ। ਸ਼ਕਤੀਸ਼ਾਲੀ ਵਿਅਕਤੀ ਦਾ ਨਾਮ, ਉਸ ਦੀ ਸ਼ਕਤੀ ਦਾ ਪ੍ਰਤੀਕ ਹੋਣ ਕਾਰਨ, ਵਿਹਾਰਕ ਕੰਮ ਕਰਵਾ ਜਾਂਦਾ ਹੈ। ਸਰਬ ਸ਼ਕਤੀਮਾਨ ਪ੍ਰਭੂ ਦਾ ਨਾਮ ਲੋਕ-ਪ੍ਰਲੋਕ ਦੇ ਸਭ ਕਾਰਜ ਸਿੱਧ ਕਰ ਜਾਂਦਾ ਹੈ। ਇਸੇ ਲਈ ਪ੍ਰਭੂ ਦਾ ਨਾਮ ਧਾਰਨ ਕਰਨਾ ਜ਼ਰੂਰੀ ਹੈ। ਨਾਮ ਤੋਂ ਬਿਨਾਂ ਜਨਮ ਨੂੰ ਬਿਰਥਾ ਜਾਂ ਫ਼ਜ਼ੂਲ ਬੀਤ ਰਿਹਾ ਵੀ ਕਿਹਾ ਹੈ :

**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥** *(ਆਸਾ ਮਹਲਾ ੫, ਅੰਗ ੧੨)*

ਗੁਰਬਾਣੀ ਅਨੁਸਾਰ ਸਤਿਜੁਗ, ਦੁਆਪਰ ਤੇ ਤ੍ਰੇਤਾ ਜੁਗਾਂ ਵਿਚ ਸਤਿ (ਸੱਚ), ਪੂਜਾ ਅਤੇ ਯੱਗ ਮੁੱਖ ਸਾਧਨ ਸਨ। ਪਰ ਕਲਿਜੁਗ ਵਿਚ ਉਕਤ ਤਿੰਨੇ ਸਾਧਨ ਮੁੱਖ ਨਹੀਂ ਰਹੇ। ਇਸ ਜੁਗ ਵਿਚ ਮੁਕਤੀ ਦਾ ਮੁੱਖ ਸਾਧਨ ਕੇਵਲ ਨਾਮ ਹੈ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥

*(ਗਉੜੀ ਰਵਿਦਾਸ ਜੀ, ਅੰਗ ੩੪੬)*

ਭਗਤੀ ਮਾਰਗ ਨਾਮ ਤੋਂ ਬਿਨਾਂ ਵਿਅਰਥ ਹੈ। ਭਗਤੀ (ਪ੍ਰੇਮ) ਵਿਚ ਨਾਮ ਹੀ ਮੁੱਖ ਹੁੰਦਾ ਹੈ। ਪਿਆਰ ਕਰਨ ਵਾਲਾ ਆਪਣੇ ਪਿਆਰੇ ਦਾ ਨਾਮ ਭੁੱਲ ਨਹੀਂ ਸਕਦਾ, ਸਦਾ ਉਸ ਨੂੰ ਯਾਦ ਰੱਖਦਾ ਹੈ। ਪ੍ਰੀਤ ਦਾ ਪਹਿਲਾ ਪੜਾਅ ਸਰਗੁਣ ਹੀ ਹੁੰਦਾ ਹੈ। ਪ੍ਰਭੂ ਦਾ ਸਰਗੁਣ ਸਰੂਪ ਸਤਿਗੁਰੂ ਹੈ। ਸਤਿਗੁਰੂ ਨਾਲ ਪਿਆਰ ਕਰਨ ਵਾਲਾ ਸਿੱਖ ਉਸ ਦਾ ਵਿਛੋੜਾ ਸਹਿ ਨਹੀਂ ਸਕਦਾ, ਇਹ ਬਿਰਹਾ ਹੈ। ਬਿਰਹਾ ਕੁੱਠਾ ਮਨ ਬਿਹਬਲ ਹੋ ਕੇ ਕੂਕ ਉੱਠਦਾ ਹੈ:

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥

*(ਮਾਝ ਮਹਲਾ ੫, ਅੰਗ ੯੬)*

ਇਸ ਵਿਛੋੜੇ ਦੀ ਤੜਪ ਨੂੰ ਫ਼ਰੀਦ ਜੀ ਨੇ ਬਿਰਹਾ ਕਿਹਾ ਹੈ ਤੇ ਇਸ ਬਿਰਹਾ ਤੋਂ ਬਿਨਾਂ ਇਨਸਾਨ ਦਾ ਵਜੂਦ ਮਸਾਣਾਂ ਵਰਗਾ ਹੈ:

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨੁ॥

*(ਫਰੀਦ ਜੀ, ਅੰਗ ੧੩੭੯)*

ਬਿਰਹਾ ਵਿਚ ਪਿਆਰੇ ਦੀ ਯਾਦ ਨਾਮ ਹੈ। ਨਾਮ-ਮਾਰਗ ਦਾ ਦੂਜਾ ਨਾਂ ਸੰਤ-ਮਾਰਗ ਵੀ ਹੈ। ਸੰਤ ਹੀ ਗੁਰੂ ਹੁੰਦਾ ਹੈ। ਉਹ ਸੰਸਾਰਕ ਵਿਦਿਆ ਲਿਖ-ਪੜ੍ਹ ਕੇ ਬਣਿਆ ਉਸਤਾਦ ਨਹੀਂ ਹੁੰਦਾ ਸਗੋਂ ਪ੍ਰਭੂ ਦੀ ਕਿਰਪਾ ਨਾਲ, ਨਦਰ ਨਾਲ ਜਾਂ ਮਿਹਰ ਨਾਲ ਸੰਤ ਬਣਦਾ ਹੈ:

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ *(ਸਵਯੇ ਮਹਲੇ ੫, ਅੰਗ ੧੩੯੮)*

ਪ੍ਰਭੂ ਦੀ ਕਿਰਪਾ ਵੀ ਉਹਨਾਂ ਭਗਤਾਂ ਉੱਤੇ ਹੁੰਦੀ ਹੈ ਜਿਹੜੇ ਪਪੀਹੇ-ਵਤ ਨਾਮ ਦੀ ਰਟ ਲਾਉਂਦੇ ਹੀ ਰਹਿੰਦੇ ਹਨ। ਜਿਹਨਾਂ ਨੂੰ ਸਾਸ-ਗਿਰਾਸ ਨਾਮ ਨਹੀਂ ਵਿਸਰਦਾ, ਉਹੀ ਸੰਤ ਹਨ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥

**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥**

*(ਸਲੋਕ ਮਹਲਾ ੫, ਅੰਗ ੩੧੯)*

ਸੋ ਨਾਮ ਲਈ ਅਜਿਹੇ ਪੂਰਨ ਸੰਤਾਂ ਦੀ ਭਾਲ ਜ਼ਰੂਰੀ ਹੈ। ਇਹ ਸੰਤ ਸੱਜਣ ਹੁੰਦੇ ਹਨ ਜਿਹੜੇ ਦੋਹਾਂ ਜਹਾਨਾਂ ਵਿਚ ਨਾਲ ਰਹਿੰਦੇ ਹਨ :

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥**

*(ਸੂਹੀ ਮਹਲਾ ੧, ਅੰਗ ੭੨੯)*

ਇਹਨਾਂ ਪੂਰਨ ਸੰਤ ਸੱਜਣਾਂ ਨਾਲ ਜੋੜ ਕੇ ਕੱਚੜਿਆਂ (ਦੁਨੀਆਂਦਾਰਾਂ) ਨਾਲੋਂ ਮੋਹ ਦੀਆਂ ਤੰਦਾਂ ਤੋੜਨੀਆਂ ਪੈਂਦੀਆਂ ਹਨ :

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥**

*(ਡਖਣੇ ਮਹਲਾ ੫, ਅੰਗ ੧੧੦੨)*

ਮੈਨੂੰ ਕੱਲ੍ਹ ਵਾਂਗ ਯਾਦ ਹੈ ਜਦੋਂ ਵਿਰਕਤ ਜੀ[1] ਮਹਾਰਾਜ ਨਾਲ ਸੰਜੋਗ ਹੋ ਗਿਆ ਤਾਂ ਫਿਰ 'ਇਕ ਘੜੀ ਨਾ ਮਿਲਤੇ' ਵਾਲੀ ਅਵਸਥਾ ਹੋ ਗਈ ਸੀ। ਅੰਦਰ ਦੀ ਖਿੱਚ ਨੇ ਆਪ ਜੀ ਦੇ ਪੰਚ ਭੂਤਕ ਸਰੀਰ ਨੂੰ ਛੇਤੀ ਹੀ ਖਿੱਚ ਪਾਈ ਤੇ ਉਹਨਾਂ ਛੇਤੀ ਹੀ ਸਰੀਰਕ ਰੂਪ ਵਿਚ ਦਰਸ਼ਨ ਦਿੱਤੇ ਤਾਂ ਅੰਦਰਲਾ ਬਿਰਹਾ ਹੰਝੂਆਂ ਦਾ ਰੂਪ ਧਾਰ ਕੇ ਅੱਖਾਂ ਰਾਹੀਂ ਵਹਿ ਤੁਰਿਆ, ਜਿਸ 'ਤੇ ਮਹਾਰਾਜ ਜੀ ਨੇ ਫ਼ੁਰਮਾਇਆ ਸੀ, "ਜੇ ਤੈਨੂੰ ਮੇਲ ਦੀ ਐਤਨੀ ਹੀ ਖਿੱਚ ਹੈ ਤਾਂ ਸਾਡੇ ਸਰੂਪ ਨਾਲ ਮਿਲਿਆ ਕਰ। ਇਹ ਪੰਜ-ਭੂਤਕ ਦੇਹ ਤਾਂ ਸਾਡਾ ਸਰੂਪ ਨਹੀਂ।"

ਆਪ ਜੀ ਦੇ ਇਹਨਾਂ ਬੋਲਾਂ ਨੇ ਨਾਮ-ਮਾਰਗ ਦਰਸਾ ਦਿੱਤਾ। ਇਸ ਤਰ੍ਹਾਂ ਸਰਗੁਣ ਨੇ ਨਿਰਗੁਣ ਨਾਲ ਮੇਲ ਕਰਵਾ ਦਿੱਤਾ। ਹੁਣ ਸਮਝ ਪਈ ਕਿ 'ਨਿਰਗੁਨੁ ਆਪਿ ਸਰਗੁਨੁ ਭੀ ਓਹੀ' ਇਸੇ ਨੇ ਸਾਰੀ ਮਾਇਆ ਨੂੰ ਆਪਣੀ ਕਲਾ ਨਾਲ ਮੋਹਿਤ ਕੀਤਾ ਹੋਇਆ ਹੈ। ਫੇਰ ਇਸ ਤੁਕ ਦੇ ਅਰਥ ਸਹਿਜੇ ਹੀ ਅਨੁਭਵ ਹੋ ਗਏ ਕਿ 'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥' ਗੁਰੂ ਨਾਨਕ ਸਾਹਿਬ ਆਪ ਨਰਾਇਣ ਹਨ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**

*(ਸਵਯੇ ਮਹਲਾ ੩, ਅੰਗ ੧੩੯੫)*

ਇਹ ਜੋਤਿ ਜਦੋਂ ਦੇਹ ਧਾਰਨ ਕਰਦੀ ਹੈ ਤਾਂ ਸਤਿਗੁਰੂ ਕਹਾਉਂਦੀ ਹੈ।

---

1. ਸ੍ਰੀ 108 ਪੰਡਿਤ ਨਿੱਕਾ ਸਿੰਘ ਜੀ ਵਿਰਕਤ, ਰਿਸ਼ੀਕੇਸ਼।

ਜਦੋਂ ਦੇਹ ਤਿਆਗ ਦਿੰਦੀ ਹੈ ਤਾਂ ਨਿਰਗੁਣ ਜੋਤਿ ਨਿਰੰਕਾਰ ਹੁੰਦੀ ਹੈ। ਨਿਰੰਕਾਰੀ ਬਾਬਾ ਨਾਨਕ ਸਤਿਗੁਰੂ ਬਣ ਕੇ ਜਦੋਂ ਪ੍ਰਗਟ ਹੋਇਆ ਤਾਂ ਜੀਵਾਂ ਦੇ ਮਨਾਂ ਵਿਚ ਭਰਮ ਦੀ ਪਈ ਧੁੰਦ ਨੂਰਾਨੀ ਕਿਰਨਾਂ ਦੇ ਪ੍ਰਕਾਸ਼ ਨਾਲ ਮਿਟ ਗਈ। ਉਸ ਗਿਆਨ ਦੇ ਸੂਰਜ ਸਾਹਮਣੇ ਤਾਰਿਆਂ ਦੀ ਲੋਅ ਵਿਅਰਥ ਹੋ ਕੇ ਰਹਿ ਗਈ। ਰੱਬੀ ਗਿਆਨ ਦੇ ਪ੍ਰਕਾਸ਼ ਵਿਚ ਹੋਰ ਸੰਸਾਰਕ ਗਿਆਨ ਸਭ ਫਿੱਕੇ ਪੈ ਜਾਂਦੇ ਹਨ। ਇਸ ਰਹੱਸ ਨੂੰ ਨਾਮ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਗੁਰਬਾਣੀ ਨਾਮ ਜਿਹੀ ਅਮੋਲਕ ਵਸਤੂ ਦਾ ਗਿਆਨ ਦੇਂਦੀ ਹੈ। ਜਿਸ ਤਰ੍ਹਾਂ ਮਣੀ ਵਾਲਾ ਸੱਪ ਆਪਣੇ ਅੰਦਰੋਂ ਮਣੀ ਕੱਢ ਕੇ ਬਾਹਰ ਰੱਖ ਲੈਂਦਾ ਹੈ ਅਤੇ ਫੇਰ ਉਸ ਦੇ ਪ੍ਰਕਾਸ਼ ਵਿਚ ਮੇਲਦਾ ਹੈ, ਇਸ ਤਰ੍ਹਾਂ ਨਾਮ ਦਾ ਰਸੀਆ ਨਾਮ ਦੀ ਮਣੀ ਦੇ ਪ੍ਰਕਾਸ਼ ਵਿਚ ਮਨ ਨੂੰ ਖਿਡਾਉਂਦਾ ਹੈ। ਮਨ ਇਹ ਖੇਡ ਖੇਲ ਕੇ ਖ਼ੁਸ਼ ਹੁੰਦਾ ਹੈ। ਇਹ ਖ਼ੁਸ਼ੀ ਲਗਾਤਾਰ ਹੋ ਕੇ ਅਨੰਦ ਅਖਵਾਉਂਦੀ ਹੈ। ਜਿਹਨਾਂ ਨੂੰ ਸਤਿਗੁਰੂ ਦੁਆਰਾ ਇਹ ਅਨੰਦ ਪ੍ਰਾਪਤ ਹੋਇਆ ਹੈ, ਉਹੀ ਬੇਅਖ਼ਤਿਆਰ ਕਹਿ ਉੱਠਦੇ ਹਨ:

**ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ॥**

*(ਰਾਮਕਲੀ ਮਹਲਾ ੩, ਅੰਗ ੯੧੭)*

SIKHBOOKCLUB.COM

ਪਰ ਸਤਿਗੁਰੂ ਜੀਵ ਦੇ ਜਤਨਾਂ ਨਾਲ ਨਹੀਂ ਮਿਲਦਾ, ਸਗੋਂ ਸਹਿਜ ਨਾਲ ਆਪੇ ਹੀ ਮਿਲ ਜਾਂਦਾ ਹੈ ਪਰ ਉਸ ਦੇ ਮਿਲਣ ਦੀ ਨਿਸ਼ਾਨੀ ਹੈ ਕਿ ਮਨ ਵਿਚੋਂ ਹੀ ਵਧਾਈਆਂ ਮਿਲਣ ਲੱਗ ਪੈਂਦੀਆਂ ਹਨ:

**ਜਿਸ ਡਿਠਿਆ ਮਨਿ ਹੋਏ ਅਨੰਦ ਸੋ ਸਤਿਗੁਰ ਕਹੀਐ॥**

ਨਾਮ ਕੀ ਹੈ ? ਪ੍ਰਸ਼ਨ ਦਾ ਉੱਤਰ ਦੇਣਾ ਬਣਦਾ ਨਹੀਂ। ਨਾਮ ਤਾਂ ਨਾਮੀ ਹੀ ਹੈ। ਜਿਸ ਤਰ੍ਹਾਂ 'ਇਸ਼ਮ' (ਇਹ ਰੱਬ ਹੈ) ਕਹਿਣਾ ਅਸੰਭਵ ਹੈ, ਇਸ ਤਰ੍ਹਾਂ ਨਾਮ ਇਹ ਹੈ, ਦੱਸਣਾ ਵੀ ਅਸੰਭਵ ਹੈ। ਹਾਂ, ਸਾਰਾ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਤਾਤਪਰਜ ਇਹੀ ਨਿਕਲਦਾ ਹੈ:

**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**

*(ਆਸਾ ਮਹਲਾ ੫, ਅੰਗ ੩੭੮)*

ਕੇਵਲ ਦਾ ਅਰਥ ਸਿਰਫ਼ (only) ਜਿਸ ਤੋਂ ਬਿਨਾਂ ਕੋਈ ਦੂਜਾ ਨਹੀਂ, ਉਹ ਕੇਵਲ ਹੁੰਦਾ ਹੈ। ਕੋਈ ੧ ਹੈ, ਇਕ ਤੋਂ ਬਿਨਾਂ ਦੂਈ ਹੈ ਜਾਂ ਦੂਜਾ ਹੈ। ਦੂਜਾ ਹੋਂਦ ਨਹੀਂ, ਕੂੜ ਹੈ ਜਾਂ ਮਾਇਆ ਹੈ ਕੁਦਰਤ ਹੈ। ੧ ਤੇ ਨਾਮ ਇਕੋ ਹਨ। ਜਿਸ

ਨੂੰ ਨਾਮ ਮਿਲ ਗਿਆ, ਉਸ ਨੂੰ ੧ ਮਿਲ ਗਿਆ। ਇਕ ਦਾ ਨਾਮ ਓਅੰਕਾਰ[1] ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ੧ਓ ਕਰਕੇ ਲਿਖਿਆ ਹੈ। ੧ਓ ਬੀਜ ਹੈ। ਇਸ ਨੂੰ ਬੀਜ-ਮੰਤਰ ਵੀ ਕਿਹਾ ਜਾਂਦਾ ਹੈ। ੧ਓ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਮੂਲ-ਮੰਤਰ ਹੈ। ਮੂਲ (ਜੜ੍ਹ) ਤੋਂ ਬਿਨਾਂ ਬ੍ਰਿਛ ਬੂਟਾ ਨਹੀਂ ਹੋ ਸਕਦਾ। ਜਗਤ ਰੂਪ ਬ੍ਰਿਛ ਦਾ ਮੂਲ ਮੂਲ-ਮੰਤਰ[2] ਹੈ। ਇਹ ਮੂਲ ਆਪਣੇ ਬੀਜ ੧ ਦਾ ਹੀ ਸਰੂਪ ਹੈ। ਜੋ ਪਸਰ ਕੇ ਮੂਲ ਅਖਵਾਇਆ ਹੈ। ਇਸ ਦੇ ਰਹੱਸ ਨੂੰ ਸਮਝਣਾ ਨਾਮ ਦੇ ਰਹੱਸ ਨੂੰ ਸਮਝਣਾ ਹੈ। ਇਹ ਸਮਝਣਾ ਬੁੱਧੀ ਦਾ ਹੈ, ਜਦੋਂ ਬੁੱਧੀ ਗਿਆਨ ਪਰਪੱਕ ਹੋ ਜਾਵੇ ਤਾਂ ਮਨ ਉਸ ਮਾਰਗ ਉੱਤੇ ਤੁਰਦਾ ਹੈ। ਮਨ ਦੋ ਪਾਸਿਆਂ 'ਤੇ ਇਕੋ ਸਮੇਂ ਨਹੀਂ ਤੁਰ ਸਕਦਾ। ਇਹ ਦੋ ਪਾਸੇ ਲਿਵ ਅਤੇ ਧਾਤ ਦੇ ਹਨ:

**ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥**

*(ਵਾਰ ਸਿਰੀਰਾਗੁ ਮਹਲਾ ੩, ਅੰਗ ੮੭)*

ਲਿਵ ਦਾ ਰਾਹ ਅੰਤਰਮੁਖੀ ਤੇ ਧਾਤ ਦਾ ਰਾਹ ਬਾਹਰਮੁਖੀ ਹੈ। ਵਿਗਿਆਨ ਦੀ ਖੋਜ ਸਭ ਬਾਹਰਮੁਖੀ ਹੈ ਪਰ 'ਆਤਮ ਸਾਇੰਸ' ਅੰਤਰਮੁਖਤਾ ਵੱਲ ਲੈ ਜਾਂਦੀ ਹੈ। ਮਨ ਅੰਤਰਮੁਖੀ ਹੋ ਕੇ ਅੰਦਰੋਂ ਹੀ ਸੱਚ ਲੱਭ ਲੈਂਦਾ ਹੈ। ਇਹ ਸਤਿ ਹੀ ਨਾਮ[3] ਹੈ। ਜਗਿਆਸੂ ਵਰਣਾਤਮਕ ਨਾਮ ਦੁਆਰਾ ਰਹਿਸਕ ਸਤਿਨਾਮੁ ਨੂੰ ਪ੍ਰਾਪਤ ਕਰ ਕੇ ਅਫੋਕ ਹੀ ਕਹਿ ਉੱਠਦਾ ਹੈ 'ਵਾਹਿਗੁਰੂ'। ਇਸ ਵਾਹਿਗੁਰੂ ਦੇ ਨਾਮ ਜਹਾਜ਼ ਉੱਤੇ ਜੋ ਵੀ ਚੜ੍ਹ ਜਾਂਦਾ ਹੈ, ਉਹ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ। ਪਰ ਇਸ ਨੂੰ ਸ਼ਰਧਾ ਪੂਰਵਕ ਜਪਣਾ ਬਣਦਾ ਹੈ:

**ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੇ ਪਾਰ॥**
**ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨਹਾਰ॥**

ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਇਹ ਮਨੁੱਖਾ ਜੂਨੀ ਪ੍ਰਾਪਤ ਹੋਈ ਹੈ:

---

1. ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥
ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥ *(ਮਾਰੂ ਮਹਲਾ ੫, ਅੰਗ ੧੦੦੩)*
2. ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥ *(ਰਾਮਕਲੀ ਮਹਲਾ ੧, ਅੰਗ ੯੨੯)*
3. ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥
ਮਾਨ ਸਰੋਵਰਿ ਕਰਿ ਇਸਨਾਨੁ॥ *(ਭੈਰਉ ਕਬੀਰ ਜੀ, ਅੰਗ ੧੧੬੨)*
ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ॥ *(ਮਾਰੂ ਮਹਲਾ ੧, ਅੰਗ ੧੦੪੧)*

**ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥**

*(ਸਿਰੀਰਾਗੁ ਮਹਲਾ ੫, ਅੰਗ ੫੦)*

ਨਾਮ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਲੋੜ ਹੈ ਜੋ ੧ਓ ਰੂਪ ਹੈ। ਇਹ ਓਅੰਕਾਰ ਹੀ ਸੰਤ (ਸਾਧ) ਹੈ ਤੇ ਓਅੰਕਾਰ ਹੀ ਸਤਿਗੁਰੂ ਹੈ। ਤਿੰਨੇ ਇਕੋ ਰੂਪ ੧ ਹਨ, ਇਸ ਲਈ ਤਿੰਨਾਂ ਨੂੰ ਨਮਸਕਾਰ ਹੈ:

**ਓਅੰ ਸਾਧ ਸਤਿਗੁਰ ਨਮਸਕਾਰੰ ॥** *(ਗਉੜੀ ਮਹਲਾ ੫, ਅੰਗ ੨੫੦)*

ਜਿਹੜਾ ਇਸ ੧ ਦਾ ਭੇਦ ਜਾਣ ਗਿਆ, ਉਹ ਆਪ ਹੀ ਕਰਤਾ ਹੈ ਅਤੇ ਆਪ ਹੀ ਪੂਜਯ ਪ੍ਰਭੂ ਹੈ:

**ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥**

*(ਰਾਮਕਲੀ ਮਹਲਾ ੧, ਅੰਗ ੯੩੦)*

**ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥**

*(ਮਾਰੂ ਮਹਲਾ ੧, ਅੰਗ ੧੦੮੧)*

ਇਸੇ ਤ੍ਰੈ-ਮੂਰਤੀ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਇਸ ਤਰ੍ਹਾਂ ਵੀ ਨਿਰੂਪਤ ਕਰਦੇ ਹਨ:

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥**
**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥**

*(ਸਲੋਕ ਮਹਲਾ ੯, ਅੰਗ ੧੪੨੯)*

ਸਤਿਗੁਰੂ ਤੋਂ ਲਿਆ ਗੁਰ-ਮੰਤਰ ਨਾਮ ਹੈ, ਜੋ ਮੈਲੇ ਮਨਾਂ ਦੀ ਮੈਲ ਉਤਾਰ ਕੇ ਸਚਿਆਰ ਬਣਾ ਦੇਂਦਾ ਹੈ:

**ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥**

*(ਰਾਮਕਲੀ ਮਹਲਾ ੩, ਅੰਗ ੯੫੦)*

ਸਤਿਸੰਗ ਵੀ ਨਾਮ ਹੀ ਬਣਾਉਂਦਾ ਹੈ। ਨਾਮ ਦੀ ਵਿਚਾਰ ਤੋਂ ਬਿਨਾਂ ਸਤਿਸੰਗਤ ਨਹੀਂ ਹੋ ਸਕਦੀ:

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**

*(ਸਿਰੀਰਾਗੁ ਮਹਲਾ ੧, ਅੰਗ ੭੨)*

ਇਹ ਇਕੋ ਨਾਮ ਹੀ ਹੁਕਮ ਹੈ ਜਿਸ ਦੀ ਸੋਝੀ ਸਤਿਗੁਰੂ ਨੂੰ ਮਿਲ ਕੇ ਪੈਂਦੀ ਹੈ। ਹੋਰ ਕਿਸੇ ਢੰਗ ਨਾਲ ਇਹ ਪ੍ਰਾਪਤ ਨਹੀਂ ਹੁੰਦਾ:

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥**

*(ਸਿਰੀਰਾਗ ਮਹਲਾ ੨, ਅੰਗ ੭੨)*

ਸੋ ਗੁਰਬਾਣੀ ਵਿਚਾਰ ਨਾਲ ਨਾਮ ਦੀ ਪ੍ਰਾਪਤੀ ਸਤਿਗੁਰੂ ਪਾਸੋਂ ਹੀ

ਹੋਣੀ ਹੈ। ਸਤਿਗੁਰੂ ਦਾ ਸਿੱਖ ਉਹ ਹੈ ਜੋ ਨਾਮ ਜਪਦਾ ਹੈ:

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**

*(ਗਉੜੀ ਮਹਲਾ ੪, ਅੰਗ ੩੦੫)*

ਕਲਿਜੁਗ ਵਿਚ ਨਾਮ ਤੋਂ ਉਪਰ ਹੋਰ ਕੋਈ ਵਿਚਾਰ ਨਹੀਂ ਹੈ। ਨਾਮ ਹੀ ਨਿਰੰਕਾਰ ਹੈ ਅਤੇ ਨਾਮ ਹੀ ਨਿਰੰਜਨ ਹੈ, ਨਾਮ ਹੀ ਸਭ ਦਾ ਠਾਕੁਰ (ਮਾਲਕ) ਹੈ:

**ਘਟਿ ਘਟਿ ਨਾਮ ਨਿਰੰਜਨਾ ਸੋ ਠਾਕੁਰ ਮੇਰਾ।**

ਬਸੰਤ ਰਾਗ ਵਿਚ ਬਾਣੀ ਦੇ ਬੋਹਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਡੰਕੇ ਦੀ ਚੋਟ ਉੱਤੇ ਫ਼ੁਰਮਾਉਂਦੇ ਹਨ:

**ਅਬ ਕਲੂ ਆਇਓ ਰੇ॥**
**ਇਕ ਨਾਮ ਬੋਵਹੁ ਬੋਵਹੁ॥** *(ਬਸੰਤ ਮਹਲਾ ੫, ਅੰਗ ੧੧੮੫)*

SIKHBOOKCLUB.COM

ਇਹ ਨਾਮ ਕਿਸੇ ਦਿਸਣ ਵਾਲੇ ਰੂਪ ਦਾ ਨਾਂ ਨਹੀਂ ਸਗੋਂ ਨਾਮ ਰੂਪ ਵਾਲੀਆਂ ਕੁਝ ਚੀਜ਼ਾਂ ਨੂੰ ਵੇਖਣ ਵਾਲਾ ਚੇਤਨ ਨਾਮ ਹੈ। ਨਾਮ ਦ੍ਰਿਸ਼ ਨਹੀਂ ਦ੍ਰਿਸ਼ਟਾ ਹੈ। ਇਸ ਲਈ ਨਾਮ ਨੂੰ ਕੋਈ ਵੇਖ ਨਹੀਂ ਸਕਦਾ, ਅਨੁਭਵ ਕਰ ਸਕਦਾ ਹੈ:

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗੁ ਅਰੁ ਰੇਖ ਭੇਖ ਕੋਊ ਕਹਿ ਨਾ ਸਕਤ ਕਿਹ॥**
**ਅਚਲ ਮੂਰਤਿ ਅਨਭਉ ਪ੍ਰਕਾਸ ਅਮਿੱਤੋਜ ਕਹਿੱਜੈ॥**
**ਕੋਟਿ ਇੰਦ੍ਰ ਇੰਦ੍ਰਾਣ ਸ਼ਾਹੁ ਸ਼ਾਹਾਨ ਗਣਿੱਜੈ॥**

(ਜਾਪੁ, ਪਾਤਸਾਹੀ ੧੦)

ਅਨਭਉ ਪ੍ਰਕਾਸ਼ ਨਾਮ ਹੈ ਜਿਸ ਦਾ ਕੋਈ ਚਿਹਨ ਚੱਕਰ ਜਾਂ ਰੰਗ ਰੂਪ ਨਹੀਂ ਹੈ। ਉਹ ਬੀਜ ਹੈ ਜਿਸ ਵਿਚ ਦ੍ਰਿਸ਼ਟਮਾਨ ਸਾਰਾ ਸੰਸਾਰ ਹੈ:

**ਬਟਿਕ ਬੀਜ ਮਹਿ ਰਵਿ ਰਹਿਓ ਜਾ ਕਾ ਤੀਨ ਲੋਕ ਬਿਸਥਾਰ॥**

*(ਗਉੜੀ ਕਬੀਰ ਜੀ, ਅੰਗ ੩੪੦)*

ਅਜਿਹਾ ਨਾਮ ਕਿਸੇ ਕੀਮਤ ਨਾਲ ਨਹੀਂ ਮਿਲ ਸਕਦਾ। ਭਾਵ ਇਹ ਕੂੜ ਕੀਮਤਾਂ ਤੋਂ ਪਰੇ ਹੈ, ਅਮੋਲ ਹੈ। ਨਾਮ ਦੇ ਭਰਪੂਰ ਖ਼ਜ਼ਾਨਿਆਂ ਵਾਲੇ ਸੰਤਾਂ ਪਾਸੋਂ ਅਮੁੱਲ ਮਿਲਦਾ ਹੈ। ਮਿਲਦਾ ਕੇਵਲ ਉਹਨਾਂ ਨੂੰ ਹੀ ਹੈ, ਜਿਹੜੇ ਸ਼ਰਧਾਲੂ ਬਣ ਕੇ ਆਉਂਦੇ ਹਨ:

**ਅਮੁਲ ਆਵਹਿ ਅਮੁਲ ਲੈ ਜਾਹਿ॥** *(ਜਪੁਜੀ, ਅੰਗ ੫)*

ਗੁਰੂ ਜੀ ਸਾਰੇ ਸ਼ਾਸਤਰਾਂ (ਧਰਮ ਗ੍ਰੰਥਾਂ) ਅਤੇ ਸਿਮਰਤੀਆਂ ਦਾ ਨਿਚੋੜ ਨਾਮ ਨੂੰ ਆਖਦੇ ਹਨ। ਇਸ ਦੀ ਤੁਲਨਾ ਕਿਸੇ ਨਾਲ ਨਹੀਂ ਹੋ ਸਕਦੀ:

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥**
*(ਗਉੜੀ ਮਹਲਾ ੫, ਅੰਗ ੨੬੫)*

ਅਸਲ ਨਾਮ ਇਕ ਹੈ, ਹੋਰ ਨਾਮ ਪ੍ਰਭੂ ਦੇ ਗੁਣਾਂ ਦੇ ਆਧਾਰ 'ਤੇ ਪਏ ਹੋਣ ਕਰਕੇ ਕਿਰਤਮ ਹਨ:

**ਕਿਰਤਮ ਨਾਮ ਕਥੇ ਤੇਰੇ ਜਿਹਬਾ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ॥** *(ਮਾਰੂ ਮਹਲਾ ੫, ਅੰਗ ੧੦੮੩)*

ਸਤਿਨਾਮ ਸਭ ਤੋਂ ਆਦਿ ਪੂਰਬਲਾ ਹੈ ਅਤੇ ਪਰਾ (ਵਿਆਪਕ) ਨਾਮ ਹੈ। ਗੁਰੂ ਨਾਨਕ ਦੇਵ ਜੀ ਨੇ ੧ ਪਹਿਲਾਂ ਲਿਖ ਕੇ (ਓਅੰਕਾਰ) ਪਿੱਛੋਂ ਲਿਖਿਆ ਹੈ। ੦ ਦੇ ਨਾਲ ੧ ਦਾ ਜੋੜ ੯ ਹੈ, ਬਿੰਦੂ ਭਾਵ ਸੁੰਨ ਭਾਵ ਅਫੁਰ ਏਕਾ (੧) ਹੋਂਦ ਅਰਥਾਤ ਸਤਿ। ੳ (ਓਅੰਕਾਰ ਜਾਂ ਏਕੰਕਾਰ) ਸਫੁਰ ਹੋਂਦ ਫੁਰਨੇ ਸਹਿਤ ਸਤਿ। ਫੁਰਨਾ ਸੰਸਾਰ ਹੈ, ਉਸ ਵਿਚ ਸਤਿ ਨਾਮ ਹੈ। ਨਾਮ ਤੇ ਨਾਮੀ (ਸਤਿ) ਅਭੇਦ (ਇਕ) ਹਨ। ਇਹੀ ਏਕਾ ਬੀਜ ਹੈ:

**ਬੀਜ ਮੰਤ੍ਰ ਸਰਬ ਕੋ ਗਿਆਨ॥** *(ਗਉੜੀ ਮਹਲਾ ੫, ਅੰਗ ੨੭੪)*

ਇਹੀ ਬੀਜ ਸਰਬਤਰ ਜੀਵ-ਜੰਤੂ ਦੇ ਅੰਦਰ ਗਿਆਨ ਸਰੂਪ ਹੈ। ਇਹੀ ਗਿਆਨ ਨਾਮ ਹੈ। ਇਹੀ ਏਕਾ ਘਟ-ਘਟ ਵਿਚ ਮਨਾਂ ਦੇ ਮਣਕਿਆ ਵਿਚ ਪਰੁੱਚਿਆ ਹੋਇਆ ਸਭ ਦਾ ਆਧਾਰ ਹੈ:

**ਏਕਮ ਏਕੰਕਾਰੁ ਨਿਰਾਲਾ॥**
**ਅਮਰੁ ਅਜੋਨੀ ਜਾਤਿ ਨ ਜਾਲਾ॥**
**ਅਗਮ ਅਗੋਚਰੁ ਰੂਪੁ ਨ ਰੇਖਿਆ॥**
**ਖੋਜਤ ਖੋਜਤ ਘਟਿ ਘਟਿ ਦੇਖਿਆ॥**
*(ਬਿਲਾਵਲ ਮਹਲਾ ੧ ਥਿਤੀ, ਅੰਗ ੮੩੮)*

ਖੋਜ ਕਰਨ ਵਾਲੇ ਖੋਜੀਆਂ ਨੂੰ ਇਹ ਨਾਮ ਜੋ ਖ਼ੁਦ ਨਾਮੀ ਹੈ, ਘਟ-ਘਟ

ਵਿਚ ਦਿਸਿਆ ਅਰਥਾਤ ਅਨੁਭਵ ਹੋਇਆ ਹੈ। ਇਹੀ ਨਾਮ ਕੁਲ ਦੁਨੀਆਂ ਭਾਵ ਮਾਇਆ ਦਾ ਆਕਾਰ ਹੈ:

**ਘਟਿ ਘਟਿ ਨਾਮ ਨਿਰੰਜਨਾ ਸੋ ਠਾਕੁਰ ਮੇਰਾ।**

ਇਹ ਘਟ-ਘਟ ਵਾਸੀ ਹੀ ਪ੍ਰਭੂ ਹੈ, ਕੋਈ ਹੋਰ ਇਸ ਤੋਂ ਭਿੰਨ ਨਹੀਂ ਹੈ:

**ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥**

*(ਸੂਹੀ ਮਹਲਾ ੫, ਅੰਗ ੭੮੪)*

ਇਹੀ ਨਾਮ ਤੀਰਥ ਹੈ, ਜਿਸ ਵਿਚ ਇਸ਼ਨਾਨ ਕੀਤਿਆਂ ਕਰੋੜਾਂ ਪਾਪ ਨਸ਼ਟ ਹੋ ਜਾਂਦੇ ਹਨ। ਇਸ ਨਾਮ ਦੇ ਸਰੋਵਰ ਵਿਚ ਇਸ਼ਨਾਨ ਮਨ ਨੇ ਕਰਨਾ ਹੈ। ਇਸੇ ਲਈ ਨਾਮ ਚਿੱਤ ਬਿਰਤੀ ਨੂੰ ਇਕਾਗਰ (ਇਕ+ਆਗਰ, ਇਕ ਦੇ ਅੱਗੇ) ਕਰ ਕੇ ਜਪਿਆ ਜਾਂਦਾ ਹੈ, ਨਿਰਾ ਰਸਨਾ ਨਾਲ ਨਹੀਂ। ਮੂੰਹੋਂ ਬੋਲਿਆਂ, ਉੱਚੀ-ਉੱਚੀ ਡੰਡ ਪਾਇਆਂ ਰੱਬ ਨਹੀਂ ਮਿਲਦਾ। ਉਹ ਸਹਿਜ ਨਾਲ ਨਾਮ ਜਪਿਆਂ ਪਛਾਣ ਵਿਚ ਆ ਜਾਂਦਾ ਹੈ ਤੇ ਜਨਮਾਂ-ਜਨਮਾਂਤਰਾਂ ਦੇ ਵਿੱਛੜੇ ਇਕ ਛਿਨ ਵਿਚ ਮਿਲ ਜਾਂਦੇ ਹਨ:

**ਏਕ ਚਿਤੁ ਜਿਹ ਇਕ ਛਿਨ ਧਿਆਇਓ॥**
**ਕਾਲ ਫਾਸ ਕੇ ਬੀਚ ਨ ਆਇਓ॥**

*(ਚੌਪਈ, ਪਾਤਸ਼ਾਹੀ ੧੦)*

SIKHBOOKCLUB.COM

ਪ੍ਰਭੂ ਨੂੰ ਪਛਾਨ ਲੈਣ ਦੀ ਛਿਨ, ਇਕਾਗਰ ਮਨਾਂ ਨੂੰ ਹੀ ਮਿਲਦੀ ਹੈ:

**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥**
**ਨਾਨਕ ਨਾਮੁ ਮਿਲੈ ਮਨੁ ਮਾਨਿਆ॥**

*(ਧਨਾਸਰੀ ਮਹਲਾ ੩, ਅੰਗ ੬੬੪)*

ਸੰਸਾਰ ਦੀ ਖੇਡ ਮਸਤ, ਖਿੰਡੀਆਂ ਵਿਰਤੀਆਂ ਵਾਲੇ, ਨਾਮ ਜਿਹੀ ਅਮੋਲ ਵਸਤੂ ਸੁਣ-ਸੁਣਾ ਕੇ ਨਹੀਂ ਲੈ ਸਕਦੇ। ਨਾ ਹੀ ਕਿਤਾਬਾਂ ਪੜ੍ਹ-ਪੜ੍ਹ ਕੇ ਇਸ ਦਾਤ ਨੂੰ ਪ੍ਰਾਪਤ ਕਰ ਸਕਦੇ ਹਨ। ਹਉਂ ਧਾਰੀ ਦਾ ਬਹੁਤਾ ਪੜ੍ਹਨਾ ਵੀ ਪਾਗ਼ਲ ਬਣਾ ਦੇਂਦਾ ਹੈ:

**ਲਿਖਿ ਲਿਖਿ ਪੜਿਆ ਤੇਤਾ ਕੜਿਆ॥** *(ਆਸਾ ਮਹਲਾ ੧, ਅੰਗ ੪੬੭)*

ਪਹਿਲਾਂ ਨਾਮ ਦੀ ਜਗਿਆਸਾ (ਚਾਹਨਾ, ਤੜਪ) ਹੋਵੇ ਤਾਂ ਨਾਮੀ ਪੁਰਸ਼ (ਸਤਿਗੁਰੂ) ਆਪ ਆ ਮਿਲਦਾ ਹੈ:

**ਪੂਰਬ ਕਰਮ ਅੰਕੁਰ ਜਬ ਪ੍ਰਗਟੇ**
**ਭੇਟਿਓ ਪੁਰਖੁ ਰਸਿਕ ਬੈਰਾਗੀ॥**

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ**
**ਜਨਮ ਜਨਮ ਕੀ ਸੋਈ ਜਾਗੀ ॥** *(ਗਉੜੀ ਮਹਲਾ ੫, ਅੰਗ ੨੦੪)*

ਜਦੋਂ ਪੂਰਬਲਾ ਪੁੰਨ ਕਰਮ ਆਪਣਾ ਫ਼ਲ ਦੇਂਦਾ ਹੈ ਤਾਂ ਨਾਮ ਰਸੀਆ ਰਸਿਕ ਪੁਰਖ ਆਪ ਆ ਮਿਲਦਾ ਹੈ। ਉਸ ਦੇ ਮਿਲਦਿਆਂ ਸਾਰ ਮਨ ਵਿਚੋਂ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ। ਗਿਆਨ ਦੇ ਪ੍ਰਕਾਸ਼ ਵਿਚ, ਸੁਰਤੀ ਜੋ ਪਹਿਲਾਂ ਸੁੱਤੀ ਪਈ ਸੀ, ਜਾਗ ਉੱਠਦੀ ਹੈ। ਨਾਮ ਤੋਂ ਬਿਨਾਂ ਅਸੰਖਾਂ ਜੀਵ ਸੁੱਤੇ ਪਏ ਹਨ। ਮਾਇਆ ਦੀ ਖੇਡ ਵਿਚ ਝੂਠਾ ਸੰਸਾਰ ਸੁਪਨੇ-ਵਤ ਸੱਚ ਭਾਸ ਰਿਹਾ ਹੈ ਪਰ ਨਾਮ ਜਪਣ ਵਾਲੇ ਨੂੰ ਜਾਗ ਆ ਜਾਂਦੀ ਹੈ ਤੇ ਸੋਝੀ ਹੋ ਜਾਂਦੀ ਹੈ, ਜਿਸ ਕਾਰਨ ਉਹ ਜਾਗ ਕੇ ਨਾਮ ਹੀ ਜਪਦਾ ਹੈ:

**ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥**
**ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥**
*(ਸਲੋਕ ਮਹਲਾ ੫, ਅੰਗ ੧੪੨੫)*

ਗੁਰਬਾਣੀ ਤੋਂ ਬਿਨਾਂ ਨਾਮ ਮਾਰਗ ਦਾ ਪਤਾ ਨਹੀਂ ਲੱਗ ਸਕਦਾ, ਇਸ ਲਈ ਗੁਰਬਾਣੀ ਇਸ ਜਗ ਵਿਚ ਚਾਨਣ ਹੈ। ਗੁਰਬਾਣੀ ਦਾ ਵਿਚਾਰ ਨਾਮ ਦੀ ਸੋਝੀ ਪਾਉਂਦਾ ਹੈ, ਪਰ:

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥**
*(ਰਾਮਕਲੀ ਮਹਲਾ ੧, ਅੰਗ ੯੩੫)*

ਦੇ ਹੁਕਮ ਅਨੁਸਾਰ ਬਾਣੀ ਨੂੰ ਹਰ ਕੋਈ ਨਹੀਂ ਵਿਚਾਰ ਸਕਦਾ। ਇਸ ਦਾ ਗਿਆਨ ਕਿਸੇ ਵਿਰਲੇ ਗੁਰਮੁਖ ਨੂੰ ਹੀ ਹੁੰਦਾ ਹੈ। ਉਹ ਮਨ ਨੂੰ ਜਿੱਤ ਕੇ, ਜਗਤ ਨੂੰ ਜਿੱਤ ਲੈਂਦੇ ਹਨ:

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥**
*(ਸਲੋਕ ਮਹਲਾ ੧, ਅੰਗ ੧੪੧੧)*

ਅਜਿਹੇ ਗੁਰਮੁਖ ਨਾਮ ਦੁਆਰਾ ਬਾਣੀ ਦੇ ਗੁੱਝੇ ਰਤਨਾਂ ਨੂੰ ਖੋਜ ਲੈਂਦੇ ਹਨ, ਫਿਰ ਇਹ ਜਗਿਆਸੂਆਂ ਨੂੰ ਉਹਨਾਂ ਦੀ ਸ਼ਰਧਾ ਵੇਖ ਕੇ ਅਮੁੱਲ ਬਖ਼ਸ਼ ਦੇਂਦੇ ਹਨ:

**ਅਮੁਲ ਆਵਹਿ ਅਮੁਲ ਲੈ ਜਾਹਿ ॥** *(ਜਪੁਜੀ, ਅੰਗ ੫)*

ਬਖ਼ਸ਼ਿਸ਼ ਤੋਂ ਬਿਨਾਂ ਨਾਮ ਜਿਹੀ ਦਾਤ ਪ੍ਰਾਪਤ ਨਹੀਂ ਹੋ ਸਕਦੀ। ਇਸੇ ਲਈ ਰੱਬੀ ਬਾਣੀ ਦਾ ਫ਼ੁਰਮਾਨ ਹੈ:

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

*(ਗਉੜੀ ਮਹਲਾ ੫, ਅੰਗ ੨੬੫)*

# ਨਾਨਕ ਨਾਮ ਅਮੋਲ

ਗੁਰੂ ਨਾਨਕ ਦੇਵ ਜੀ ਦੇ ਮਤ ਵਿਚ ਨਾਮ ਮੁੱਖ ਹੈ। 'ਨਾਨਕ ਕੇ ਘਰ ਕੇਵਲ ਨਾਮੁ'। ਗੁਰਮਤਿ ਅਨੁਸਾਰ ਗੁਰ-ਮੰਤਰ, ਮਾਲਾ-ਮੰਤਰ, ਮੂਲ-ਮੰਤਰ ਅਤੇ ਬੀਜ-ਮੰਤਰ ਨੂੰ ਸਮੰਝਣਾ ਬੁੱਧੀ ਗਿਆਨ ਲਈ ਲਾਭਕਾਰੀ ਹੈ।

***ਬੀਜ-ਮੰਤਰ :*** ਬੀਜ ਹਰ ਸ਼ੈਅ ਦਾ ਹੈ। ਬਿਨਾਂ ਬੀਜ ਦੇ ਕੋਈ ਸ਼ੈਅ ਨਹੀਂ। ਇਸ ਦ੍ਰਿਸ਼ਟਮਾਨ ਸ੍ਰਿਸ਼ਟੀ ਦਾ ਵੀ ਕੋਈ ਬੀਜ ਜ਼ਰੂਰ ਹੈ। ਗੁਰੂ ਨਾਨਕ ਮਤ ਅਨੁਸਾਰ ਉਹ ਏਕਾ (੧) ਹੈ, ਜਿਸ ਨੂੰ ਓਅੰਕਾਰ (ੴ) ਕਿਹਾ ਜਾਂਦਾ ਹੈ। 'ੴ' ਬੀਜ-ਮੰਤਰ ਹੈ।

***ਮੂਲ ਮੰਤਰ :*** ਬੀਜ ਤੋਂ ਪਹਿਲਾਂ ਮੂਲ (ਜੜ੍ਹ) ਪੈਦਾ ਹੁੰਦੀ ਹੈ। ਫਿਰ ਉਸ ਜੜ੍ਹ ਦਾ ਆਸਰਾ ਲੈ ਕੇ ਤੂਈ ਫੁੱਟਦੀ ਹੈ। ਉਹ ਤੂਈ (ਅੰਕੁਰ) ਮੂਲ ਤੋਂ ਖ਼ੁਰਾਕ ਲੈ ਕੇ ਵਧਦੀ-ਫੁੱਲਦੀ ਹੋਈ ਕਈ ਲਗਰਾਂ, ਟਹਿਣੀਆਂ, ਫੁੱਲਾਂ-ਫ਼ਲਾਂ ਵਾਲੀ ਹੋ ਕੇ ਬ੍ਰਿਛ, ਬੂਟਾ ਅਖਵਾਉਂਦੀ ਹੈ। ਸੂਖ਼ਮ ਜਿਹਾ ਬੀਜ ਪਹਿਲਾਂ ਮੂਲ (ਜੜ੍ਹ) ਬਣ ਕੇ ਫਿਰ ਵਿਰਾਟ ਟਹਿਣੇ-ਟਹਿਣੀਆਂ ਤੇ ਫੁੱਲ-ਪੱਤੀਆਂ ਵਾਲਾ ਰੁੱਖ ਬਣ ਕੇ ਦਿਖਾਈ ਦੇਂਦਾ ਹੈ। ਰੱਬੀ ਕਮਾਲ, ਸੂਖ਼ਮ ਜਿਹੇ ਬੀਜ ਵਿਚੋਂ ਬੜਾ ਵੱਡਾ ਅਸਥੂਲ ਰੂਪ ਦਿਖਾਉਂਦਾ ਹੈ। ਇਸੇ ਭਾਂਤ ਹੀ ਅਦ੍ਰਿਸ਼ਟ ਪ੍ਰਭੂ ਬੀਜ ਰੂਪ ਹੈ ਜਦੋਂ ਸ੍ਰਿਸ਼ਟੀ ਰਚਦਾ ਹੈ ਤਾਂ ਪਹਿਲਾਂ ਮੂਲ (ਅਦ੍ਰਿਸ਼ਟ) ਰੂਪ ਹੋ, ਫਿਰ ਸਥੂਲ ਖੰਡਾਂ-ਬ੍ਰਹਿਮੰਡਾਂ ਦਾ ਵਿਸ਼ਾਲ ਰੂਪ ਹੋ ਕੇ ਦ੍ਰਿਸ਼ਟੀ ਗੋਚਰ ਹੁੰਦਾ ਹੈ :

ਆਪਹਿ ਸੂਖਮ ਆਪਹਿ ਅਸਥੂਲਾ॥
ਲਖੀ ਨ ਜਾਈ ਨਾਨਕ ਲੀਲਾ॥ *(ਗਉੜੀ ਮਹਲਾ ੫, ਅੰਗ ੨੫੦)*

ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਲੋਧੀ (ਕਪੂਰਥਲਾ) ਵੇਈਂ ਨਦੀ ਵਿਚ ਇਸ਼ਨਾਨ ਕਰਨ ਸਮੇਂ ਮੂਲ-ਮੰਤਰ ਦੇ ਦਰਸ਼ਨ ਹੋਏ। ਲੋਕਾਂ ਨੇ ਸਮਝਿਆ ਕਿ ਨਾਨਕ ਡੁੱਬ ਗਿਆ ਹੈ ਪਰ ਆਪ ਜੀ ਅਲੋਪ ਹੋ ਗਏ ਸਨ। ਤੀਜੇ ਦਿਨ ਪ੍ਰਗਟ ਹੋਏ ਤਾਂ ਆਪ ਜੀ ਮੂਲ ਮੰਤਰ ਉਚਾਰਨ ਕਰਦੇ ਨਜ਼ਰੀਂ ਪਏ।

ਮੰਤਰਾਂ ਦੇ ਕੋਈ ਕਰਤਾ (ਲੇਖਕ) ਨਹੀਂ ਹੁੰਦੇ ਸਗੋਂ ਦ੍ਰਿਸ਼ਟਾ ਹੁੰਦੇ

ਹਨ। ਰਿਖੀਆਂ ਨੂੰ ਦਰਸ਼ਨ ਹੁੰਦੇ ਹਨ ਜਾਂ ਇਸਲਾਮ ਦੀ ਧਾਰਨਾ ਵਿਚ ਬੋਲਣਾ ਹੋਵੇ ਤਾਂ 'ਵਹੀ' ਨਾਜ਼ਲ ਹੁੰਦੀ ਹੈ। *(ਸੰਤ ਵਿਨੋਬਾ ਭਾਵੇ)*

ਹਰ ਉਪਾਸ਼ਨਾ ਵਿਚ ਕੁਝ ਮੂਲ ਮੰਤਰ ਹੁੰਦੇ ਹਨ ਜੋ ਚਿੰਤਨ ਲਈ ਹੁੰਦੇ ਹਨ। ਜਿਵੇਂ ਭਾਗਵਤ ਸੰਪ੍ਰਦਾਇ ਵਿਚ ਦਵਾਦਸ਼ ਅਕਸਰ ਮੰਤਰ, ਰਾਮ ਸੰਪ੍ਰਦਾਇ ਵਿਚ ਤ੍ਰਿਓਦਸ ਮੰਤਰ, ਸ਼ਿਵ ਸੰਪ੍ਰਦਾਇ ਵਿਚ ਪੰਚਾਕਸ਼ਰ ਮੰਤਰ ਤਿਵੇਂ ਹੀ ਸਿੱਖਾਂ ਦਾ ਇਹ ਮੰਤਰ ਹੈ, ਜਿਸ ਦਾ ਦ੍ਰਿਸ਼ਟਾ (ਦਾਨਾ, ਬੀਨਾ) ਰਿਖੀ ਨਾਨਕ ਹੈ।

*(ਸੰਤ ਵਿਨੋਬਾ ਭਾਵੇ, ਟੀਕਾ ਜਪੁਜੀ ਸਾਹਿਬ)*

ਗੁਰੂ ਨਾਨਕ ਦੇਵ ਜੀ ਨੂੰ ਮੂਲ ਮੰਤਰ ਦੀ ਵਹੀ ਨਾਜ਼ਲ ਹੋਈ ਜਾਂ ਆਕਾਸ਼ਵਾਣੀ ਹੋਈ, ਇਹ ਆਪ ਨੂੰ ਰੱਬ ਵੱਲੋਂ ਸਭ ਤੋਂ ਪਹਿਲਾ ਗਿਆਨ ਸੀ। ਮੂਲ ਮੰਤਰ ਵਿਚ ਪ੍ਰਭੂ ਦੇ ਸਰੂਪ ਨੂੰ ਨੌ ਪਦਾਂ ਵਿਚ ਵਰਣਨ ਕੀਤਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਤੀਜੀ ਵਾਰ ਦੀ ਪੰਦਰ੍ਹਵੀਂ ਪਉੜੀ ਵਿਚ ਇਹਨਾਂ ਨੌਂ ਪਦਾਂ ਨੂੰ ਸੁੰਨ ਪ੍ਰਭੂ ਵਿਚ ਸ਼ੁਮਾਰ ਕੀਤਾ ਹੈ, ਜਿਹੜਾ ਪ੍ਰਭੂ ਸਭ ਦੇ ਸੰਗ ਹੁੰਦਿਆਂ ਵੀ ਨਿਰਲੇਪ ਤੇ ਨਿਰਾਲਾ ਹੈ। ਅੱਗੇ ਪੰਜ ਭਾਗ ਸੱਚ-ਮੰਤਰ ਦੇ ਹਨ ਜੋ ਜਪੁ ਤੋਂ ਆਰੰਭ ਹੋ ਕੇ ਨਾਨਕ ਹੋਸੀ ਭੀ ਸਚੁ ਤਕ ਸਮਾਪਤ ਹੁੰਦੇ ਹਨ। ਭਾਈ ਗੁਰਦਾਸ ਜੀ ਦੀ ਇਹ ਪਉੜੀ ਮੂਲ-ਮੰਤਰ ਦਾ ਸੰਖੇਪਤਾ ਵਿਚ ਟੀਕਾ ਹੈ :

| | |
|---|---|
| ਏਕਾ ਏਕੰਕਾਰੁ ਲਿਖਿ ਦੇਖਾਲਿਆ ॥ | ੧ੴ-੧ |
| ਊੜਾ ਓਅੰਕਾਰੁ ਪਾਸਿ ਬਹਾਲਿਆ ॥ | ੳ |
| (ਓਅੰਕਾਰ)-੨ | |
| ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ ॥ | ਸਤਿਨਾਮੁ-੩ |
| ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ ॥ | ਕਰਤਾਪੁਰਖ-੪ |
| ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ ॥ | ਨਿਰਭਉ ਨਿਰਵੈਰੁ-੫ |
| ਪੰਜ ਅਖਰ ਉਪਕਾਰ ਨਾਮੁ ਸਮਾਲਿਆ ॥ | ਅਕਾਲ ਮੂਰਤਿ-੬ |
| ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ ॥ | ਅਜੂਨੀ-੭ |
| ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ ॥ | ਸੈਭੰ-੮ |
| ੧, ੨, ੩, ੪, ੫ | ਗੁਰਪ੍ਰਸਾਦਿ-੯ |

ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥੧੫॥ ਗੁਰਪ੍ਰਸਾਦਿ

*(ਭਾਈ ਗੁਰਦਾਸ ਜੀ)*

ਮੂਲ ਮੰਤਰ ਦੇ ਅੱਖਰ 35 ਹਨ। '੧' ਅੰਕ ਮਿਲਾ ਕੇ 36 ਹਨ।

*(ਡਾ. ਚਰਨ ਸਿੰਘ, ਬਾਣੀ ਬਿਉਰਾ)*

'ਬਾਣੀ ਬਿਉਰਾ' ਪੁਸਤਕ ਦੇ 71 ਸਫ਼ੇ ਦੇ ਚੱਕਰ ਨੰਬਰ 1 ਅਨੁਸਾਰ ਜਪੁ ਨੀਸਾਣ ਦੇ ਅੱਖਰਾਂ ਅਤੇ ਮਾਤਰਾਂ ਦੀ ਕੁਲ ਗਿਣਤੀ 4977 ਹੈ

ਇਸੇ ਕਿਤਾਬ ਦੇ ਸਫ਼ਾ 104 ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਲ ਸ਼ਬਦਾਂ ਦੀ ਗਿਣਤੀ 5895 ਹੈ।

ਇਹ ਸਭ ਕੁਝ ਲਿਖਣ ਤੋਂ ਮੇਰਾ ਭਾਵ ਇਹ ਹੈ ਕਿ ਇਹਨਾਂ ਨੂੰ ਆਪੋ ਵਿਚ ਜੋੜ ਕੇ ਉੱਤਰ 9 ਹੀ ਆਉਂਦਾ ਹੈ:

1. 36—(3 + 6) 9
2. 4977—(4 + 9 + 7 + 7=27) 9
3. 5895—(5 + 8 + 9 + 5=27) 9

ਹੁਣ ਭਾਈ ਗੁਰਦਾਸ ਜੀ ਦੇ ਇਸ ਕਥਨ ਦੀ ਵਿਚਾਰ ਕਰੋ। 9 ਅੰਗ ਸੁੰਨ ਪ੍ਰਭੂ ਹੀ ਹਨ। 9 ਹਿੰਦਸਾ ਪੂਰਾ ਹੈ। ਇਸ ਦਾ ਪਹਾੜਾ ਜਿੰਨਾ ਮਰਜ਼ੀ ਗਿਣੋ, ਉਸ ਦਾ ਜੋੜ 9 ਹੀ ਹੋਵੇਗਾ। ਜਿਵੇਂ:

SIKHBOOKCLUB.COM

1. 1×9=9
2. 2×9=18=9
3. 3×9=27=9

9 ਪੂਰਾ ਹਿੰਦਸਾ ਹੋਣ ਕਰਕੇ ਨੌਂ ਪਦਾਂ ਵਾਲਾ ਮੂਲ ਮੰਤਰ ਪੂਰਾ ਪ੍ਰਭੂ ਹੈ, ਜਿਸ ਦਾ ਨਾਮ ਵੀ ਪੂਰਾ ਹੈ:

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥**
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥**

*(ਮਹਲਾ ੫, ਅੰਗ ੨੯੫)*

ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਖ਼ੁਦ ਲਿਖਦੇ ਹਨ:

**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥**

ਭਾਈ ਗੁਰਦਾਸ ਜੀ ਇਸੇ ਕਰਨ ਦੀ ਪ੍ਰੋੜ੍ਹਤਾ ਕਰਦੇ ਲਿਖਦੇ ਹਨ:

**ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰੁ ਸਿਮਰਣ ਪਰਵਾਣੈ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 156 'ਤੇ ਇਸ ਮੂਲ ਮੰਤਰ ਨੂੰ ਉਹ ਦਵਾਈ ਦੱਸਿਆ ਹੈ ਜਿਸ ਦਾ ਦ੍ਰਿੜ੍ਹਤਾ ਨਾਲ ਚਿੰਤਨ ਜਨਮਾਂ-ਜਨਮਾਂਤਰਾਂ ਦੇ ਪਾਪ

ਕਰਮਾਂ ਨੂੰ ਕੱਟਦਾ ਹੈ:

**ਗਉੜੀ ਚੇਤੀ ਮਹਲਾ ੧ ॥**
**ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥**
**ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥**

*(ਅੰਗ ੧੫੬)*

*ਮਾਲਾ ਮੰਤਰ :* ਮੂਲ ਮੰਤਰ ਦੇ ਨਾਲ ਸੱਚ-ਮੰਤਰ ਅਰਥਾਤ ਜਪੁਜੀ ਬਾਣੀ ਦਾ ਪਹਿਲਾ ਸਲੋਕ ਮਿਲਾ ਕੇ ਚਿੰਤਨ ਕਰਨ ਨਾਲ ਮਾਲਾ-ਮੰਤਰ ਅਖਵਾਉਂਦਾ ਹੈ। ਪ੍ਰਾਚੀਨ ਗੁਰਸਿੱਖ ਇਸੇ ਭਾਂਤ ਸਿਮਰਨ ਕਰਦੇ ਸਨ। ਅੰਮ੍ਰਿਤ ਛਕਾਉਣ ਸਮੇਂ ਵੀ ਇਸ ਮਾਲਾ-ਮੰਤਰ ਨੂੰ ਪੰਜ ਵਾਰ ਪੜ੍ਹਾਇਆ ਜਾਂਦਾ ਸੀ। 1940 ਈ. ਵਿਚ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਣ ਸਮੇਂ ਖ਼ੁਦ ਵੀ 'ਨਾਨਕ ਹੋਸੀ ਭੀ ਸਚੁ' ਤਕ ਪੰਜ ਵਾਰ ਇਹ ਮਾਲਾ ਮੰਤਰ ਪੜ੍ਹਿਆ ਸੀ। ਪੰਜ ਪਿਆਰੇ ਪੰਜ ਵਾਰ 'ਸਤਿਨਾਮ ਸ੍ਰੀ ਵਾਹਿਗੁਰੂ' ਵੀ ਜਪਾਉਂਦੇ ਸਨ। ਮਾਲਾ ਮੰਤਰ ਨਾਨਕ ਨਾਂ ਦੀ ਮੁਹਰ ਨਾਲ ਸਮਾਪਤ ਹੁੰਦਾ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**॥ ਜਪੁ ॥**
SIKHBOOKCLUB.COM
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

## ਪਉੜੀ ਦਾ ਭਾਵ

'੧' ਇਕ ਅਦੁੱਤੀ ਬ੍ਰਹਮ ਦਾ ਲਖਾਇਕ ਹੈ ਇਸ ਨੂੰ ਭਾਈ ਗੁਰਦਾਸ ਜੀ ਨੇ ਏਕੰਕਾਰ ਦਾ ਲਖਾਇਕ ਆਖਿਆ ਹੈ। 'ੴ' ਊੜਾ ਜਿਸ ਦਾ ਮੂੰਹ ਖੁੱਲ੍ਹਾ ਹੈ ਅਤੇ ਉੱਪਰ ਅਰਧ ਮਾਤਰ ਦਿਖਾਈ ਹੈ ਇਹ ਓਅੰਕਾਰ ਦਾ ਸਰੂਪ ਹੈ। ਓਅੰਕਾਰ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ:

**ਓਅੰਕਾਰਿ ਬ੍ਰਹਮਾ ਉਤਪਤਿ ॥**

ਉਹੀ ਓਅੰਕਾਰ ਸ੍ਰਿਸ਼ਟੀ ਰਚ ਕੇ ਨਾਮ ਰੂਪ ਵਾਲੀ ਦੁਨੀਆਂ ਵਿਚ ਸਤਿ ਸਰੂਪ ਹੋ ਕੇ ਵਿਦਮਾਨ ਹੈ। ਇਸ ਸਤਿ ਨੇ ਕਰਤਾਰ ਰੂਪ ਹੋ ਕੇ ਜਗਤ ਦੀ ਰਚਨਾ ਆਪਣੀ ਮੌਜ ਵਿਚ ਕੀਤੀ ਹੈ। ਉਹ ਕਰਤਾ ਹੋ ਕੇ ਆਪਣੀ ਕਿਰਤ ਵਿਚ ਵਿਆਪਕ (ਪੁਰਖੁ) ਹੈ। ਕਰਤਾ ਪੁਰਖ ਨਿਰਭਉ ਭੀ ਹੈ ਅਤੇ 'ਆਪ ਹੀ ਸਭ ਵਿਚ ਹੋਣ ਕਰਕੇ ਨਿਰਵੈਰ ਵੀ ਹੈ। ਉਸ ਦਾ ਸਰੂਪ ਹੋਂਦ ਕਿਸੇ ਆਕਾਰ ਵਾਲਾ

ਨਾ ਹੋਣ ਕਾਰਨ ਕਾਲ ਤੋਂ ਉੱਚਾ ਹੈ। ਇਸੇ ਲਈ ਉਸ ਦੀ ਹੋਂਦ 'ਅਕਾਲ ਮੂਰਤਿ' ਹੈ। ਸਰੀਰ ਹੀ ਯੋਨੀ ਵਿਚ ਆਉਂਦਾ ਹੈ, ਉਹ ਅਸਰੀਰੀ ਹੋਣ ਕਰਕੇ ਅਜੂਨੀ ਹੈ।

ਕਿਉਂਕਿ ਉਹ ਜੋਤੀ ਸਰੂਪ ਹੈ, ਉਹ ਨੂਰੀ ਜੋਤੀ ਕਿਸੇ ਹੋਰ ਜੋਤੀ 'ਤੇ ਨਿਰਭਰ ਨਹੀਂ, ਸਗੋਂ ਸਵੈਅੰਗ ਪ੍ਰਕਾਸ਼ ਰੂਪ ਹੈ। ਇਸੇ ਲਈ ਉਹ 'ਸੈਭੰ' ਹੈ। ਗੁਰਪ੍ਰਸਾਦਿ ਦੇ ਪੰਜ ਅੱਖਰ ਹਨ। ਸਤ੍ਰਿਗੁਰੂ ਵੀ ਉਹ ਆਪ ਹੈ ਜੋ ਉਪਕਾਰ ਹਿੱਤ ਅਗਿਆਨੀ ਜੀਵਾਂ ਨੂੰ ਸੱਚ ਦਾ ਗਿਆਨ ਦੇ ਕੇ ਮੁਕਤ ਕਰਦਾ ਹੈ। ਉਹੀ ਪਰਮੇਸ਼ਰ ਗੁਰੂ ਹੋ ਕੇ ਜੀਵਾਂ ਨੂੰ ਸ੍ਰੇਸ਼ਟ ਸੁਖ (ਆਤਮ ਸੁਖ) ਦੇਣ ਲਈ ਕਿਰਪਾ ਦੀ ਨਜ਼ਰ ਨਾਲ ਵੇਖ ਕੇ ਨਦਰੀ ਨਦਰ ਨਿਹਾਲ ਕਰ ਰਿਹਾ ਹੈ। ਉਪਰੋਕਤ ਮੂਲ ਮੰਦਰ ਦੇ ਨੌਂ ਪਦ (ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ) ਅਫੁਰ ਬ੍ਰਹਮ (ਜੋ ਸੁੰਨ ਸਮਾਧੀ ਵਿਚ ਹੈ) ਵਿਚ ਸ਼ੁਮਾਰ ਸਮਝੋ। ਜੋ ਬ੍ਰਹਮ ਜੀਵਾਂ ਦੇ ਸੰਗ ਹੁੰਦਾ ਵੀ ਉਹਨਾਂ ਤੋਂ ਨਿਰਲੇਪ ਹੈ। ਸੋ ਮੂਲ ਮੰਤਰ ਦੇ ਨੌਂ ਪਦ ਪ੍ਰਭੂ ਦਾ ਸਰੂਪ ਲੱਛਣ ਹਨ। ਭਾਵ ਇਹ ਨੌਂ ਗੁਣ ਪ੍ਰਭੂ ਦੇ ਹਨ ਜਾਂ ਉਹਨਾਂ ਬ੍ਰਹਮ ਗਿਆਨੀਆਂ ਵਿਚ ਇਹ ਨੌਂ ਗੁਣ ਹੁੰਦੇ ਹਨ ਜਿਹੜੇ ਪੂਰਨ ਗਿਆਨ ਪ੍ਰਾਪਤ ਕਰ ਕੇ ਉਸੇ ਦਾ ਹੀ ਰੂਪ ਹੋ ਗਏ ਹੁੰਦੇ ਹਨ।

SIKHBOOKCLUB.COM

ਮੂਲ ਮੰਤਰ ਦੇ ਨੌਂ ਪਦਾਂ ਦਾ ਸਿਮਰਨ ਕਰ ਕੇ ਅਪਵਿੱਤਰ (ਨੀਲ) ਪਵਿੱਤਰ (ਅਨੀਲ) ਦੀ ਵਿਚਾਰ (ਵਿਵੇਕ ਬੁੱਧੀ) ਮਿਲਦੀ ਹੈ। ਅਜਿਹੀ ਵਿਚਾਰ ਵਾਲੇ ਸੰਤ ਜਨ ਪ੍ਰਭੂ ਪ੍ਰੇਮ ਦੇ ਪਿਆਲੇ ਦਾ ਰਸ ਮਾਣਦੇ ਹਨ।

ਮੂਲ ਮੰਤਰ ਦੇ ਨੌਂ ਪਦ ਹੀ ਹਨ ਪਰ ਜਦੋਂ ਮਾਲਾ ਨਾਲ ਮੰਤਰ ਦਾ ਜਾਪ ਕਰਨਾ ਹੋਵੇ ਤਾਂ ਪੂਰਾ ਮਾਲਾ ਮੰਤਰ ਨਾਲ ਪੜ੍ਹਨਾ ਹੈ। ਮੰਤਰ ਦੇ ਦ੍ਰਿਸ਼ਟਾ ਦੇ ਨਾਮ ਤੋਂ ਬਿਨਾਂ ਉਸ ਦੀ ਸਿੱਧੀ ਨਹੀਂ ਹੋ ਸਕਦੀ। ਨਾਮ ਉਸ ਦੇ ਹਸਤਾਖ਼ਰ ਹਨ ਜਾਂ ਮੋਹਰ ਲੱਗ ਕੇ ਕੀਤੇ ਗਏ ਦਸਤਖ਼ਤ ਹਨ। ਹਾਕਮ ਦਾ ਹੁਕਮ ਉਦੋਂ ਹੀ ਚੱਲਦਾ ਹੈ ਜਦ ਉਸ ਦੀ ਮੋਹਰ ਲੱਗ ਕੇ ਦਸਤਖ਼ਤ ਹੋ ਜਾਣ। ਇਸ ਲਈ 'ਨਾਨਕ' ਨਾਂ ਦੀ ਮੋਹਰ ਤੋਂ ਬਿਨਾਂ ਮੰਤਰ ਦੀ ਸਿੱਧੀ ਨਹੀਂ ਹੋ ਸਕਦੀ।

# ਗੁਰ-ਮੰਤਰ

ਗੁਰਮਤਿ ਅਨੁਸਾਰ ਗੁਰ-ਮੰਤਰ ਕੀ ਹੈ ? ਇਹ ਸਵਾਲ ਆਮ ਹੈ। ਇਸ ਨੂੰ ਵਿਚਾਰਨਾ ਜ਼ਰੂਰੀ ਹੈ। ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਮੰਨਿਆ ਜਾਂਦਾ ਹੈ। ਭਾਈ ਸਾਹਿਬ ਲਿਖਦੇ ਹਨ :

**ਜਿਤੀ ਨਉਖੰਡ ਪ੍ਰਿਥਮੀ ਸਤਿ ਨਾਮੁ ਦਾ ਚਕ੍ਰ ਫਿਰਾਇਆ॥**

ਅੱਗੇ ਜਾ ਕੇ ਭਾਈ ਸਾਹਿਬ ਨੇ ਇਹ ਵੀ ਲਿਖਿਆ ਹੈ :

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥**

ਗੁਰਮਤਿ ਅਨੁਸਰ ਗੁਰ-ਮੰਤਰ 'ਸਤਿਨਾਮੁ ਸ੍ਰੀ ਵਾਹਿਗੁਰੂ' ਹੈ। ਬਹੁਤ ਸਾਰੇ ਇਕੱਲਾ 'ਵਾਹਿਗੁਰੂ' ਹੀ ਜਪਦੇ ਹਨ। ਇਹ ਠੀਕ ਹੈ 'ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੇ ਪਾਰ' ਪਰੰਪਰਾ ਤੋਂ ਗੁਰਸਿੱਖ ਪੜ੍ਹਦੇ ਆ ਰਹੇ ਹਨ, ਇਹ ਤੁਕ ਨੂੰ ਸੰਗੀਤਕ ਲੈਅ ਵਿਚ ਰੱਖਣ ਲਈ ਹੈ। ਜਿਵੇਂ ਕਵੀ 'ਵਿਚੋਂ' ਦੀ ਥਾਂ 'ਚੋਂ ਵਰਤ ਲੈਂਦਾ ਹੈ, ਇਸੇ ਭਾਂਤ ਵਾਹਿਗੁਰੂ ਦੇ ਨਾਲ ਸਤਿਨਾਮੁ ਵੀ ਹੈ।

ਕਈ ਖ਼ਾਲਸੇ 'ਸ੍ਰੀ' ਸ਼ਬਦ ਨੂੰ ਮਾਇਆ ਦਾ ਪ੍ਰਤੀਕ ਕਹਿ ਕੇ ਸਤਿਨਾਮੁ ਵਾਹਿਗੁਰੂ ਹੀ ਜਪਦੇ ਹਨ ਪਰ ਇਹ ਵੀ ਗੁਰੂਆਂ ਦੀ ਰੀਤਿ ਅਨੁਸਾਰ ਠੀਕ ਨਹੀਂ ਹੈ।

ਦਸੰਬਰ 1970 ਵਿਚ ਮੈਨੂੰ ਸੰਗਤ ਨਾਲ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਅਸੀਂ ਬਾਬਾ ਨਿਧਾਨ ਸਿੰਘ ਦੇ ਲੰਗਰ ਵਿਚ ਪ੍ਰਸ਼ਾਦ ਛਕ ਰਹੇ ਸੀ ਕਿ ਇਕ ਗੁਰਮੁਖ ਨੇ ਨਾਮ ਦੀ ਧੁਨਿ 'ਸਤਿਨਾਮੁ ਵਾਹਿਗੁਰੂ' ਲਾਈ। ਪੰਗਤ ਰੂਪ ਵਿਚ ਬੈਠੀ ਹੋਈ ਸਾਰੀ ਸੰਗਤ ਵੀ ਪਿੱਛੇ-ਪਿੱਛੇ ਬੋਲ ਰਹੀ ਸੀ। ਮੈਂ ਵੀ ਬੋਲ ਰਿਹਾ ਸੀ ਪਰ ਮੈਂ 'ਸਤਿਨਾਮੁ ਸ੍ਰੀ ਵਾਹਿਗੁਰੂ' ਕਹਿੰਦਾ ਸਾਂ ਕਿ ਮੈਨੂੰ ਉਸ ਗੁਰਮੁਖ ਨੇ ਟੋਕ ਕੇ ਕਿਹਾ ਕਿ 'ਸ੍ਰੀ' ਨਾ ਬੋਲੋ, ਸ੍ਰੀ ਮਾਇਆ ਦਾ ਨਾਂ ਹੈ। ਮੈਂ ਜ਼ੋਰ ਦੀ ਜੈਕਾਰਾ ਬੁਲਾਇਆ, 'ਬੋਲੇ ਸੋ ਨਿਹਾਲ' ਸਾਰੀ ਸੰਗਤ ਨੇ ਪਿੱਛੇ 'ਸਤਿ ਸ੍ਰੀ ਅਕਾਲ' ਦੀ ਗੂੰਜਾਰ ਪਾ ਦਿੱਤੀ। ਨਾਮ ਦੀ ਧੁਨਿ ਲੁਆਉਣ

ਵਾਲਾ ਗੁਰਮੁਖ ਦੌੜ ਕੇ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਮੇਰੀ ਭੁੱਲ ਦੂਰ ਹੋ ਗਈ ਹੈ। ਤੁਸੀਂ ਸਤਿਨਾਮੁ ਸ੍ਰੀ ਵਾਹਿਗੁਰੂ ਹੀ ਬੋਲੋ।

**ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ॥**

*(ਭਾਈ ਗੁਰਦਾਸ ਜੀ)*

ਸਤਿਨਾਮੁ ਬਾਰੇ ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ:

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥**

*ਮਹਲਾ ੪, ਅੰਗ ੬੭੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮੇਸ਼ਰ ਦੇ ਹਜ਼ਾਰਾਂ ਨਾਂ ਆਏ ਹਨ। ਉਹ ਹਸਤੀ ਇਕ ਹੀ ਹੈ, ਭਾਵੇਂ ਉਸ ਨੂੰ ਕਿਸੇ ਨਾਂ ਨਾਲ ਬੁਲਾਈਏ, ਉਹ ਬੋਲਦਾ ਹੈ। ਬੋਲਦਾ ਉਹਨਾਂ ਨਾਲ ਹੈ ਜਿਹੜੇ ਪ੍ਰੇਮ ਨਾਲ ਬੁਲਾਉਂਦੇ ਹਨ:

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥**
**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥**

*(ਸਲੋਕ ਕਬੀਰ ਜੀ, ਅੰਗ ੧੩੭੬)*

ਗੁਰ-ਮੰਤਰ ਉਹੀ ਹੈ ਜੋ ਗੁਰੂ ਨੇ ਬਖ਼ਸ਼ਿਆ ਹੈ, ਗੁਰਸਿੱਖ ਨੂੰ ਉਹੀ ਜਪਣਾ ਚਾਹੀਦਾ ਹੈ।

ਅੰਮ੍ਰਿਤ ਛਕਾਉਣ ਸਮੇਂ ਪੰਜ ਪਿਆਰੇ ਗੁਰੂ ਰੂਪ ਹੋ ਕੇ ਗੁਰ-ਮੰਤਰ ਪੰਜ ਵਾਰ ਜਪਾਉਂਦੇ ਹਨ। ਗੁਰੂ ਨੇ ਆਪਣੇ ਹੁਕਮ ਦੁਆਰਾ ਪੰਜਾਂ ਵਿਚ ਗੁਰੂਤਾ ਰੱਖੀ ਹੈ। 'ਪੰਚਾ ਕਾ ਗੁਰ ਏਕ ਧਿਆਨ' ਹੋਣ 'ਤੇ ਉਹ ਆਮ ਇਨਸਾਨ ਨਹੀਂ ਰਹਿੰਦੇ ਸਗੋਂ ਪਿਆਰੇ ਹੋ ਜਾਂਦੇ ਹਨ। ਪੰਜ ਪਿਆਰੇ ਵੀ ਪੰਜ ਵਾਰ ਗੁਰ-ਮੰਤਰ ਦਾ ਜਾਪ ਕਰਵਾਉਂਦੇ ਇਹੀ ਆਖਦੇ ਹਨ:

**ਸਤਿਨਾਮੁ ਸ੍ਰੀ ਵਾਹਿਗੁਰੂ।**[1]

ਪੰਜ ਵਾਰ ਮਾਲਾ-ਮੰਤਰ ਵੀ ਪੜ੍ਹਾਉਂਦੇ ਹਨ। ਗੁਰਸਿੱਖ ਚਾਹੇ ਤਾਂ

---

1. ਵਾਹਿਗੁਰੂ ਦੋ ਮੂਲ ਸ਼ਬਦਾਂ ਨੂੰ ਮਿਲਾ ਕੇ ਸਮਾਨੀ ਸ਼ਬਦ ਵਾਹਿਗੁਰੂ ਹੈ। ਵਾਹਿ ਦਾ ਅਰਥ ਅਸਚਰਜ ਹੈ। ਜਦੋਂ ਕਿਸੇ ਅਦਭੁੱਤ ਸ਼ੈਅ ਨੂੰ ਵੇਖ ਕੇ ਉਸ ਦੀ ਵਿਆਖਿਆ ਲਈ ਕੋਈ ਸ਼ਬਦ ਨਾ ਰਹੇ ਤਾਂ ਅਸੀਂ ਅਫੱਕ ਹੀ 'ਵਾਹ!' ਆਖਦੇ ਹਾਂ। ਦ੍ਰਿਸ਼ਟਮਾਨ ਸੰਸਾਰ ਕਾਦਰ ਦੀ ਕੁਦਰਤ ਹੈ ਜੋ 'ਵਾਹ!' ਦਾ ਲਖਾਇਕ ਹੈ। ਇਸ ਮਾਇਆਵੀ ਹਨੇਰੇ ਪਿੱਛੇ ਜੋਤੀ ਸਰੂਪ ਸੈਭੰ (ਆਪ ਪ੍ਰਭੂ) ਹੈ। ਸੋ 'ਵਾਹਿਗੁਰੂ' ਸ਼ਬਦ ਦਾ ਭਾਵ ਅਰਥ ਹੋਇਆ 'ਅਸਚਰਜ ਰੂਪ ਜੋਤੀ ਸਰੂਪ' ਸਤਿਨਾਮੁ ਅਫੁਰ ਪ੍ਰਭੂ ਦਾ ਵਾਚਕ ਹੈ, ਸ੍ਰੀ ਮਾਇਆ ਹੈ। ਵਾਹਿਗੁਰੂ ਮਾਇਆ ਵਿਚ ਅਸਚਰਜ ਰੂਪ ਜੋਤੀ ਸਰੂਪ ਹੈ। 'ਸਤਿਨਾਮੁ ਸ੍ਰੀ ਵਾਹਿਗੁਰੂ।'

ਮਾਲਾ-ਮੰਤਰ ਦਾ ਜਾਪ ਕਰੇ, ਚਾਹੇ ਗੁਰ-ਮੰਤਰ ਦਾ, ਦੋਹਾਂ ਨੇ ਮਨ ਦੀ ਮੈਲ ਕੱਟਣੀ ਹੈ। ਮਾਲਾ-ਮੰਤਰ ਦਾ ਜਾਪ ਕਰਦਿਆਂ ਜਦੋਂ ਮਨ ਅੰਤਰ-ਮੁਖ ਹੋ ਜਾਵੇ ਤਾਂ ਸਵਾਸਾਂ ਨਾਲ 'ਸਤਿਨਾਮੁ ਸ੍ਰੀ ਵਾਹਿਗੁਰੂ' ਗੁਰ-ਮੰਤਰ ਦਾ ਜਾਪ ਕਰਨਾ ਉਚਿਤ ਹੈ। ਪਹਿਲਾਂ ਜੀਭਾ ਨਾਲ, ਫਿਰ ਕੰਠ ਵਿਚ ਜਪੋ। ਹੌਲੀ-ਹੌਲੀ ਹੋਠ ਬੰਦ ਹੋ ਜਾਣਗੇ ਤੇ ਨਾਮ ਦੀ ਧੁਨ ਨਾਭੀ ਤੋਂ ਚੱਲ ਪਏਗੀ। ਨਾਭ ਕਮਲ ਵਿਚ ਬੇਦੀ ਰਚ ਕੇ ਮਨੋ ਉਨਮਨੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਨਾਮ ਦੁਆਰਾ ਗੁਰਮੁਖ ਦੇ ਛੇ ਚੱਕਰ ਆਪਣੇ ਆਪ ਵਿੰਨ੍ਹੇ ਜਾਂਦੇ ਹਨ ਤੇ ਕੁੰਡਲਨੀ ਉਲਟੀ ਹੋ ਕੇ ਖੁੱਲ੍ਹ ਜਾਂਦੀ ਹੈ। ਮਨ ਦਸਮ ਦੁਆਰਾ ਦਾ ਬੂਹਾ ਜਾ ਖੜਕਾਉਂਦਾ ਹੈ। ਨਾਮ ਦਸਮ ਦੁਆਰ ਦੀ ਕੁੰਜੀ ਹੈ:

**ਦਸਵੈ ਦੁਆਰਿ ਕੁੰਚੀ ਜਬ ਦੀਜੈ ॥**
**ਤਉ ਦਇਆਲ ਕੋ ਦਰਸਨੁ ਕੀਜੈ ॥**

ਦਿਆਲੂ ਪ੍ਰਭੂ ਦਾ ਦਰਸ਼ਨ ਕਰ ਕੇ ਮਨ ਸਾਧਕ ਸਿੱਧੀ ਨੂੰ ਪ੍ਰਾਪਤ ਕਰਦਾ ਹੈ। ਸਿੱਧੀ ਪ੍ਰਾਪਤੀ ਦੀ ਇਹ ਨਿਸ਼ਾਨੀ ਹੈ ਕਿ ਉਹ ਸਭ ਵਿਚ ਆਪਣਾ ਆਪ ਅਨੁਭਵ ਕਰਦਾ ਹੈ ਤੇ ਨਾਮ ਦੁਆਰਾ ਆਪਣੀ ਮਹਿਮਾ ਵਿਚ ਆਪ ਅਸਥਿਰ ਹੋ ਜਾਂਦਾ ਹੈ:

SIKHBOOKCLUB.COM

**ਸਾਧਿਕ ਸਿਧ ਲਖੈ ਜਉ ਭੇਉ ॥**
**ਆਪੇ ਕਰਤਾ ਆਪੇ ਦੇਉ ॥...**
**ਜਲ ਥਲ ਮਾਹੇ ਆਪਹਿ ਆਪ ॥**
**ਆਪੈ ਜਪਹੁ ਆਪਨਾ ਜਾਪ ॥**

*(ਰਾਗ ਗਉੜੀ ਥਿਤੀਂ ਕਬੀਰ ਜੀ, ਅੰਗ ੩੪੩)*

ਇਸ ਪੂਰਨ ਬ੍ਰਹਮ ਗਿਆਨ ਦੀ ਅਵਸਥਾ ਵਿਚ ਮਨ ਆਪਣਾ ਵਜੂਦ ਖ਼ਤਮ ਕਰ ਲੈਂਦਾ ਹੈ। ਕਬੀਰ ਜੀ ਇਸ ਅਵਸਥਾ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ:

ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

*(ਰਾਗ ਗਉੜੀ ਗੁਆਰੇਰੀ ਕਬੀਰ ਜੀ, ਅੰਗ ੩੩੦)*

ਵਜੂਦ ਖ਼ਤਮ ਹੋਣ 'ਤੇ ਬ੍ਰਹਮ ਗਿਆਨੀ ਨੂੰ ਅਨੁਭਵ ਹੋ ਜਾਂਦਾ ਹੈ ਕਿ ਚੇਤਨ ਕੇਵਲ ਇਕ ਹੈ, ਜੜ੍ਹ ਅਨੇਕ ਹੈ। ਮਾਇਆ ਜੜ੍ਹ ਹੈ ਜੋ ਭਿੰਨ-ਭਿੰਨ ਰੂਪ ਵਿਚ ਦਿਖਾਈ ਦੇ ਰਹੀ ਹੈ। ਭਰਮ ਵਾਲਿਆਂ ਲਈ ਅਨੇਕਤਾ ਸੱਚ ਹੈ ਪਰ

ਤੱਤਵੇਤਾ ਲਈ ਇਕ ਚੇਤਨ ਸਤਿ ਹੈ:

**ਜੀਉ ਏਕੁ ਅਰੁ ਸਗਲ ਸਰੀਰਾ ॥**
**ਇਸੁ ਮਨ ਕਉ ਰਵਿ ਰਹੇ ਕਬੀਰਾ ॥** *(ਕਬੀਰ ਜੀ, ਅੰਗ ੩੩੦)*

ਕਬੀਰ ਜੀ ਕਹਿੰਦੇ ਹਨ ਕਿ ਜਿਉਂਦੀ ਸ਼ੈਅ ਇਕ ਸਤਿ ਹੈ, ਹੋਰ ਸਾਰੇ ਸਰੀਰ ਮਾਇਆ, ਮਾਇਆਵੀ ਅਨੇਕ ਹਨ ਜੋ ਜੜ੍ਹ ਹਨ। ਇਹ ਚੇਤਨ ਹੁਕਮ ਵਿਚ ਮਨ ਬਣਿਆ ਸੀ, ਪਰ ਹੁਕਮ ਨੂੰ ਬੁੱਝ ਕੇ ਉਸੇ ਵਿਚ ਸਮਾਈ ਕਰ ਗਿਆ ਤਾਂ ਇਹ ਮਨ ਆਤਮ ਰੂਪ ਹੋ ਗਿਆ। ਆਤਮ[1] ਰੂਪ ਹੋਏ ਮਨ ਨੂੰ ਕਬੀਰ ਮਾਣ ਰਹੇ ਹਨ। ਇਹ ਗਿਆਨ ਦੀ ਪੂਰਨ ਅਵਸਥਾ ਹੈ। ਨਾਮ ਇਸ ਅਵਸਥਾ ਲਈ ਮੁੱਖ ਸਾਧਨ ਵੀ ਹੈ ਤੇ ਸਾਧਕ ਵੀ ਹੈ, ਪੁੱਗ ਜਾਣ 'ਤੇ ਨਾਮ ਸਿੱਧ ਵੀ ਹੈ ਪਰ ਇਸ ਸਿੱਧੀ ਦੀ ਪ੍ਰਾਪਤੀ ਗੁਰਮੰਤਰ ਰਾਹੀਂ ਹੁੰਦੀ ਹੈ। ਸਿੱਧੀ ਲਈ ਗੁਰੂ ਕਿਰਪਾ ਮੁੱਖ ਸ਼ੈਅ ਹੈ:

**ਅੰਚਲਿ ਲਾਇ ਸਭ ਸਿਸਟਿ ਤਰਾਈ ॥**
**ਆਪਣਾ ਨਾਉ ਆਪਿ ਜਪਾਈ ॥**
**ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥**
*(ਮਹਲਾ ੫, ਅੰਗ ੧੦੮)*

**ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥**
*(ਮਹਲਾ ੧, ਅੰਗ ੧੦੩੦)*

ਮਨ ਕਰਕੇ ਜੇ ਇਕ ਛਿਨ ਵੀ ਨਾਮ ਜਪਿਆ ਜਾਵੇ ਤਾਂ ਬੇੜਾ ਪਾਰ ਹੈ। ਸਾਰੇ ਜਪ-ਤਪ ਤੇ ਤੀਰਥਾਂ ਦਾ ਇਸ਼ਨਾਨ ਨਾਮ ਵਿਚ ਹੈ:

**ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥**
*(ਵਾਰ ਸਿਰੀਰਾਗੁ ਮਹਲਾ ੩, ਅੰਗ ੮੭)*

ਸਤਿਨਾਮੁ ਸ੍ਰੀ ਵਾਹਿਗੁਰੂ ॥

1. ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥

# ਮਨ ਜੀਤੈ ਜਗਿ ਜੀਤ

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥**

*(ਸਲੋਕ ਕਬੀਰ, ਅੰਗ ੧੩੬੭)*

ਮਨ ਦੀ ਸ਼ੁੱਧੀ ਲਈ ਜਪ-ਤਪ ਤੇ ਧਰਮ-ਕਰਮ ਹਨ। ਮਨ ਨੂੰ ਜਿੱਤਣਾ ਹੀ ਸੰਸਾਰ 'ਤੇ ਵਿਜੇ ਪ੍ਰਾਪਤ ਕਰਨਾ ਹੈ। ਜਿਸ ਮਨ ਨੂੰ ਫ਼ਤਹਿ ਕਰਨਾ ਹੈ, ਉਸ ਨੂੰ ਜਾਨਣਾ ਜ਼ਰੂਰੀ ਹੈ। ਮਨ ਕੀ ਹੈ ?

ਮੰਨਣ ਕਰਨ ਵਾਲਾ ਮਨ ਹੈ। ਸੰਸਾਰ ਮਨ ਦੀ ਖੇਡ ਵੀ ਹੈ ਤੇ ਇਹ ਰਚਨਾ ਵੀ ਇਸੇ ਨੇ ਰਚੀ ਹੈ। ਜੇ ਮਨ ਹੈ ਤਾਂ ਸੰਸਾਰ ਹੈ, ਜੇ ਮਨ ਨਹੀਂ ਰਿਹਾ ਤਾਂ ਕੁਝ ਵੀ ਨਹੀਂ, ਕੇਵਲ ਆਪਣਾ ਆਪ ਹੈ। ਮਨ ਮੰਨਣ ਕਿਸ ਨੂੰ ਕਰਦਾ ਹੈ ? ਫੁਰਨੇ ਨੂੰ, ਸੰਕਲਪ ਨੂੰ। ਸੰਕਲਪ ਕੀ ਹੈ ? ਇੱਛਾ, ਖ਼ਾਹਿਸ਼ ਜਾਂ ਕੁਝ ਚਾਹੁਣਾ। ਮਨ ਵਿਚ ਕਿਸੇ ਇੱਛਾ ਲਈ ਫੁਰਨਾ ਉਪਜਦਾ ਹੈ, ਉਸ ਸੰਕਲਪ ਨੂੰ ਪੂਰਾ ਕਰਨ ਲਈ ਵਿਕਲਪ ਪੈਦਾ ਹੁੰਦਾ ਹੈ। ਸੰਕਲਪ-ਵਿਕਲਪ ਨੂੰ ਕਿਸੇ ਨਿਰਣੈ 'ਤੇ ਲਿਆਉਣ ਲਈ ਬੁੱਧੀ ਕੰਮ ਕਰਦੀ ਹੈ। ਬੁੱਧੀ ਦੇ ਨਿਰਣੈਜਨਕ ਫ਼ੈਸਲੇ ਤੋਂ ਪਿੱਛੋਂ ਮਨ ਆਸਵੰਤ ਹੋ ਜਾਂਦਾ ਹੈ। ਫਿਰ ਉਸ ਨੂੰ ਸ਼ੀਘਰ ਪੂਰਾ ਕਰਨ ਲਈ ਤ੍ਰਿਸ਼ਨਾ ਵਧਦੀ ਹੈ। ਇਹ ਤ੍ਰਿਸ਼ਨਾ ਜਿੰਨੀ ਤੀਬਰ ਹੋਵੇਗੀ, ਓਨੀ ਤੇਜ਼ੀ ਨਾਲ ਮਨ ਸਰੀਰ ਤੋਂ ਕੰਮ ਲਵੇਗਾ। ਇਸ ਨੂੰ ਸਪੱਸ਼ਟ ਕਰਨ ਲਈ ਇਕ ਉਦਾਹਰਣ ਹੈ।

ਮਨ ਨੇ ਬਾਜ਼ਾਰ ਵਿਚ ਹਲਵਾਈ ਦੀ ਦੁਕਾਨ 'ਤੇ ਪਈ ਮਿਠਾਈ ਵੇਖ ਕੇ ਖਾਣ ਦਾ ਸੰਕਲਪ ਕੀਤਾ ਤਾਂ ਫ਼ੌਰਨ ਵਿਕਲਪ ਉਠਿਆ ਕਿ ਇਸ ਨੂੰ ਖ਼ਰੀਦਣ ਲਈ ਜੇਬ ਵਿਚ ਪੈਸਾ ਹੈ ? ਉੱਤਰ ਮਿਲਿਆ ਨਹੀਂ ਹੈ। ਹੁਣ ਤ੍ਰਿਸ਼ਨਾਲੂ ਮਨ ਹੋਰ ਦਲੀਲ ਦੇਣ ਲੱਗਾ। ਮਿਠਾਈ ਪੈਸੇ ਤੋਂ ਬਿਨਾਂ ਖਾਧੀ ਜਾ ਸਕਦੀ ਹੈ। ਦੁਕਾਨਦਰ ਗਾਹਕਾਂ ਨਾਲ ਲੈਣ-ਦੇਣ ਵਿਚ ਰੁਝਿਆ ਹੋਇਆ ਹੈ, ਅੱਖ ਬਚਾ ਕੇ ਮਿਠਾਈ ਚੁੱਕੀ ਜਾ ਸਕਦੀ ਹੈ। ਵਿਕਲਪ ਨੇ ਕਿਹਾ ਕੋਈ ਦੇਖ ਲਵੇਗਾ। ਸੰਕਲਪ ਨੇ ਕਿਹਾ, ਛੇਤੀ ਨਾਲ ਚੁੱਕ ਕੇ ਭੀੜ ਵਿਚ ਜਾ ਲੁਕਾਂਗਾ। ਹੁਣ ਬੁੱਧੀ

ਨੇ ਦੋਹਾਂ ਦੀਆਂ ਦਲੀਲਾਂ ਸੁਣ ਕੇ ਨਿਰਣਾ ਦੇਣਾ ਹੈ। ਉਸ ਦੇ ਨਿਰਣੇ ਤੋਂ ਬਾਅਦ ਚੋਰੀ ਕਰਨ ਜਾਂ ਨਾ ਕਰਨ ਦਾ ਕਰਮ ਸਰੀਰ ਕਰੇਗਾ। ਇਸ ਤਰ੍ਹਾਂ ਮਨ ਭਲੇ ਕੰਮ ਲਈ ਵੀ ਸੰਕਲਪ ਕਰ ਲੈਂਦਾ ਹੈ, ਚੰਗੇ ਜਾਂ ਮੰਦੇ ਕੰਮ ਮਨ ਦੇ ਹੁਕਮ ਵਿਚ ਹੋ ਰਹੇ ਹਨ।

## ਮਨ ਦੀ ਸ਼ਕਤੀ

ਮਨ ਅਥਾਹ ਸ਼ਕਤੀ ਦਾ ਮਾਲਕ ਹੈ। ਇਸ ਦੀ ਗਤੀ ਰਾਕਟ ਤੋਂ ਵੀ ਤੇਜ਼ ਹੈ। ਇਥੇ ਬੈਠਾ ਮਨ ਹਜ਼ਾਰਾਂ ਕਿਲੋਮੀਟਰਾਂ ਦਾ ਸਫ਼ਰ ਅੱਖ ਫਰੱਕੇ ਵਿਚ ਕਰ ਲੈਂਦਾ ਹੈ। ਮਨ ਦਾ ਦ੍ਰਿੜ੍ਹ ਇਰਾਦਾ ਸੰਸਾਰ ਨੂੰ ਫ਼ਤਹਿ ਕਰਨ ਲਈ ਮਹਾਂ ਸਿਕੰਦਰ ਵਾਂਗ ਕਮਰਕੱਸੇ ਕਰ ਲੈਂਦਾ ਹੈ ਤੇ ਪਿਆਰ ਦੀ ਖ਼ਾਤਰ ਪੱਥਰਾਂ ਨੂੰ ਚੀਰ ਕੇ ਫ਼ਰਹਾਦ ਵਾਂਗ ਨਹਿਰ ਕੱਢ ਵਿਖਾਉਂਦਾ ਹੈ।

**ਉਲਲ ਉਲਾਮਾਂ ਨੇ ਦਾਨਸ਼ਮੰਦ ਜਬ ਕਰਨੇ ਪੇ ਆਤੇ ਹੈਂ।**
**ਸਮੁੰਦਰ ਚੀਰਤੇ ਹੈਂ ਕੋਹ ਸੇ ਦਰਿਆ ਬਹਾਤੇ ਹੈਂ।**

ਸੰਸਾਰ ਵਿਚ ਜੋ ਕੁਝ ਹੋਰ ਰਿਹਾ ਹੈ, ਇਹ ਦ੍ਰਿੜ੍ਹ ਮਨ ਦੀ ਸ਼ਕਤੀ ਦਾ ਹੀ ਕ੍ਰਿਸ਼ਮਾ ਹੈ:

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥**
**ਇਹੁ ਮਨੁ ਪੰਚ ਤਤ ਕੋ ਜੀਉ ॥** *(ਕਬੀਰ ਜੀ, ਅੰਗ ੩੪੨)*

ਮਨ ਪ੍ਰਕਿਰਤੀ ਦਾ ਅਤਿ ਸੂਖ਼ਮ ਰੂਪ ਹੈ। ਪ੍ਰਕਿਰਤੀ ਜਿਉਂ-ਜਿਉਂ ਸੂਖ਼ਮ ਹੁੰਦੀ ਜਾਵੇਗੀ ਤਿਉਂ-ਤਿਉਂ ਉਸ ਵਿਚ ਸ਼ਕਤੀ ਵਧਦੀ ਜਾਵੇਗੀ। ਐਟਮ ਪ੍ਰਮਾਣੂ ਦੇ ਬਰੀਕ ਰੂਪ ਤੋਂ ਬਣਦਾ ਹੈ ਜਿਸ ਵਿਚ ਅਥਾਹ ਸ਼ਕਤੀ ਹੈ। ਪੰਜ ਭੂਤਕ ਸਰੀਰ ਸਥੂਲ ਹੈ, ਜਿਸ ਨੂੰ ਮੋਟਰ-ਕਾਰ ਦੀ ਬਾਡੀ ਸਮਝੋ ਤੇ ਮਨ ਉਸ ਬਾਡੀ ਵਿਚ ਰੱਖਿਆ ਇੰਜਣ ਹੈ। ਜੇ ਇੰਜਣ ਖ਼ਰਾਬ ਹੋਵੇ ਤਾਂ ਮੋਟਰ-ਕਾਰ ਨਹੀਂ ਚੱਲੇਗੀ। ਮਾਨਸਿਕ ਰੋਗ ਸਰੀਰ ਉੱਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਸਰੀਰ ਉੱਤੇ ਲੱਗੀ ਚੋਟ ਜਾਂ ਗਰਮੀ-ਸਰਦੀ ਦਾ ਮਨ ਉੱਤੇ ਅਸਰ ਪੈਂਦਾ ਹੈ । ਇਸ ਲਈ ਤਨ ਤੇ ਮਨ ਦਾ ਇਕ ਦੂਜੇ ਨਾਲ ਤਾਣੇ-ਪੇਟੇ ਦਾ ਸੰਬੰਧ ਹੈ ਪਰ ਇਹਨਾਂ ਦੇ ਅਸਰ ਤੋਂ ਨਿਰਲੇਪ 'ਆਤਮਾ' ਹੈ। ਆਤਮਾ ਤੋਂ ਸਿੱਧੀ ਸ਼ਕਤੀ ਮਨ ਲੈਂਦਾ ਹੈ, ਅੱਗੋਂ ਮਨ ਇਸ ਸ਼ਕਤੀ ਨੂੰ ਆਪਣੀ ਮਤਿ-ਬੁੱਧ ਅਨੁਸਾਰ ਵਰਤੋਂ ਵਿਚ ਲਿਆਉਂਦਾ ਹੈ।

SIKHBOOKCLUB.COM

ਇਸ ਉਪਰੋਕਤ ਨਿਰਣੇ ਅਨੁਸਾਰ ਮਨੁੱਖ ਦੇ ਵਜੂਦ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਕੇ ਮਾਨਸਿਕ ਵਿਸ਼ਲੇਸ਼ਣ ਕਰਦੇ ਹਾਂ:

1. ਸਥੂਲ ਸਰੀਰ

2. ਮਨ (ਸੂਖ਼ਮ ਸਰੀਰ)

3. ਆਤਮਾ (ਅਸਲੀ ਆਪਾ)

ਆਤਮਾ ਇਕ ਹੈ, ਮਨ ਅਨੇਕ ਹਨ ਤੇ ਸਰੀਰ ਵੀ ਅਨੇਕਾਂ ਹਨ। ਆਤਮਾ ਚੇਤਨ ਹੈ, ਜ਼ਿੰਦਗੀ ਹੈ, ਸਤਿ ਹੈ ਤੇ ਆਨੰਦ ਸਰੂਪ ਹੈ। ਮਨ ਆਤਮਾ ਨਾਲ ਜੁੜ ਕੇ ਸਤਿ, ਚਿੱਤ, ਆਨੰਦ ਸਰੂਪ ਹੋ ਜਾਂਦਾ ਹੈ। ਕਬੀਰ ਜੀ ਇਸ ਆਤਮਾ ਨਾਲ ਜੁੜੇ ਮਨ ਨੂੰ ਪਰਮਾਤਮਾ ਜਾਣ ਕੇ ਕਹਿ ਰਹੇ ਹਨ:

**ਜੀਉ ਏਕੁ ਅਰੁ ਸਗਲ ਸਰੀਰਾ॥**
**ਇਸੁ ਮਨ ਕਉ ਰਵਿ ਰਹੇ ਕਬੀਰਾ॥** *(ਗਉੜੀ ਕਬੀਰ ਜੀ, ਅੰਗ ੩੩੦)*

ਪਰ ਜਦੋਂ ਇਹ ਮਨ ਸਰੀਰ ਨਾਲ ਜੁੜਦਾ ਹੈ ਤਾਂ ਇਹ ਅਨੇਕਤਾ ਵਿਚ ਜਾ ਕੇ ਚੰਚਲ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਇਸ ਚੰਚਲ ਮਨ ਬਾਰੇ ਲਿਖਦੇ ਹਨ:

SIKHBOOKCLUB.COM

**ਸਾਧੋ ਇਹੁ ਮਨੁ ਗਹਿਓ ਨ ਜਾਈ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥**
*(ਗਉੜੀ ਮਹਲਾ ੯, ਅੰਗ ੨੧੯)*

ਇਸ ਮਨ ਦੀ ਕੀ ਸ਼ਕਲ ਹੈ? ਇਹ ਕੋਈ ਦੱਸ ਨਹੀਂ ਸਕਦਾ। ਇਹ ਮਨ ਸਰੀਰ ਦੀ ਮੌਤ ਪਿੱਛੋਂ ਕਿਥੇ ਜਾਂਦਾ ਹੈ?

**ਇਸੁ ਮਨ ਕਉ ਕੋਈ ਖੋਜਹੁ ਭਾਈ॥**
**ਤਨ ਛੂਟੇ ਮਨੁ ਕਹਾ ਸਮਾਈ॥** *(ਗਉੜੀ ਕਬੀਰ ਜੀ, ਅੰਗ ੩੩੦)*

ਇਸ ਬਾਰੇ ਗੁਰਬਾਣੀ ਵਿਚੋਂ ਕਈ ਇਸ਼ਾਰੇ ਮਿਲਦੇ ਹਨ:

**ਅੰਤਿ ਕਾਲਿ ਜੋ ਲਛਮੀ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ॥**
**ਸਰਪ ਜੋਨਿ ਵਲਿ ਵਲਿ ਅਉਤਰੈ॥** *(ਗੂਜਰੀ ਤ੍ਰਿਲੋਚਨ ਜੀ, ਅੰਗ ੫੨੬)*

ਸਰੀਰਕ ਮੌਤ ਸਮੇਂ ਇਸ ਵਿਚੋਂ ਮਰਦਾ ਕੀ ਹੈ? ਸਾਰਾ ਸਰੀਰਕ ਢਾਂਚਾ ਉਵੇਂ ਦਾ ਉਵੇਂ ਪਿਆ ਹੁੰਦਾ ਹੈ:

**ਦੇਹੀ ਮਾਟੀ ਬੋਲੈ ਪਉਣੁ॥**
**ਬੁਝੁ ਰੇ ਗਿਆਨੀ ਮੂਆ ਹੈ ਕਉਣੁ॥** *(ਗਉੜੀ ਮਹਲਾ ੧, ਅੰਗ ੧੫੨)*

ਸਰੀਰ ਦੀ ਕੋਈ ਸ਼ੈਅ ਨਹੀਂ ਮਰਦੀ, ਇਸ ਵਿਚੋਂ ਕੇਵਲ ਪ੍ਰਾਣ[1] ਨਿਕਲ ਜਾਂਦੇ ਹਨ। ਇਹਨਾਂ ਪ੍ਰਾਣਾਂ ਦੀ ਆਵਾਜਾਈ ਕਰਕੇ ਇਸ ਨੂੰ ਪ੍ਰਾਣੀ (ਪ੍ਰਾਣਾਂ ਵਾਲਾ) ਕਿਹਾ ਜਾਂਦਾ ਹੈ। ਫ਼ਾਰਸੀ ਵਿਚ ਪ੍ਰਾਣਾਂ ਨੂੰ ਦਮ ਕਹਿੰਦੇ ਹਨ ਤੇ ਉਥੇ ਪ੍ਰਾਣੀ ਨੂੰ ਆ + ਦਮੀ ਕਿਹਾ ਜਾਂਦਾ ਹੈ। ਉਹ ਮਨ ਜੋ ਸਰੀਰ ਵਿਚ ਰਹਿੰਦਿਆਂ ਆਤਮਾ ਨਾਲ ਨਹੀਂ ਜੁੜਿਆ, ਸਗੋਂ ਰੰਗ-ਬਰੰਗੀ ਦੁਨੀਆਂ ਨਾਲ ਜੁੜਿਆ ਰਿਹਾ ਸੀ, ਪ੍ਰਾਣਾਂ ਦੇ ਨਾਲ ਨਿਕਲ ਜਾਂਦਾ ਹੈ ਅਤੇ ਆਪਣੀ ਅੰਤਮ ਵਾਸ਼ਨਾ ਅਨੁਸਾਰ ਮਰਨ ਤੋਂ ਪਿੱਛੋਂ ਗਤੀ ਪ੍ਰਾਪਤ ਕਰਦਾ ਹੈ ਤੇ ਚੌਰਾਸੀ ਲੱਖ ਜੂਨਾਂ ਵਿਚ ਘੁੰਮਦਾ ਰਹਿੰਦਾ ਹੈ:

**ਕਾਂਇਆ ਨਗਰਿ ਇਕੁ ਬਾਲਕੁ ਵਸਿਆ**
**ਖਿਨੁ ਪਲੁ ਥਿਰੁ ਨ ਰਹਾਈ॥**
**ਅਨਿਕ ਉਪਾਵ ਜਤਨ ਕਰਿ ਥਾਕੇ**
**ਬਾਰੰ ਬਾਰ ਭਰਮਾਈ॥** *ਬਸੰਤ ਮਹਲਾ ੪, ਅੰਗ ੧੧੫੧)*

ਹਠ-ਜੋਗੀ ਇਸ ਨੂੰ ਜ਼ੋਰੀਂ ਰੋਕਦਾ ਹੈ ਪਰ ਇਹ ਆਪਣੇ ਸੁਭਾਅ ਕਰਕੇ ਚੰਚਲ ਹੈ, ਇਸ ਲਈ ਜਦੋਂ ਰੋਕ ਹਟਦੀ ਹੈ ਤਾਂ ਫਿਰ ਕੋਈ ਉਪੱਦਰ ਕਰ ਬਹਿੰਦਾ ਹੈ। ਆਪਣਾ ਘਰ (ਸਰੀਰ) ਛੱਡ ਕੇ ਪ੍ਰਦੇਸਾਂ ਦੇ ਚੱਕਰ ਲਾਉਣੇ ਸ਼ੁਰੂ ਕਰ ਦੇਂਦਾ ਹੈ:

SIKHBOOKCLUB.COM

**ਸਨਕਾਦਿਕ ਨਾਰਦ ਮੁਨਿ ਸੇਖਾ॥**
**ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥**
*(ਗਉੜੀ ਕਬੀਰ ਜੀ, ਅੰਗ ੩੩੦)*

ਮਨ ਨੂੰ ਵੱਸ ਵਿਚ ਕਰਨਾ ਜੀਵ ਦੇ ਵੱਸ ਦਾ ਰੋਗ ਨਹੀਂ। ਇਹ ਕੇਵਲ ਪ੍ਰਭੂ ਦੀ ਕਿਰਪਾ ਨਾਲ ਹੀ ਵੱਸ ਵਿਚ ਆਉਂਦਾ ਹੈ। ਮਨ ਇਕ ਸ਼ਕਤੀਸ਼ਾਲੀ ਘੋੜਾ ਹੈ, ਜਿਸ ਦੀ ਸਵਾਰੀ ਕੋਈ ਅਨਾੜੀ ਨਹੀਂ ਕਰ ਸਕਦਾ ਪਰ ਸ਼ਾਹ-ਸਵਾਰ ਇਸ ਨੂੰ ਲਗਾਮ ਦੇ ਕੇ, ਕਾਠੀ ਪਾ ਕੇ, ਪਲਾਕੀ ਮਾਰ ਕੇ ਇਸ ਉੱਤੇ ਸਵਾਰ ਹੋ ਜਾਂਦੇ ਹਨ:

**ਮਨੁ ਅਸਾਧੁ ਸਾਧੈ ਜਨੁ ਕੋਈ॥**
**ਅਚਰੁ ਚਰੈ ਤਾ ਨਿਰਮਲੁ ਹੋਈ॥** *(ਧਨਾਸਰੀ ਮਹਲਾ ੩, ਅੰਗ ੬੬੫)*

ਜਦੋਂ ਮਨ ਮੈਲ ਤੋਂ ਰਹਿਤ ਹੋ ਜਾਂਦਾ ਹੈ ਤਾਂ ਇਸ ਵਿਚ ਹਕੀਕਤ ਦਾ

---

1. ਪ੍ਰਾਣੀ ਦੀ ਮੌਤ ਸਮੇਂ ਉਸ ਦੇ ਸੂਖ਼ਮ ਇੰਦਰੇ ਮਨ ਵਿਚ ਸਮਾ ਜਾਂਦੇ ਹਨ ਤੇ ਮਨ ਪ੍ਰਾਣਾਂ ਵਿਚ ਲੀਨ ਹੋ ਜਾਂਦਾ ਹੈ। ਜਦੋਂ ਇਹ ਸਥੂਲ ਸਰੀਰ ਵਿਚੋਂ ਬਾਹਰ ਨਿਕਲਦਾ ਹੈ ਤਾਂ ਜੋਤੀ ਵਿਚ ਲੀਨ ਹੁੰਦਾ ਹੈ। ਫਿਰ ਵਾਸ਼ਨਾ ਅਨੁਸਾਰ ਦੂਜੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਲਿਸ਼ਕਾਰਾ ਆਪਣੇ ਆਪ ਆ ਪੈਂਦਾ ਹੈ। ਸੱਚ ਦਾ ਚਾਨਣ ਹੀ ਗਿਆਨ ਹੈ। ਇਹ ਗਿਆਨ ਨਾਲ ਹੀ ਬੱਝਦਾ ਹੈ, ਹੋਰ ਕੋਈ ਵੀ ਜਤਨ ਮਨ ਨੂੰ ਬੰਨ੍ਹ ਨਹੀਂ ਸਕਦਾ। ਇਸ ਲਈ ਮਨ ਨੂੰ ਗਿਆਨ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਸ਼ਰਨ ਲੈਣੀ ਅਤਿ ਲੋੜੀਂਦੀ ਹੈ:

**ਇਸੁ ਮਨੁ ਕਉ ਹੋਰੁ ਸੰਜਮੁ ਕੋ ਨਾਹੀ**
**ਵਿਣੁ ਸਤਿਗੁਰ ਕੀ ਸਰਣਾਇ॥** *(ਵਡਹੰਸ ਮਹਲਾ ੩, ਅੰਗ ੫੫੮)*

ਸਤਿਗੁਰੂ ਨੂੰ ਮਿਲ ਕੇ ਪੂਰਨ ਗਿਆਨ ਮਿਲਦਾ ਹੈ। ਗਿਆਨ ਦੇ ਮਿਲਦਿਆਂ ਹੀ ਚੰਚਲ ਮਨ ਥਿਰ ਹੋ ਜਾਂਦਾ ਹੈ:

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥**
**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥**
*(ਮਹਲਾ ੧, ਅੰਗ ੪੬੯)*

ਸੋ ਗੁਰੂ ਹੀ ਅਸਾਧ ਮਨ ਨੂੰ ਸੋਧ ਸਕਦਾ ਹੈ। ਗੁਰੂ ਕਿਰਪਾ ਮਨ ਨੂੰ ਵੱਸ ਕਰਨ ਦਾ ਸਾਧਨ ਹੈ। ਗੁਰੂ ਕਿਰਪਾ ਦਾ ਰੂਪ ਨਾਮ ਦੀ ਦਾਤ ਹੈ। ਨਾਮ ਦੀ ਪ੍ਰਾਪਤੀ ਪ੍ਰਭੂ ਵਿਚ ਸਮਾ ਜਾਣ ਦੀ ਨਿਸ਼ਾਨੀ ਹੈ:

**ਗੁਰ ਕਿਰਪਾ ਜਿਹ ਨਰ ਕਉ ਕੀਨੀ**
**ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ**
**ਜਿਉ ਪਾਨੀ ਸੰਗਿ ਪਾਨੀ॥** *(ਸੋਰਠਿ ਮਹਲਾ ੯, ਅੰਗ ੬੩੪)*

SIKHBOOKCLUB.COM

# ਮੁਕਤੀ ਦਾ ਸੰਕਲਪ

ਜੀਵਾਤਮਾ ਦਾ ਪਰਮਾਤਮਾ ਵਿਚ ਲੀਨ ਹੋ ਜਾਣਾ ਹੀ ਮੁਕਤੀ ਹੈ। ਜੀਵ ਉਦੋਂ ਤਕ ਹੈ ਜਦ ਤਕ ਪੰਚ-ਭੂਤਕ ਦੇਹ ਨੂੰ ਆਪਾ ਜਾਣ ਕੇ ਹੰਕਾਰ ਕਰਦਾ ਹੈ। ਉਹ ਪ੍ਰਾਣੀ ਜਿਉਂਦਿਆਂ ਹੀ ਮੁਕਤ ਹੈ ਜਿਹੜਾ ਦੇਹ ਵੱਲੋਂ ਮਰ ਜਾਂਦਾ ਹੈ ਅਤੇ ਨਾਮ ਦੁਆਰਾ ਆਤਮਾ ਵਿਚ ਲੀਨ ਹੋ ਜਾਂਦਾ ਹੈ:

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥**
*(ਮਹਲਾ ੪, ਅੰਗ ੪੪੯)*

ਦੇਹ ਤਾਂ ਇਕ ਪਿੰਡ ਹੈ ਜਿਸ ਵਿਚ ਲੱਖਾਂ ਜੀਵ ਵੱਸ ਰਹੇ ਹਨ। ਇਹਨਾਂ

ਦਾ ਰਾਜਾ 'ਰਾਮ' ਸਭ ਵਿਚ ਰਮਿਆ ਹੋਇਆ ਹੈ। ਜਦੋਂ ਨਿਰਹੰਕਾਰ 'ਆਤਮਾ' ਉਸ ਵਿਆਪਕ ਰਾਮ ਵਿਚ ਲੀਨ ਹੋ ਜਾਂਦਾ ਹੈ ਤਾਂ ਉਹ ਖ਼ੁਦ ਪਰੀਪੂਰਨ ਪਰਮਾਤਮਾ ਹੀ ਹੋ ਨਿੱਬੜਦਾ ਹੈ:

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥**
**ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥**

*(ਸਲੋਕ ਮਹਲਾ ੨, ਅੰਗ ੪੬੯)*

# ਕਰਮ ਫ਼ਿਲਾਸਫ਼ੀ

ਭਾਗ ਜਾਂ ਕਰਮ ਕੀ ਹੈ? ਇਹ ਇਨਸਾਨ ਨੂੰ ਕਿਉਂ ਚਿੰਬੜਿਆ ਪਿਆ ਹੈ? ਇਸ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ? ਇਸ ਮਾਰਗ ਦੇ ਪੰਧਾਊਆਂ ਦੇ ਇਹ ਆਮ ਪ੍ਰਸ਼ਨ ਹਨ।

ਕੁਝ ਕਰਨ ਜਾਂ ਹਰਕਤ ਦਾ ਨਾਂ ਕਰਮ ਹੈ। ਆਦਮੀ ਦੇ ਅੰਦਰੋਂ ਸਾਹ ਦਾ ਬਾਹਰ ਆਉਣਾ ਤੇ ਫਿਰ ਅੰਦਰ ਜਾਣਾ ਵੀ ਕਰਮ ਹੈ। ਖਾਣਾ-ਪੀਣਾ, ਹੱਸਣਾ, ਸੌਣਾ ਸਭ ਕਰਮ ਹਨ। ਜੀਵ ਦਾ ਸਰੀਰ ਹਰਕਤ ਤੋਂ ਵਜੂਦ ਵਿਚ ਆਇਆ ਹੈ, ਜਦ ਤਕ ਹਰਕਤ ਕਰਦਾ ਰਹੇਗਾ ਇਸ ਨੂੰ ਜਿਉਂਦਾ ਸਮਝਿਆ ਜਾਵੇਗਾ ਪਰ ਜਦੋਂ ਸਾਹ ਨਾ ਆਇਆ, ਉਦੋਂ ਹਰਕਤ ਬੰਦ ਹੋ ਜਾਵੇਗੀ, ਜਿਸ ਨੂੰ ਅਸੀਂ ਮੌਤ ਕਹਿੰਦੇ ਹਾਂ। ਆਮ ਇਨਸਾਨਾਂ ਦੀ ਬੋਲੀ ਵਿਚ ਦੇਹ ਦਾ ਮਾਂ ਦੇ ਸਰੀਰ ਵਿਚੋਂ ਬਾਹਰ ਆਉਣਾ ਜਨਮ ਹੈ ਅਤੇ ਪ੍ਰਾਣਾਂ ਦਾ ਰੁਕ ਜਾਣਾ ਮੌਤ ਹੈ। ਪ੍ਰਾਣਾਂ ਦੇ ਕਾਰਨ ਹੀ ਇਸ ਨੂੰ ਪ੍ਰਾਣੀ ਕਿਹਾ ਜਾਂਦਾ ਹੈ। 'ਪ੍ਰਾਣੀ ਤੂੰ ਆਇਓ ਲਾਹਾ ਲੈਣ' ਆਦਮੀ ਤੋਂ ਵੀ ਇਹ ਹੀ ਭਾਵ ਹੈ। ਜਿਸ ਵਿਚ ਦਮ (ਸਾਹ) ਆ ਰਿਹਾ ਹੈ, ਉਹ ਆਦਮੀ ਹੈ:

**ਹਮ ਆਦਮੀ ਹਾ ਇਕ ਦਮੀ ਮੁਹਲਤ ਮੁਹਤੁ ਨ ਜਾਣਾ॥**

'ਕਿਰਤੀਆ' ਉਪਨਿਸ਼ਦ ਵਿਚ ਲਿਖਿਆ ਹੈ:

ਸਰਬ ਆਤਮਾ ਬ੍ਰਹਮ, ਜਿਸ ਕੇ ਦਰਸ਼ਨ ਹਿਰਦੇ ਰੂਪੀ ਗ਼ੁਫ਼ਾ ਮੇਂ ਹੋਤੇ ਹੈਂ ਸੋ ਯਹ ਆਕਾਸ਼ ਪੈਦਾ ਹੂਆ। ਆਕਾਸ਼ ਸੇ ਵਾਯੂ, ਵਾਯੂ ਸੇ ਅਗਨੀ, ਅਗਨੀ ਸੇ ਜਲ, ਜਲ ਸੇ ਪ੍ਰਿਥਵੀ, ਪ੍ਰਿਥਵੀ ਸੇ

ਔਸ਼ਧੀਆਂ (ਪੌਦੇ), ਔਸ਼ਧੀਓਂ ਸੇ ਅੰਨ ਪੈਦਾ ਹੂਆ। ਇਸ ਲੀਏ ਯਹ ਪੁਰਸ਼ (ਸਥੂਲ ਸਰੀਰ) ਅੰਨ ਰਸ ਮਏ ਹੈ ਭਾਵ ਅੰਨ ਕੇ ਸਾਰ ਸੇ ਬਨਾ ਹੈ।

ਪ੍ਰਾਣਾਂ ਦਾ ਆਧਾਰ ਅੰਨ ਹੈ, ਇਸ ਲਈ ਸਾਰੇ ਪ੍ਰਾਣੀ ਅੰਨਮਈ ਕੋਸ਼ ਵਿਚ ਲਿਪਟੇ ਹੋਏ ਹਨ। ਸਥੂਲ ਸਰੀਰ ਦੇ ਨਾਸ਼ ਹੋਣ ਨਾਲ ਜੀਵ ਦਾ ਨਾਸ਼ ਨਹੀਂ ਹੁੰਦਾ। 'ਮਰਨ ਹਾਰ ਇਹ ਜੀਅੜਾ ਨਾਹੀ' ਸਥੂਲ ਸਰੀਰ ਜੀਵ ਦਾ ਕਰਮ-ਖੇਤ ਹੈ। ਇਸ ਖੇਤ ਵਿਚ ਉਹ ਕਰਮਾਂ ਦਾ ਬੀਜ ਬੀਜਦਾ ਹੈ। 'ਖੇਤਿ ਸਰੀਰ ਜੋ ਬੀਜੀਐ ਸੋ ਅੰਤਿ ਖਲੋਆ ਆਇ॥' ਮਹਾਂਵਾਕ ਅਨੁਸਾਰ ਜੀਵ ਨੂੰ ਆਪਣੇ ਕਰਮਾਂ ਦੀ ਖੇਤੀ ਦਾ ਫ਼ਲ ਪ੍ਰਾਪਤ ਹੁੰਦਾ ਹੈ।

ਕਰਮ ਦੇ ਕਰਨ ਵਾਲਾ ਖੇਤ (ਸਰੀਰ) ਨਹੀਂ, ਉਹ ਤਾਂ ਜੜ੍ਹ (ਬੇਜਾਨ) ਹੈ। ਜੋ ਕਰਮ ਕੀਤਾ ਉਹ ਵੀ ਜੜ੍ਹ ਹੈ। ਜਿਸ ਨੇ ਖੇਤ ਸਰੀਰ ਵਿਚ ਕਰਮ ਕੀਤਾ, ਉਹ ਜੜ੍ਹ ਨਹੀਂ ਹੈ, ਉਹ ਚੇਤੰਨ ਹੈ। ਕਰਮ ਕਿਸ ਨੇ ਕੀਤਾ ? ਮਨ ਨੇ। ਪਰ ਮਨ ਵੀ ਜੜ੍ਹ ਹੈ, ਮਨ ਵਿਚ ਭਰਮ-ਵੱਸ ਜਾਂ ਅਵਿਦਿਆ ਕਾਰਨ ਜੀਵ-ਆਤਮਾ ਕਰਮ ਕਰਨ ਵਾਲਾ ਹੈ, ਜਿਸ ਨੂੰ 'ਪਰਮਾਤਮਾ' ਕਿਹਾ ਜਾਂਦਾ ਹੈ। ਕਰਮ ਦਾ ਫ਼ਲ ਇਸੇ ਨੇ ਭੋਗਣਾ ਹੈ। ਜੀਵ ਕਰਮ ਕਰਨ ਵਿਚ ਸੁਤੰਤਰ ਹੈ ਪਰ ਫ਼ਲ ਪ੍ਰਦਾਤਾ ਈਸ਼ਵਰ ਹੈ। ਇਹ ਖੇਤ ਵਿਚ ਬੀਜ ਪਾ ਸਕਦਾ ਹੈ, ਪਾਣੀ ਦੇ ਸਕਦਾ ਹੈ, ਗੋਡੀ ਕਰ ਸਕਦਾ ਹੈ, ਪਰ ਫ਼ਲ ਨਹੀਂ ਲਾ ਸਕਦਾ। ਫ਼ਲ ਲਾਉਣ ਵਾਲਾ ਈਸ਼ਵਰ ਹੈ। ਜੀਵ ਜੋ ਇਹ ਸਥੂਲ ਦੇਹ ਵਿਚ ਕਰਮ ਕਰਦਾ ਹੈ ਉਸ ਦਾ ਫ਼ਲ ਈਸ਼ਵਰ ਦੇ ਹੁਕਮ ਨਾਲ ਮੌਤ ਪਿੱਛੋਂ ਦੂਜਾ ਸਰੀਰ ਪ੍ਰਾਪਤ ਕਰ ਕੇ ਮਿਲਦਾ ਹੈ। ਉਸ ਭੋਗ-ਫ਼ਲ ਨੂੰ ਪ੍ਰਾਰਲਬਧ ਕਰਮ ਕਿਹਾ ਜਾਂਦਾ ਹੈ।

## ਕਰਮ ਦੀਆਂ ਕਿਸਮਾਂ

'ਮੀਮਾਂਸਾ' ਅਨੁਸਾਰ ਕਰਮ ਦੀਆਂ ਦੋ ਕਿਸਮਾਂ ਹਨ :

1. **ਨਿਸ਼ਿਧ ਕਰਮ :** ਵੇਦ ਅਨੁਸਾਰ ਜਿਹਨਾਂ ਕਰਮਾਂ ਨੂੰ ਨਿਸ਼ਿਧ ਜਾਂ ਬੁਰੇ ਕਰਮ ਮੰਨਿਆ ਹੈ, ਉਹ ਕਦਾਚਿਤ ਨਹੀਂ ਕਰਨੇ ਚਾਹੀਦੇ। ਜਿਵੇਂ 'ਅਲਹਿੰਦ' ਕਿਤਾਬ ਵਿਚ 'ਐਲਬੈਰੂਨੀ' ਨੇ ਹਿੰਦੂ ਧਰਮ ਦੇ ਨੌਂ ਨਿਸ਼ਿਧ ਕਰਮ ਲਿਖੇ ਹਨ :

   1. ਕਿਸੇ ਦੀ ਹੱਤਿਆ ਨਾ ਕਰੋ।
   2. ਝੂਠ ਨਾ ਬੋਲੋ।
   3. ਚੋਰੀ ਨਾ ਕਰੋ।

4. ਵਿਭਚਾਰ ਨਾ ਕਰੋ।

5. ਧਨ ਦੇ ਭੰਡਾਰ ਇਕੱਠੇ ਨਾ ਕਰੋ।

6. ਸਦਾ ਮਨ ਤੇ ਸਰੀਰ ਨੂੰ ਪਵਿੱਤਰ ਰੱਖੋ।

7. ਆਪਣੇ ਖਾਣ-ਪਹਿਨਣ ਵਿਚ ਸਾਦਾ ਰਹੋ।

8. ਪਰਮਾਤਮਾ ਦੀ ਉਪਾਸ਼ਨਾ ਕਰੋ।

9. ਬਿਨਾਂ ਉਚਾਰਨ ਕੀਤਿਆਂ ਹੀ ਸ੍ਰਿਸ਼ਟੀ ਦੇ ਆਦਿ ਸ਼ਬਦ 'ਓਮ' ਨੂੰ ਸਦਾ ਮਨ ਵਿਚ ਰੱਖੋ।

2. **ਬਿਹਤ ਕਰਮ** (ਕਰਨ-ਯੋਗ ਕਰਮ):

1. ਨਿੱਤ ਕਰਮ

2. ਨਮਿੱਤ ਕਰਮ

3. ਕਾਮਯ-ਕਰਮ (ਇੱਛਾ ਕਰ ਕੇ ਕੀਤੇ ਕਰਮ)

4. ਪ੍ਰਾਸਚਿਤ ਕਰਮ (ਪ੍ਰਾਸਚਿਤ ਕਰਨ ਲਈ ਕੀਤੇ ਕਰਮ)

ਸਿਧਾਂਤ ਇਹ ਹੈ ਕਿ ਨਿੱਤ ਤੇ ਨਮਿੱਤ ਕਰਮ ਹਮੇਸ਼ਾਂ ਕਰਦਾ ਰਹੇ। ਇਹਨਾਂ ਦੇ ਹਮੇਸ਼ਾਂ ਕਰਨ ਦਾ ਕੋਈ ਫ਼ਲ ਨਹੀਂ ਹੈ ਅਤੇ ਨਾ ਹੀ ਇਹਨਾਂ ਦੇ ਕਰਨ ਨਾਲ ਕੋਈ ਪਾਪ ਹੁੰਦਾ ਹੈ।

SIKHBOOKCLUB.COM

ਫ਼ਲ ਦੀ ਇੱਛਾ ਲੈ ਕੇ ਕਾਮਯ-ਕਰਮ ਨਹੀਂ ਕਰਨੇ ਚਾਹੀਦੇ ਕਿਉਂਕਿ ਕਾਮਨਾ ਜ਼ਰੂਰ ਫ਼ਲ ਦੇਵੇਗੀ। ਉਸ ਦਾ ਫ਼ਲ ਭੋਗਣ ਲਈ ਦੇਹ ਧਾਰਨ ਕਰਨੀ ਪਵੇਗੀ ਜਿਸ ਕਾਰਨ ਮੁਕਤੀ ਨਹੀਂ ਮਿਲੇਗੀ।

ਪ੍ਰਾਸਚਿਤ ਕਰਮ ਪਾਪਾਂ ਦੀ ਨਵਿਰਤੀ ਲਈ ਕਰਨੇ ਉਚਿਤ ਹਨ। ਮੀਮਾਂਸਾ ਵਾਲਾ ਕਰਮ ਨਾਲ ਮੁਕਤੀ ਮੰਨਦਾ ਹੈ, ਪਰ ਕਰਮ ਹਰਕਤ ਦਾ ਨਾਂ ਹੈ। ਸ਼ਾਂਤੀ ਟਿਕਾਓ ਵਿਚ ਹੈ, ਹਰਕਤ ਵਿਚ ਨਹੀਂ।

## ਵੇਦਾਂਤ ਅਨੁਸਾਰ ਕਰਮ

ਵੇਦਾਂਤ ਕਰਮ ਤੋਂ ਮੁਕਤੀ ਨਹੀਂ ਮੰਨਦਾ। ਵੇਦਾਂਤ ਅਨੁਸਾਰ ਮੁਕਤੀ ਗਿਆਨ ਦੀ ਪ੍ਰਾਪਤੀ 'ਤੇ ਹੋਣੀ ਹੈ। ਵੇਦਾਂਤ ਅਨੁਸਾਰ ਕਰਮਾਂ ਦੀ ਵੰਡ ਇਸ ਪ੍ਰਕਾਰ ਹੈ:

1. ਸੰਚਿਤ ਕਰਮ (ਸਟੋਰ ਵਿਚ ਜਮ੍ਹਾਂ ਹੋਏ ਕਰਮ)

2. ਕਿਰਿਆਮਾਨ ਕਰਮ ਜਾਂ ਅਗਾਮੀ ਕਰਮ

3. ਪ੍ਰਾਰਬਧ ਕਰਮ

**ਸੰਚਿਤ ਕਰਮ :** ਜੀਵ ਨੇ ਜੋ ਕਰਮ ਜਨਮ-ਜਨਮਾਂਤਰਾਂ ਤੋਂ ਕੀਤੇ ਹਨ, ਉਹ ਬਹੁਤ ਵੱਡੀ ਮਾਤਰਾ ਵਿਚ ਇਸ ਦੇ ਖਾਤੇ ਵਿਚ ਜਮ੍ਹਾਂ ਪਏ ਹਨ। ਉਹਨਾਂ ਵਿਚੋਂ ਤੀਬਰ ਭੋਗ ਲਈ ਇਹ ਪ੍ਰਾਰਲਬਧ ਕਰਮ ਲੈ ਕੇ ਦੇਹਧਾਰੀ ਹੋਇਆ ਹੈ। ਕਰਮਾਂ ਦੇ ਭੋਗਣ ਲਈ ਦੇਹ-ਰੂਪ ਕੱਪੜਾ ਮਿਲਿਆ ਹੈ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

*(ਜਪੁਜੀ, ਅੰਗ ੨)*

ਬਾਕੀ ਇਸ ਦੇ ਸਟੋਰ ਵਿਚ ਜਮ੍ਹਾਂ ਪਏ ਹਨ।

**ਪ੍ਰਾਰਲਬਧ ਕਰਮ :** ਜੀਵ ਪਹਿਲਾ ਸਰੀਰ ਤਿਆਗ ਕੇ ਜਦੋਂ ਨਵੇਂ ਸਥੂਲ ਸਰੀਰ ਨੂੰ ਪ੍ਰਾਪਤ ਕਰਨ ਸਮੇਂ ਜੋ ਕਰਮ ਫ਼ਲ ਭੋਗਣ ਲਈ ਲਿਖਵਾ ਕੇ ਲਿਆਇਆ ਹੈ, ਉਹ ਇਸ ਦੇ ਪ੍ਰਾਰਲਬਧ-ਕਰਮ ਹਨ।

**ਪਹਿਲੇ ਬਨੀ ਪ੍ਰਾਰਲਬਧ ਪਾਛੇ ਬਨਾ ਸਰੀਰ।**

## ਕਿਰਿਆਮਾਨ ਜਾਂ ਅਗਾਮੀ ਕਰਮ

ਇਹ ਕੇਵਲ ਮਨੁੱਖ-ਜੂਨੀ ਨੂੰ ਪ੍ਰਾਪਤ ਹਨ। ਇਸ ਤੋਂ ਬਿਨਾਂ ਪਸ਼ੂ-ਪੰਛੀ ਆਦਿ ਜੂਨੀਆਂ ਪ੍ਰਾਰਲਬਧ ਕਰਮਾਂ ਦੇ ਭੋਗ ਲਈ ਹਨ। ਉਹ ਭੋਗ-ਜੂਨੀਆਂ ਹਨ, ਕਰਮ ਜੂਨੀਆਂ ਨਹੀਂ। ਕਰਮ-ਜੂਨੀ ਕੇਵਲ ਮਨੁੱਖਾ ਸਰੀਰ ਹੈ। ਇਸ ਨੂੰ ਪ੍ਰਾਰਲਬਧ ਤੋਂ ਬਿਨਾਂ ਅਖ਼ਤਿਆਰ ਹਨ ਕਿ ਇਹ ਬੁਰੇ-ਭਲੇ ਜੋ ਕਰਮ ਕਰਨਾ ਚਾਹੇ ਕਰ ਸਕਦਾ ਹੈ। ਪਰ ਕਰਮ ਕਰਨ ਦਾ ਅਧਿਕਾਰ ਹੈ, ਫ਼ਲ ਦਾ ਨਹੀਂ। ਉਹਨਾਂ ਨੂੰ ਫ਼ਲ ਦੇਣਾ ਈਸ਼ਵਰ ਦਾ ਕੰਮ ਹੈ। ਇਹ ਆਪਣੀ ਮਰਜ਼ੀ ਨਾਲ ਕੋਈ ਫ਼ਲ ਪ੍ਰਾਪਤ ਨਹੀਂ ਕਰ ਸਕਦਾ।

ਵੇਦਾਂਤ ਅਨੁਸਾਰ ਜੀਵ ਅਵਿਦਿਆ ਜਾਂ ਭਰਮ ਦਾ ਨਾਸ਼ ਕਰ ਕੇ ਆਪਣੇ ਆਪ ਨੂੰ ਜਾਣ ਲੈਂਦਾ ਹੈ ਤਾਂ ਇਸ ਦੇ ਸੰਚਿਤ-ਕਰਮ ਆਪਣੇ ਆਪ ਸੜ ਜਾਂਦੇ ਹਨ, ਭਸਮ ਹੋ ਜਾਂਦੇ ਹਨ। ਕਿਰਿਆਮਾਨ ਕਰਮ ਨਿਰਇੱਛਕ ਹੁੰਦੇ ਰਹਿੰਦੇ ਹਨ। ਗਿਆਨਵਾਨ ਦੇ ਕਰਮ ਗਿਆਨ ਕਾਰਨ ਸੁਤੇ-ਸਿਧ ਹੀ ਸ਼ੁੱਧ ਹੁੰਦੇ ਹਨ। 'ਤੋਹੀ ਮੋਹੀ ਅੰਤਰ ਕੈਸਾ' ਅਨੁਸਾਰ ਆਤਮਾ ਪਰਮਾਤਮਾ ਇਕ ਹੋ ਨਿੱਬੜਦਾ ਹੈ। 'ਕਿਸ ਨੋ ਕਹੀਐ ਨਾਨਕਾ ਸਭਿ ਕਿਛੁ ਆਪੇ ਆਪ' ਦੇ ਮਹਾਂਵਾਕ ਅਨੁਸਾਰ ਫਿਰ ਸਰਬੱਤ ਦਾ ਭਲਾ ਕਰਨਾ ਹੀ ਇਸ ਦਾ ਮੁੱਖ ਕਰਮ ਹੋ ਜਾਂਦਾ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਪਰਉਪਕਾਰ ਦਾ ਉਮਾਹ ਫੁੱਟ ਨਿਕਲਦਾ ਹੈ। ਸ੍ਰੀ ਕ੍ਰਿਸ਼ਨ ਜੀ

ਅਨੁਸਾਰ ਉਹ ਨਿਸ਼ਕਾਮ ਕਰਮ ਕਰਦਾ ਹੈ। ਇਹ ਉਸ ਦਾ ਸੁਭਾਅ ਬਣ ਜਾਂਦਾ ਹੈ।

ਰਹੇ ਪ੍ਰਾਰਲਬਧ ਕਰਮ, ਉਹ ਆਪਣੇ ਧਾਰਨ ਕੀਤੇ ਸਰੀਰ 'ਤੇ ਖ਼ੁਸ਼ੀ ਨਾਲ ਭੋਗਦਾ ਹੈ। ਜਦੋਂ ਸਰੀਰ ਦਾ ਅੰਤ ਹੁੰਦਾ ਹੈ ਤਾਂ ਇਹਨਾਂ ਪ੍ਰਾਰਲੱਬਧ ਕਰਮਾਂ ਦਾ ਵੀ ਅੰਤ ਹੋ ਜਾਂਦਾ ਹੈ। ਹੁਣ ਜਦ ਹਰ ਪਾਸੇ ਲੇਖੇ-ਜੋਖੇ ਦੇ ਖਾਤੇ ਖ਼ਤਮ ਹੋ ਗਏ ਹਨ ਤਾਂ ਫਿਰ ਜਨਮ ਕਿਸ ਦਾ ? ਤੇ ਮੌਤ ਕਿਸ ਦੀ ? ਉਹ ਅਜਨਮਾ, ਅਬਿਨਾਸ਼ੀ 'ਸੱਚ, ਚਿੱਤ, ਆਨੰਦ' ਸਰੂਪ ਹੈ। ਕਰਮ ਇਨਸਾਨ ਨੂੰ ਇੱਛਾ ਜਾਂ ਵਾਸ਼ਨਾ ਕਰਕੇ ਚਿੰਬੜਿਆ ਸੀ। ਇਹ ਵਾਸ਼ਨਾ ਅਗਿਆਨ ਕਾਰਨ ਪੈਦਾ ਹੋਈ ਸੀ। ਜਦੋਂ ਅਗਿਆਨ ਮਿਟ ਗਿਆ ਤਾਂ ਨਾਲ ਹੀ ਵਾਸ਼ਨਾ ਵੀ ਖ਼ਤਮ ਹੋ ਗਈ। ਕਰਮ ਤੋਂ ਛੁਟਕਾਰਾ ਕਿਵੇਂ ਪਾਈਏ ? ਦਾ ਉੱਤਰ ਮਿਲ ਹੀ ਗਿਆ ਹੈ ਕਿ ਛੁਟਕਾਰਾ ਗਿਆਨ ਦੀ ਪ੍ਰਾਪਤੀ 'ਤੇ ਹੋਣਾ ਹੈ। ਹੋਰ ਕੋਈ ਢੰਗ ਨਹੀਂ ਕਿ ਜਿਸ ਨਾਲ ਜੀਵ ਕਰਮ ਤੋਂ ਛੁਟਕਾਰਾ ਪਾ ਸਕੇ।

ਕਰਮ ਦਾ ਹੋਣਾ ਵੀ ਤ੍ਰੈਗੁਣੀ ਮਾਇਆ ਤਕ ਹੈ। ਉਹ ਪਾਰਬ੍ਰਹਮ ਪਰਮੇਸ਼ਰ ਵਿਚ ਕੋਈ ਕਰਮ ਨਹੀਂ ਹੈ। ਉਹ ਅਡੋਲ ਹੈ, ਅਕਰਮ ਹੈ, ਅਭਰਮ ਹੈ :

> **ਆਪਿ ਅਡੋਲੁ ਨ ਕਬਹੂ ਡੋਲੈ ॥** *(ਮਹਲਾ ੧, ਅੰਗ ੧੨੯੪)*

ਮਾਇਆ ਦੇ ਤਿੰਨ ਗੁਣ ਰਜੋ, ਤਮੋ ਤੇ ਸਤੋ ਹਨ :

> **ਰਜ ਗੁਣ ਤਮ ਗੁਣ ਸਤ ਗੁਣ ਕਹੀਐ**
> **ਇਹ ਤੇਰੀ ਸਭ ਮਾਇਆ ॥** *(ਕਬੀਰ ਜੀ, ਅੰਗ ੧੧੨੩)*

ਕਰਮ, ਭਰਮ ਅਤੇ ਡੋਲਣਾ ਜਾਂ ਡਰ ਮਾਇਆ ਦਾ ਗੁਣ ਹੈ।

## ਮਾਇਆ ਕੀ ਹੈ ?

ਸਾਂਖ ਮਤ ਵਾਲੇ ਜਿਸ ਨੂੰ ਪ੍ਰਕਿਰਤੀ ਕਹਿੰਦੇ ਹਨ, ਅਦਵੈਤਵਾਦੀ ਉਸ ਨੂੰ ਮਾਇਆ ਕਹਿੰਦੇ ਹਨ। ਮਾਇਆ ਕੋਈ ਵਜੂਦ ਵਾਲੀ ਸੱਚੀ ਵਸਤੂ ਨਹੀਂ, ਸਗੋਂ ਇਕ ਸਰਬ-ਵਿਆਪੀ ਗਿਆਨ ਦੇ ਸਮੁੰਦਰ ਆਤਮਾ ਦਾ ਉਲਟਾ ਅਨੁਭਵ ਜਾਂ ਵਹਿਮ ਹੈ। ਇਸ ਦਾ ਦੂਜਾ ਨਾਂ ਅਗਿਆਨ ਹੈ ਜਿਹੜਾ ਸਭ ਦੇ ਅਨੁਭਵ ਸਿੱਧ ਹੈ।

ਉਦਾਹਰਣ—ਹਰ ਆਦਮੀ ਗੂੜ੍ਹੀ ਨੀਂਦ (ਘੋਰ ਨਿੰਦਰਾ) ਵਿਚੋਂ ਉੱਠ ਕੇ ਕਹਿੰਦਾ ਹੈ 'ਮੈਂ ਅੱਜ ਮੈਂ ਬੜੇ ਆਰਾਮ ਨਾਲ ਸੁਖ ਵਿਚ ਸੁੱਤਾ, ਮੈਨੂੰ ਕੋਈ

SIKHBOOKCLUB.COM

ਥਹੁ-ਪਤਾ ਨਹੀਂ ਰਿਹਾ। ਨੀਂਦ ਚਿ ਮੈਂ ਕੁਝ ਨਹੀਂ ਜਾਣਿਆ।'

ਕੁਝ ਨਹੀਂ ਜਾਣਿਆ ਹੀ ਅਗਿਆਨ ਹੈ। ਇਸੇ ਨੂੰ ਮਾਇਆ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਮਾਇਆ ਨੂੰ ਪ੍ਰਭੂ ਦਾ ਪ੍ਰਛਾਵਾਂ ਵੀ ਕਿਹਾ ਜਾਂਦਾ ਹੈ :

**ਮਹਾ ਮਾਇਆ ਤਾ ਕੀ ਹੈ ਛਾਇਆ॥**

*(ਮਹਲਾ ੪, ਅਂਗ ੮੬੮)*

ਇਸੇ ਅਗਿਆਨ ਜਾਂ ਮਾਇਆ ਦੇ ਹਨੇਰੇ ਵਿਚੋਂ ਹਰ ਸ਼ੈਅ ਨਿਕਲਦੀ ਹੈ ਜਿਵੇਂ ਜੀਵ ਦੀ ਸੁਪਨ-ਅਵਸਥਾ ਵਿਚ ਨਿੱਤ ਵੇਖਦੇ ਹਾਂ। ਇਹਨਾਂ ਵਸਤੂਆਂ ਦੇ ਸਮੂਹ ਨੂੰ ਦੁਨੀਆਂ, ਜਗਤ ਜਾਂ ਸੰਸਾਰ ਕਿਹਾ ਜਾਂਦਾ ਹੈ :

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**

*(ਸਲੋਕ ਮਹਲਾ ੯, ਅੰਗ ੧੪੨੭)*

ਅਸਲ ਵਿਚ ਦੁਨੀਆਂ ਇਕ ਸੁਪਨੇ ਤੋਂ ਵੱਧ ਕੁਝ ਨਹੀਂ। ਜੋ ਦ੍ਰਿਸ਼ ਹੈ ਉਹ ਸਭ ਮਾਇਆ ਹੈ, ਜੋ ਦ੍ਰਿਸ਼ ਨੂੰ ਦੇਖਣ ਵਾਲਾ ਹੈ ਉਹ ਮਾਇਆ ਦਾ ਪਤੀ ਪ੍ਰਭੂ (ਦ੍ਰਿਸ਼ਟਾ) ਹੈ। ਦ੍ਰਿਸ਼ਟਾ ਸਤਿ ਹੈ ਅਤੇ ਦ੍ਰਿਸ਼ ਅਸਤਿ ਅਰਥਾਤ ਝੂਠ ਹੈ :

**ਦ੍ਰਿਸਟਮਾਨਿ ਹੈ ਸਗਲ ਮਿਥੇਨਾ॥** *(ਮਹਲਾ ੪, ਅੰਗ ੧੦੮੩)*

SIKHBOOKCLUB.COM

ਦ੍ਰਿਸ਼ਟਮਾਨ ਇਕ ਮਾਇਆ ਕਿਰਤ ਹੈ ਪਰ ਦ੍ਰਿਸ਼ਟਾ ਸ੍ਵੈ-ਅੰਗ ਪ੍ਰਕਾਸ਼ ਅਰਥਾਤ 'ਸੈਭੰ' ਹੈ :

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥**
**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥**

*(ਜਪੁਜੀ, ਅੰਗ ੭)*

ਈਸ਼ਵਰ ਸਰਬੱਗ ਹੈ, ਉਸ ਦੀ ਉਪਾਧੀ ਮਾਇਆ ਹੈ।

ਜੀਵ ਅਲਪੱਗ ਹੈ, ਉਸ ਦੀ ਉਪਾਧੀ ਅਵਿਦਿਆ ਹੈ।

ਮਾਇਆ, ਅਗਿਆਨ, ਅਵਿਦਿਆ, ਭਰਮ ਆਦਿ ਸ਼ਬਦ ਇਕੋ ਭਾਵ ਦੇ ਲਖਾਇਕ ਹਨ। ਇਸ ਬਾਰੇ ਗੁਰਬਾਣੀ ਦਾ ਕਥਨ ਹੈ :

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥**

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

*(ਮਹਲਾ ੯, ਅੰਗ ੫੩੭)*

# ਨਾਮ ਜਪਣ ਦੀ ਜੁਗਤ (ਨਿੱਜੀ ਅਨੁਭਵ)

ਮਨ ਉਸੇ ਪਾਸੇ ਦੌੜਦਾ ਹੈ ਜਿਸ ਪਾਸੇ ਉਸ ਦੀ ਰੁਚੀ ਹੋਵੇ। ਪਰ ਉਸ ਦੀ ਦੌੜ-ਭੱਜ ਸੁਖ ਜਾਂ ਆਨੰਦ ਦੀ ਪ੍ਰਾਪਤੀ ਲਈ ਹੀ ਹੁੰਦੀ ਹੈ। ਸਾਰੇ ਜੀਵ ਸੁਖ ਦੀ ਭਾਲ ਵਿਚ ਨੱਠ-ਭੱਜ ਕਰ ਰਹੇ ਹਨ। ਮਨ ਨੂੰ ਸਰੀਰਕ ਤੇ ਮਾਨਸਿਕ ਭੁੱਖਾਂ ਲੱਗੀਆਂ ਹੋਈਆਂ ਹਨ। ਉਹ ਆਪਣੀ ਭੁੱਖ ਅਨੁਸਾਰ ਪਦਾਰਥ ਚਾਹੁੰਦਾ ਹੈ। ਪਦਾਰਥ ਪ੍ਰਾਪਤ ਕਰ ਕੇ ਉਸ ਨੂੰ ਭੋਗ ਕੇ ਤ੍ਰਿਪਤ ਹੋ ਜਾਂਦਾ ਹੈ। ਜੇ ਰੱਜੇ ਹੋਏ ਨੂੰ ਖਾਣ ਲਈ ਹੋਰ ਦੇਈਏ ਤਾਂ ਉਹ ਅੱਗੋਂ ਨਾਂਹ-ਨਾਂਹ ਕਹਿ ਕੇ ਆਪਣੀ ਤ੍ਰਿਪਤੀ ਦਾ ਪ੍ਰਗਟਾਵਾ ਕਰਦਾ ਹੈ। ਪਰ ਸਮਾਂ ਪਾ ਕੇ ਪਦਾਰਥਾਂ ਦਾ ਭੋਗ ਹਜ਼ਮ ਹੋ ਜਾਂਦਾ ਹੈ ਤੇ ਉਸ ਨੂੰ ਫਿਰ ਭੁੱਖ ਲੱਗਦੀ ਹੈ। ਉਹ ਫਿਰ ਖਾਂਦਾ ਹੈ। ਭੁੱਖ ਵੀ ਥੋੜ੍ਹੇ ਸਮੇਂ ਲਈ ਹੈ ਤੇ ਭੁੱਖ ਨੂੰ ਦੂਰ ਕਰਨ ਵਾਲੇ ਭੋਗਾਂ ਨਾਲ ਤ੍ਰਿਪਤੀ ਵੀ ਵਕਤੀ ਹੈ। ਸਦੀਵੀ ਰਸ ਜਾਂ ਤ੍ਰਿਪਤੀ ਵਾਲਾ ਅਜਿਹਾ ਕੋਈ ਪਦਾਰਥ ਨਹੀਂ, ਜਿਸ ਨੂੰ ਭੋਗ ਕੇ ਉਹ ਫਿਰ ਭੁੱਖਾ ਨਾ ਹੋਵੇ। ਉਸ ਦੀ ਸਾਰੀ ਉਮਰ ਖਾਣ-ਪੀਣ ਵਿਚ ਹੀ ਬਤੀਤ ਹੋ ਜਾਂਦੀ ਹੈ। ਜੀਵ ਸਮਝਦਾ ਹੈ ਕਿ ਮੈਂ ਭੋਗ-ਪਦਾਰਥਾਂ ਨੂੰ ਭੋਗ ਰਿਹਾ ਹਾਂ ਪਰ ਵਾਸਤਵ ਵਿਚ ਪਦਾਰਥ ਜੀਵ ਨੂੰ ਭੋਗ ਰਹੇ ਹਨ:

**ਭੋਗੇ ਜਾਣੇ ਨਹੀਂ ਤੈਥੋਂ ਭੋਗ ਸਾਰੇ**
**ਭੋਗ ਲੈਣਗੇ ਤੁਧ ਨੂੰ ਭੋਗ ਬੱਚਾ।**

ਭਰਥਰੀ ਹਰੀ ਦੀ ਮਾਂ ਦਾ ਉਪਰੋਕਤ ਕਥਨ ਬਿਲਕੁਲ ਸੱਚਾ ਹੈ। ਹੁੰਦਾ ਇਹੀ ਹੈ ਕਿ ਪਦਾਰਥਾਂ ਨੂੰ ਭੋਗਣ ਵਾਲੇ ਪ੍ਰਾਣੀ ਦਾ ਇਕ ਦਿਨ ਭੋਗ ਪੈ ਜਾਂਦਾ ਹੈ ਅਰਥਾਤ ਉਹ ਪ੍ਰਾਣੀ ਭੋਗਿਆ ਜਾਂਦਾ ਹੈ। ਜਦੋਂ ਮਨ ਨੂੰ ਇਸ ਦਾ ਪੂਰਨ ਗਿਆਨ ਹੋ ਜਾਵੇ ਕਿ ਮੈਨੂੰ (ਦੇਹ ਨੂੰ) ਪਦਾਰਥ ਭੋਗ ਰਹੇ ਹਨ, ਮੈਂ ਪਦਾਰਥਾਂ ਨੂੰ ਨਹੀਂ ਭੋਗ ਰਿਹਾ ਤਾਂ ਉਸ ਨੂੰ ਵੈਰਾਗ ਹੋ ਜਾਵੇਗਾ। ਤੀਬਰ ਵੈਰਾਗ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਜੀਵ ਨੂੰ ਪ੍ਰਾਰਲਬਧ ਅਨੁਸਾਰ ਸਰੀਰਕ ਭੋਗ ਪਦਾਰਥ ਅਵੱਸ਼ ਮਿਲਣੇ ਹੀ ਹਨ। ਸਾਰੀ ਧਰਤੀ ਜੀਵਾਂ ਦੇ ਭੋਗ ਪਦਾਰਥਾਂ ਦੀ ਵੱਡੀ ਦੇਗ ਹੈ। ਇਸੇ

ਦੇਗ ਵਿਚੋਂ ਸਾਰੇ ਜੀਵਾਂ ਨੂੰ ਸਰੀਰਕ ਭੁੱਖ ਮਿਟਾਉਣ ਲਈ ਪਦਾਰਥ ਮਿਲਦਾ ਹੈ। ਭੰਡਾਰੀ ਦੇ ਹੱਥ ਵਿਚ ਭਾਗ ਦਾ ਕੜਛਾ ਹੈ। ਹਰ ਇਕ ਨੂੰ ਆਪਣਾ ਭਾਗ (ਹਿੱਸਾ) ਮਿਲ ਹੀ ਜਾਣਾ ਹੈ। ਸਾਰੀ ਦੀ ਸਾਰੀ ਦੇਗ ਕਿਸੇ ਇਕ ਜਾਂ ਵਿਸ਼ੇਸ਼ ਲਈ ਨਹੀਂ ਹੈ, ਸਭਨਾਂ ਲਈ ਹੈ:

**ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥**
**ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥**

*(ਮਹਲਾ ੧, ਅੰਗ ੧੧੯੦)*

ਆਪਣੀ ਪ੍ਰਾਲਬਧ ਤੇ ਸ਼ਾਕਰ ਹੋ ਕੇ ਬੰਦੇ ਨੂੰ ਲੋਭ ਤੋਂ ਬਚਣਾ ਚਾਹੀਦਾ ਹੈ। ਲਾਲਚ ਹੀ ਪਾਪ ਹੈ, ਹੋਰ ਕੋਈ ਪਾਪ ਨਹੀਂ:

**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥**

*(ਮਹਲਾ ੯, ਅੰਗ ੭੦੨)*

ਹੱਥ, ਪੈਰ ਤੇ ਸਰੀਰ ਦੇ ਹੋਰ ਅੰਗ ਕੰਮ-ਕਾਰ ਲਈ ਹਨ। ਇਹਨਾਂ ਦੁਆਰਾ ਉੱਦਮ ਕਰ ਕੇ ਧਰਮ ਦੀ ਕਿਰਤ ਕਰਨਾ ਨਾਮ ਜਪਣ ਵਾਲੇ ਲਈ ਜ਼ਰੂਰੀ ਹੈ:

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥**

SIKHBOOKCLUB.COM

*(ਮਹਲਾ ੫, ਅੰਗ ੫੨੨)*

ਦਸਾਂ ਨਹੁੰਆਂ ਦੀ ਕਮਾਈ ਸੁਖਾਂ ਦੀ ਖਾਣ ਹੈ। ਅਣਕਮਾਇਆ ਧਨ ਦੁੱਖਾਂ ਦੀ ਪਟਾਰੀ ਹੈ। ਭਾਵੇਂ ਉਸ ਧਨ ਨਾਲ ਵਕਤੀ ਤੌਰ 'ਤੇ ਜੀਵ ਖ਼ੁਸ਼ ਹੁੰਦਾ ਹੈ ਪਰ ਅਖ਼ੀਰ ਉਸ ਅਣਕਮਾਏ ਧਨ ਦਾ ਸਿੱਟਾ ਦੁੱਖ ਹੀ ਹਨ। ਇਹ ਸੁਖ-ਦੁੱਖ ਸੰਸਾਰਕ ਹਨ ਪਰ ਜਦੋਂ ਗੁਰਮੁਖ ਉੱਦਮੀ ਹੋ ਕੇ ਧਰਮ ਦੀ ਕਿਰਤ ਕਰਦਾ ਹੈ, ਉਸ ਵਿਚੋਂ ਲੋੜਵੰਦਾਂ ਨੂੰ ਵੰਡਦਾ ਹੋਇਆ ਨਾਮ ਜਪਦਾ ਹੈ ਤਾਂ ਉਸ ਦਾ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ। ਜੀਵ ਆਤਮਾ ਜਦ ਪਰਮਾਤਮਾ ਨਾਲ ਮਿਲ ਕੇ ਇਕ ਹੋ ਜਾਂਦੀ ਹੈ ਤਾਂ ਉਥੇ ਕੋਈ ਚਿੰਤਾ ਨਹੀਂ ਰਹਿ ਸਕਦੀ। ਗੁਰੂ ਨਾਨਕ ਦੇਵ ਜੀ ਦਾ ਇਹ ਕਥਨ ਜਗਿਆਸੂ ਦੀ ਰਹਿਬਰੀ ਕਰਦਾ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** *(ਮਹਲਾ ੧, ਅੰਗ ੧੨੪੫)*

ਸੋ ਨਾਮ ਜਪਣ ਵਾਲੇ ਲਈ ਪਹਿਲਾਂ ਵੈਰਾਗ, ਸੰਤੋਖ ਧਰਮ ਦੀ ਕਿਰਤ, ਉੱਦਮ ਇਹਨਾਂ ਗੁਣਾਂ ਨੂੰ ਹਿਰਦੇ ਵਿਚ ਸੰਭਾਲਣਾ ਚਾਹੀਦਾ ਹੈ ਤੇ ਫਿਰ ਸੱਚ ਦੀ ਭਾਲ ਲਈ ਜਤਨਸ਼ੀਲ ਹੋਣ ਦੀ ਲੋੜ ਹੈ। ਸੱਚ ਦੀ ਭਾਲ ਸੱਚੇ ਮਾਰਗ 'ਤੇ ਚੱਲ ਕੇ ਹੀ ਹੋਣੀ ਹੈ। ਇਸ ਲਈ ਇਖ਼ਲਾਕ ਦਾ ਆਧਾਰ ਸੱਚ ਹੋਣਾ ਬਹੁਤ

ਹੀ ਜ਼ਰੂਰੀ ਹੈ:

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥** *(ਫਰੀਦ ਜੀ, ਅੰਗ ੪੮੮)*

ਸੱਚ ਬੋਲਣਾ ਨਾਮ ਜਪਣ ਨਾਲੋਂ ਵੀ ਜ਼ਰੂਰੀ ਹੈ:

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥** *(ਮਹਲਾ ੧, ਅੰਗ ੪੬੮)*

ਉਪਰੋਕਤ ਸਾਰੇ ਗੁਣਾਂ ਨੂੰ ਧਾਰਨ ਕਰਨ ਲਈ ਮਨ ਨੇ ਮੁਨਕਰ ਹੋਣਾ ਹੈ। ਉਸ ਨੂੰ ਸਮਝਾ-ਬੁਝਾ ਕੇ ਇਹਨਾਂ ਗੁਣਾਂ ਦਾ ਧਾਰਨੀ ਕਰਵਾਓ ਫਿਰ ਨਾਮ ਜਪਣ ਦਾ ਜਤਨ ਕਰੋ। ਈਰਖਾ ਤੋਂ ਬਚੋ, ਈਰਖਾ ਚੁਗ਼ਲੀ ਤੇ ਨਿੰਦਿਆ ਦੀ ਮਾਂ ਹੈ।

**ਚੋਰ ਜਾਰ ਜੂਆਰ ਤੇ ਬੁਰਾ॥**
**ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ॥** *(ਮਹਲਾ ੧, ਅੰਗ ੧੧੯੪)*

ਤੁਹਾਡੇ ਸਾਹਮਣੇ ਅਜਿਹੇ ਅਨੇਕਾਂ ਕਰਮ ਹੋ ਰਹੇ ਹਨ ਜੋ ਨਿਸ਼ੇਧ ਹਨ। ਉਹਨਾਂ ਨੂੰ ਵੇਖ ਕੇ ਅਣਡਿੱਠ ਕਰੋ। ਇਹਨਾਂ ਸਾਰੀਆਂ ਗੱਲਾਂ ਨੂੰ ਮਨ ਸ਼ੀਘਰ ਨਹੀਂ ਮੰਨੇਗਾ, ਉਸ ਨੂੰ ਸਮਝਾਉਂਦੇ ਰਹੋ। ਮਨ ਨਾਲ ਝਗੜਾ ਤੇ ਮਨ ਨਾਲ ਸੱਥ ਬਣਾ ਕੇ ਸੋਚ-ਵਿਚਾਰ ਕਰਦੇ ਰਹੋ ਕਿਉਂਕਿ ਨਾਮ ਮਨ ਨੇ ਜਪਣਾ ਹੈ, ਕਿਸੇ ਹੋਰ ਨੇ ਨਹੀਂ। ਇਸ ਸਰਬ ਉੱਤਮ ਕੰਮ ਨੂੰ ਕਰਵਾਉਣਾ ਬਹੁਤ ਮੁਸ਼ਕਿਲ ਹੈ, ਅਸੰਭਵ ਨਹੀਂ। ਨਾਮ ਜਪਣਾ, ਬਹੁਤ ਮੁਸ਼ੱਕਤ ਦਾ ਕੰਮ ਕਰਵਾਉਣ ਲਈ ਮਨ ਨੂੰ ਤਿਆਰ ਕਰਨਾ ਉਸ ਤੋਂ ਵੀ ਔਖਾ ਹੈ। ਪਰ ਜਦ ਮਨ ਤਿਆਰ ਹੋ ਗਿਆ ਤਾਂ ਫੇਰ ਸਫ਼ਲਤਾ ਇਸ ਦੇ ਕਦਮ ਚੁੰਮਣ ਲਈ ਤਿਆਰ ਖਲੋਤੀ ਹੈ।

ਨਾਮ ਕੇਵਲ ਈਸ਼ਵਰ ਦਾ ਜਪਣਾ ਹੈ, ਉਹ ਇਕ ਹੈ। ਦੇਵ-ਪੂਜਾ ਈਸ਼ਵਰ ਚਿੰਤਨ ਨਹੀਂ ਹੈ। ਇਸ ਲਈ ਕੋਈ ਵੀ ਦੇਵਤਾ ਇਸ ਨੂੰ ਚਿੰਤਾ ਤੋਂ ਰਹਿਤ ਨਹੀਂ ਕਰ ਸਕਦਾ। ਤਾਂਤ੍ਰਿਕ ਤੇ ਪ੍ਰਭੂ-ਭਗਤ ਵਿਚ ਬਹੁਤ ਅੰਤਰ ਹੈ। ਤਾਂਤ੍ਰਿਕ ਦਾ ਮੂੰਹ ਸੰਸਾਰ ਵੱਲ ਹੀ ਹੁੰਦਾ ਹੈ, ਜਦੋਂ ਕਿ ਈਸ਼ਵਰ ਦਾ ਭਗਤ ਪ੍ਰਭੂ ਵੱਲ ਮੁੱਖ ਤੇ ਸੰਸਾਰ ਵੱਲ ਕੰਡ ਕਰ ਕੇ ਵਿਚਰਦਾ ਹੈ। ਦੇਵ-ਪੂਜਾ ਪੁਜਾਰੀ ਨੂੰ ਅਨੇਕਤਾ ਵਿਚ ਲੈ ਜਾਂਦੀ ਹੈ। ਇਕ ਦੇਵਤੇ ਦਾ ਪੁਜਾਰੀ ਦੂਜੇ ਦੇਵਤੇ ਦੇ ਪੁਜਾਰੀ ਨੂੰ ਘ੍ਰਿਣਾ ਕਰ ਕੇ ਦ੍ਵੈਸ਼ ਵਿਚ ਲੈ ਜਾਂਦਾ ਹੈ ਜਦੋਂ ਕਿ ਈਸ਼ਵਰ ਚਿੰਤਨ ਅਨੇਕਤਾ ਤੋਂ ਏਕਤਾ ਵਿਚ ਲਿਆ ਕੇ ਅਦ੍ਵੈਤ ਦ੍ਰਿੜ੍ਹ ਕਰਵਾਉਂਦਾ ਹੈ। ਪੂਰਨ ਸਤਿਗੁਰੂ ਦੇਵਤਾ ਨਹੀਂ, ਉਹ ਆਪ ਪਰਮੇਸ਼ਰ ਹੁੰਦਾ ਹੈ:

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥ *(ਮਹਲਾ ੪, ਅੰਗ ੮੬੪)*

ਪ੍ਰਭੂ ਆਕਾਰ ਰਹਿਤ ਜੋਤੀ ਹੈ ਜਿਸ ਦਾ ਪੂਰਨ ਪ੍ਰਕਾਸ਼ ਸਤਿਗੁਰੂ ਦੀ ਪੰਜ-ਭੂਤਕ ਦੇਹ ਦੁਆਰਾ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ ਪੰਜਵੀਂ ਪਉੜੀ ਵਿਚ ਫ਼ੁਰਮਾਇਆ ਹੈ :

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥
*(ਜਪੁਜੀ, ਅੰਗ ੨)*

ਨਾਮ ਜਿਹੀ ਅਮੋਲਕ ਦਾਤ ਕੇਵਲ ਸਤਿਗੁਰੂ ਹੀ ਦੇ ਸਕਦਾ ਹੈ। ਉਹ ਸਿੱਖ ਨੂੰ ਹਰੀ ਦੀ ਕਥਾ ਸੁਣਾ ਕੇ ਦੁੱਖਾਂ-ਦਰਦਾਂ ਦੀ ਪੀੜ ਤੋਂ ਮੁਕਤ ਕਰ ਦੇਂਦਾ ਹੈ। ਨਾਲ ਹੀ ਨਾਮ ਰੂਪੀ ਕਲਪ ਬ੍ਰਿਛ ਤੇ ਕਾਮਧੇਨ ਗਊ ਬਖ਼ਸ਼ ਦਿੰਦਾ ਹੈ :

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥
ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ *(ਸੁਖਮਨੀ, ਅੰਗ ੨੬੫)*

ਪ੍ਰਭੂ-ਭਗਤੀ ਦੇ ਦੋ ਮੁੱਖ ਰੂਪ ਹਨ—ਨਿਰਗੁਣ ਅਤੇ ਸਰਗੁਣ। ਸਰਗੁਣ ਧਾਰਾ ਵਾਲੇ ਗੁਰੂ ਦੀ ਮੂਰਤੀ ਦਾ ਧਿਆਨ ਧਾਰਦੇ ਹਨ :

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ *(ਮਹਲਾ ੫, ਅੰਗ ੮੬੪)*

ਗੁਰੂ ਦੀ ਮੂਰਤੀ ਆਕਾਰ ਵਾਲੀ ਹੈ ਪਰ ਪਰਮੇਸ਼ਰ ਨਿਰ-ਆਕਾਰ ਹੈ :

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥

**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥**

*(ਸੁਖਮਨੀ, ਅੰਗ ੨੮੩)*

ਗੁਰੂ ਪੰਜ-ਭੂਤਕ ਦੇਹ ਨਹੀਂ, ਸਗੋਂ ਉਸ ਵਿਚ ਪ੍ਰਕਾਸ਼ਿਤ ਜੋਤੀ ਗੁਰੂ ਹੈ:

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

*(ਸਵਯੇ ਮਹਲੇ ਪੰਜਵੇ ਕੇ ੫, ਅੰਗ ੧੪੦੮)*

ਜੋਤੀ ਸਰੂਪ ਪ੍ਰਭੂ ਆਪ ਹੈ ਜੋ ਆਦਿ ਤੋਂ ਅੰਤ ਤਕ ਹਰ ਕਾਲ ਵਿਚ ਇਕ ਰਸ ਹੈ:

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥** *(ਚੌਪਈ ਸਾਹਿਬ, ਪਾਤਸਾਹੀ ੧੦)*

ਗੁਰੂ ਦੇ ਵਾਸਤਵ ਸਰੂਪ ਵਿਚ ਜਾ ਕੇ ਕੋਈ ਆਕਾਰ ਨਹੀਂ ਦਿੱਸਦਾ। ਕੋਈ ਮੂਰਤੀ ਨਹੀਂ ਦਿੱਸਦੀ, ਇਸ ਲਈ ਜਗਿਆਸੂ ਨੂੰ ਗੁਰੂ ਦੇ ਵਾਸਤਵਿਕ ਸਰੂਪ ਦਾ ਧਿਆਨ ਉਚਿਤ ਹੈ।

ਗੁਰਦੇਵ ਮਹਾਰਾਜ ਅੰਤਮ ਸਮੇਂ 'ਗੁਰਾਇਆ' ਨਗਰ ਵਿਚ ਵੀਹ ਦਿਨ ਬਿਰਾਜਮਾਨ ਰਹੇ। ਬਾਬਾ ਹਰਪਾਲ ਸਿੰਘ ਬੇਦੀ ਪ੍ਰਭਾਤ ਵੂਲਨ ਮਿਲ ਲਿਮਟਿਡ ਲੁਧਿਆਣਾ ਵਾਲੇ, ਮੇਰੇ ਗੁਰੂ-ਭਾਈ ਵੀ ਹਨ ਅਤੇ ਕਲਾਸ-ਫ਼ੈਲੋ ਵੀ। ਉਹਨਾਂ ਦੀ ਕਿਰਪਾ ਦੁਆਰਾ ਮੈਨੂੰ ਵੀਹ ਦਿਨ ਹੀ ਵਿਰਕਤਾਂ ਦੇ ਦਰਸ਼ਨ ਹੁੰਦੇ ਰਹੇ। ਬੇਦੀ ਸਾਹਿਬ ਬਿਨਾਂ ਨਾਗਾ ਆਪਣੀ ਕਾਰ ਲੈ ਆਉਂਦੇ ਅਤੇ ਅਸੀਂ ਗੁਰਦੇਵ ਮਹਾਰਾਜ ਦਰਸ਼ਨ ਵੀ ਕਰਦੇ ਤੇ ਬਚਨ-ਬਿਲਾਸ ਵੀ ਹੁੰਦੇ ਰਹਿੰਦੇ। ਬੇਦੀ ਸਾਹਿਬ ਪਰਮਾਰਥ ਦੇ ਪ੍ਰਸ਼ਨ ਕਰਦੇ ਤੇ ਮਹਾਰਾਜ ਪ੍ਰਸੰਨ-ਚਿੱਤ ਹੋ ਕੇ ਉੱਤਰ ਦੇਂਦੇ। ਇਕ ਦਿਨ ਪ੍ਰਸ਼ਨੋਤਰੀ ਵਿਚ ਆਪ ਨੇ ਦੱਸਿਆ ਕਿ 'ਇਕ ਵਾਰ ਮਹਾਤਮਾ ਬੁੱਧ ਦੇ ਵੱਡੇ ਚੇਲੇ 'ਨੰਦ ਜੀ' ਨੇ ਪੁੱਛਿਆ ਕਿ ਗੁਰੂ ਜੀ, ਮੈਨੂੰ ਨਿਰਵਾਣ ਪਦ ਦੀ ਪ੍ਰਾਪਤੀ ਦੀ ਜੁਗਤੀ ਦੱਸੋ। ਉੱਤਰ ਵਿਚ ਮਹਾਤਮਾ ਬੁੱਧ ਜੀ ਬੋਲੇ ਕਿ ਤੂੰ ਉੱਤਰ ਸੁਣਨ ਲਈ ਪੂਰਾ ਤਿਆਰ ਹੈਂ ? ਨੰਦ ਜੀ ਬੋਲੇ, 'ਗੁਰਦੇਵ, ਇਹ ਉੱਤਰ ਸੁਣਨ ਲਈ ਤਾਂ ਸਾਰਾ ਜੀਵਨ ਲਾ ਦਿੱਤਾ ਹੈ, ਤਿਆਰ ਕਿਉਂ ਨਹੀਂ ? ਤੁਸੀਂ ਕਿਰਪਾ ਕਰ ਕੇ ਸ਼ੀਘਰ ਦੱਸੋ ਕਿ ਇਹ ਪਦ ਕਿਵੇਂ ਪ੍ਰਾਪਤ ਹੋਵੇਗਾ ?' ਤਾਂ ਮਹਾਤਮਾ ਜੀ ਨੇ ਕਿਹਾ, 'ਹੇ ਨੰਦ! ਤੂੰ ਆਪਣੇ ਪ੍ਰਾਣਾਂ ਨੂੰ ਵੇਖ ਰਿਹਾ ਏਂ ?' ਉੱਤਰ ਵਿਚ ਬੋਲਿਆ 'ਹਾਂ, ਗੁਰੂ ਜੀ, ਮੈਨੂੰ ਮੇਰੇ ਪ੍ਰਾਣ ਚੱਲਦੇ ਸਾਫ਼ ਦਿਖਾਈ ਦੇ ਰਹੇ ਹਨ।'

ਬੁੱਧ ਜੀ ਬੋਲੇ, 'ਤਾਂ ਸੁਣ, ਤੂੰ ਇਹਨਾਂ ਪ੍ਰਾਣਾਂ ਨੂੰ ਵੇਖਦੇ ਰਹਿਣਾ, ਅਖ਼ੀਰ

ਜਦੋਂ ਤੇਰੀ ਦੇਹ ਦਾ ਅੰਤ ਹੋਵੇਗਾ ਤਾਂ ਜਿਹੜਾ ਆਖ਼ਰੀ ਪ੍ਰਾਣ ਦੇਹ ਵਿਚੋਂ ਬਾਹਰ ਨਿਕਲ ਗਿਆ, ਉਸ ਨੇ ਫਿਰ ਦੇਹ ਵਿਚ ਵਾਪਸ ਨਹੀਂ ਆਉਣਾ। ਤੂੰ ਉਸ ਨੂੰ ਵੇਖਣਾ ਵਾਲਾ ਏਂ, ਤੂੰ ਪ੍ਰਾਣ ਨਹੀਂ ਏਂ, ਪ੍ਰਾਣ ਉਸ ਵੇਖਣ ਵਾਲੇ ਦਾ ਦ੍ਰਿਸ਼ ਹੈ। ਜਿਵੇਂ ਇਹ ਸਾਰਾ ਭੌਤਿਕ ਸੰਸਾਰ ਹੈ। ਤੂੰ ਦ੍ਰਿਸ਼ਟਾ ਏਂ, ਦ੍ਰਿਸ਼ ਨਹੀਂ। ਦ੍ਰਿਸ਼ਟਾ ਨਿਰਵਾਣ ਸਰੂਪ ਹੈ। ਬੱਸ ਇਹੀ ਨਿਰਵਾਣ ਪਦ ਹੈ।'

ਥੋੜ੍ਹੀ ਦੇਰ ਚੁੱਪ ਰਹਿ ਕੇ ਮਹਾਰਾਜ ਬੋਲੇ, "ਅਸੀਂ ਪ੍ਰਾਣਾਂ ਨਾਲ ਨਾਮ ਜੋੜ ਕੇ ਮਨ ਨੂੰ ਵੇਖਦੇ ਰਹਿੰਦੇ ਹਾਂ ਕਿ ਇਹ ਨਾਮ ਜਪਦਾ ਹੈ ਜਾਂ ਨਹੀਂ, ਤਾਂ ਦੌੜਨ ਵਾਲੇ ਮਨ ਦੀ ਗਤੀ ਧੀਮੀ ਹੋਵੇਗੀ। ਹੌਲੀ-ਹੌਲੀ ਇਹ ਸਥਿਰ ਹੋ ਜਾਵੇਗਾ। ਸਾਡਾ ਆਪਾ ਦਾਨਾ, ਬੀਨਾ ਹੈ ਜੋ ਮਨੋਂ ਵਿਰਤੀਆਂ ਨੂੰ ਹਰ ਸਮੇਂ ਵੇਖ ਰਿਹਾ ਹੈ, ਇਹੀ ਦ੍ਰਿਸ਼ਟਾ ਪ੍ਰਭੂ ਹੈ:

**ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥**

*(ਮਹਲਾ ੪, ਅੰਗ ੫੨੦)*

ਨਾਮ ਮਨ ਨੇ ਜਪਣਾ ਹੈ, ਪ੍ਰਭੂ ਨੇ ਨਹੀਂ। ਮਨ ਨੇ ਪ੍ਰਭੂ ਦਾ ਨਾਮ ਜਪ ਕੇ ਪ੍ਰਭੂ ਨੂੰ ਜਾਨਣਾ ਹੈ ਜਿਸ ਨੂੰ ਇਹ ਭੁੱਲ ਕੇ ਕਾਰਨ ਵਿਸਰ ਗਿਆ ਹੈ। ਜਦੋਂ ਵਿਸਰੀ ਸ਼ੈਅ ਯਾਦ ਆ ਜਾਂਦੀ ਹੈ ਤਾਂ ਫ਼ਿਕਰ ਆਪਣੇ ਆਪ ਹੀ ਖ਼ਤਮ ਹੋ ਜਾਂਦਾ ਹੈ। ਆਪਾ ਚੀਨੇ ਤੋਂ ਬਿਨਾਂ ਭਰਮ ਦੂਰ ਨਹੀਂ ਹੋ ਸਕਦਾ:

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** *(ਮਹਲਾ ੩, ਅੰਗ ੪੪੧)*

ਜਦੋਂ ਮੂਲ ਨੂੰ ਪਛਾਣ ਲਿਆ ਤਾਂ ਆਪਾ ਆਪਣੇ ਆਪ ਸਾਖਿਆਤਕਾਰ ਹੋ ਜਾਵੇਗਾ। ਨਾਮ ਨੂੰ ਜਪਣ ਵਾਲਾ ਨਾਮ ਦੀ ਟੋਹ ਨਾਲ ਆਪਣਾ ਆਪਾ ਭਾਲ ਰਿਹਾ ਹੈ। ਜਦੋਂ ਉਹ ਮਿਲ ਗਿਆ ਤਾਂ ਮਨ ਆਪਣੇ ਆਪ ਮੰਨ ਜਾਵੇਗਾ:

**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥**
**ਨਾਨਕ ਨਾਮੁ ਮਿਲੈ ਮਨੁ ਮਾਨਿਆ ॥** *(ਮਹਲਾ ੩, ਅੰਗ ੬੬੮)*

ਗੁਰ-ਮੰਤਰ ਭਰੋਸਾ ਕਾਇਮ ਕਰਦਾ ਹੈ। ਗੁਰੂ ਸ਼ਰਧਾ ਪੈਦਾ ਕਰਦਾ ਹੈ। ਉਹ ਸ਼ਰਧਾ ਹੀ ਭਗਤੀ ਅਰਥਾਤ ਪ੍ਰੇਮ ਹੈ। ਜਿੰਨਾ ਪ੍ਰੇਮ ਨਾਲ ਸ਼ਰਧਾਲੂ ਹੋ ਕੇ ਨਾਮ ਜਪਾਂਗੇ ਉਤਨਾ ਹੀ ਛੇਤੀ ਪ੍ਰਭੂ ਮਿਲੇਗਾ। ਸ਼ਰਧਾਵਾਨ ਹੋ ਕੇ ਆਸਣ ਜਮਾ ਕੇ ਪ੍ਰਾਣਾਂ ਨੂੰ ਸੁਖਮਣ ਵਿਚ ਲੈ ਜਾਣਾ ਉਪਯੋਗੀ ਹੈ। ਇੜਾ ਖੱਬੀ ਸੁਰ, ਪਿੰਗਲਾ ਸੱਜੀ ਸੁਰ ਦਾ ਨਾਂ ਹੈ, ਦੋਵਾਂ ਦੇ ਧੀਮੀ ਗਤੀ ਵਿਚ ਇਕ ਹੋ ਜਾਣ ਨੂੰ ਸੁਖਮਣ ਕਿਹਾ ਜਾਂਦਾ ਹੈ:

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥**

**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥**

*(ਬੇਣੀ ਜੀ, ਅੰਗ ੯੭੪)*

ਇਕਾਂਤ ਵਿਚ ਸੁਖਮਨਾ ਵਿਚ ਪ੍ਰਾਣ ਕਰਕੇ ਨਾਮ ਜਪਣ ਨਾਲ ਮਨ ਸ਼ੀਘਰ ਹੀ ਟਿਕ ਜਾਂਦਾ ਹੈ। ਫਿਰ ਉਸ ਨੂੰ ਅੰਦਰੂਨੀ ਗਿਆਨ ਹੋਣ ਨਾਲ ਰਸ ਆ ਜਾਂਦਾ ਹੈ। ਇਹ ਰਸ ਦਾ ਭੌਰਾ ਹੈ ਜਦੋਂ ਉਹ ਰਸ ਆ ਗਿਆ ਤਾਂ ਸੰਸਾਰਕ ਰਸ ਇਸ ਨੂੰ ਚੰਗੇ ਨਹੀਂ ਲੱਗਣਗੇ। ਫਿਰ ਇਹ ਆਪਣੇ ਆਪ ਸਮੇਂ ਸਿਰ ਉੱਠ ਬੈਠੇਗਾ ਤੇ ਨਾਮ ਦੀ ਕਮਾਈ ਕਰੇਗਾ। ਇਸ ਕੰਮ ਵਿਚ ਜਿੰਨੀ ਮੁਸ਼ੱਕਤ ਹੋਵੇਗੀ, ਉਤਨੀ ਹੀ ਸ਼ੀਘਰ ਸਫ਼ਲਤਾ ਮਿਲੇਗੀ।

ਆਸਣ ਦੀ ਲੋੜ ਆਰੰਭ ਵਿਚ ਹੈ ਫਿਰ ਤਾਂ 'ਊਠਤਿ ਬੈਠਤਿ ਸੋਵਤਿ ਨਾਮੁ ॥ ਕਹੁ ਨਾਨਕ ਜਨ ਕੇ ਸਦ ਕਾਮ' ਵਾਲੀ ਅਵਸਥਾ ਹੋ ਜਾਂਦੀ ਹੈ। 'ਅਜਪਾ ਜਾਪ' ਚੱਲ ਪਵੇਗਾ।

# ਲਾਵਾਂ ਦੀ ਫ਼ਿਲਾਸਫ਼ੀ

SIKHBOOKCLUB.COM

## (ਨਾਮ ਜਪਣ ਵਾਲੇ ਦੀਆਂ ਚਾਰ ਸਟੇਜਾਂ)

ਅਨੰਦ ਕਾਰਜ ਸਮੇਂ ਸੂਹੀ ਰਾਗ ਵਿਚ ਜਿਹੜੀਆਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ, ਉਹ ਨਾਮ ਜਪਣ ਵਾਲੇ ਦੀਆਂ ਚਾਰ ਸਟੇਜਾਂ ਹਨ। ਪਹਿਲੀ ਲਾਂਵ ਨਾਮ ਵਿਚ ਪਰਵਿਰਤ ਕਰਵਾਉਣ ਦੀ ਸਟੇਜ ਹੈ। ਇਸ ਅਵਸਥਾ ਵਿਚ ਪ੍ਰੇਮੀ ਧਰਮ ਪੁਸਤਕਾਂ, ਗੁਰਬਾਣੀ ਦਾ ਪਠਨ-ਪਾਠਨ ਸ਼ੌਕ ਨਾਲ ਕਰਦਾ ਹੈ। ਇਹਨਾਂ ਦੇ ਪੜ੍ਹਨ ਨਾਲ ਉਸ ਦਾ ਧਰਮ ਦ੍ਰਿੜ੍ਹ ਹੁੰਦਾ ਹੈ। ਉਹ ਆਪਣੇ ਵਿਚਾਰਾਂ ਨੂੰ ਪੱਕੇ ਕਰ ਲੈਂਦਾ ਹੈ:

ਹਰਿ ਪਹਿਲੜੀ ਲਾਵ
ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪ ਤਜਾਇਆ ਬਲਿ ਰਾਮ ਜੀਉ ॥ *(ਮਹਲਾ ੪, ਅੰਗ ੭੭੩)*

ਦੂਜੀ ਲਾਂਵ ਜਗਿਆਸੂ ਦੀ ਦੂਜੀ ਸਟੇਜ ਦਰਸਾਉਂਦੀ ਹੈ, ਜਦੋਂ ਨਾਮ ਵਿਚ ਮਨ ਜੁੜ ਕੇ ਇਕਾਗਰ ਹੋਣਾ ਸ਼ੁਰੂ ਹੁੰਦਾ ਹੈ ਤਾਂ ਅਚਾਨਕ ਅਨਹਦ ਸ਼ਬਦ ਦੀ ਝੁਨਕਾਰ ਸੁਣਾਈ ਦੇਂਦੀ ਹੈ:

**ਹਰਿ ਦੂਜੜੀ ਲਾਵ**
**ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥**

*(ਮਹਲਾ ੪, ਅੰਗ ੭੭੪)*

ਤੀਜੀ ਲਾਂਵ ਜਦੋਂ ਜਗਿਆਸੂ ਅੰਤਰ, ਆਤਮਾ ਦੇ ਅਨੰਦ ਨੂੰ ਮਾਨਣ ਦਾ ਆਦੀ ਹੋ ਜਾਂਦਾ ਹੈ ਤਾਂ ਉਸ ਦਾ ਮਨ ਬਾਹਰਮੁਖੀ ਮਾਇਆ ਤੋਂ ਉਪਰਾਮ ਹੋ ਜਾਂਦਾ ਹੈ। ਇਹ ਉਪਰਾਮਤਾ ਵੈਰਾਗ ਪੈਦਾ ਕਰਦੀ ਹੈ। ਅੰਤਰੀਵ ਆਤਮਾ ਉਸ ਨੂੰ ਪ੍ਰਭੂ-ਮੇਲ ਦਾ ਚਾਅ ਪੈਦਾ ਹੋ ਜਾਂਦਾ ਹੈ:

**ਹਰਿ ਤੀਜੜੀ ਲਾਵ**
**ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥**

*(ਮਹਲਾ ੪, ਅੰਗ ੭੭੪)*

ਚੌਥੀ ਲਾਂਵ ਸਹਿਜ ਅਵਸਥਾ ਦੀ ਸੂਚਕ ਹੈ। ਮਨ ਨਾਮ ਜਪਦਾ-ਜਪਦਾ ਆਪਣੇ ਆਪੇ ਨੂੰ ਪ੍ਰਾਪਤ ਹੋ ਜਾਂਦਾ ਹੈ। ਸੁਤੇ ਹੀ ਆਪੇ ਦਾ ਗਿਆਨ ਹੋਣ 'ਤੇ ਇਹ ਅਵਸਥਾ ਸਹਿਜੇ ਹੀ ਲਗਾਤਾਰ ਰਹਿੰਦੀ ਹੈ। ਹੁਣ ਫਿਰ ਭੁੱਲ ਜਾਂ ਭੁਲੇਖੇ ਦਾ ਕੋਈ ਸਵਾਲ ਹੀ ਨਹੀਂ ਰਹਿ ਜਾਂਦਾ:

**ਹਰਿ ਚਉਥੜੀ ਲਾਵ**
**ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥**

*(ਮਹਲਾ ੪, ਅੰਗ ੭੭੪)*

ਸਹਿਜ ਅਵਸਥਾ ਵਿਚ ਹਰ ਪਾਸੇ ਆਪਣਾ ਆਪ ਹੀ ਦਿਖਾਈ ਦੇਂਦਾ ਹੈ। ਕੋਈ ਗ਼ੈਰ ਨਜ਼ਰ ਨਹੀਂ ਆਉਂਦਾ ਤਾਂ ਵੈਰ ਕਿਸ ਨਾਲ ਹੋਵੇ ਤੇ ਭੈਅ ਕਿਸ ਤੋਂ ਹੋਵੇ ? ਇਹ ਨਿਰਭਉ ਤੇ ਨਿਰਵੈਰ ਅਸਵਥਾ ਬ੍ਰਹਮ ਗਿਆਨੀ ਦਾ ਚਿੰਨ੍ਹ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

*(ਸਲੋਕ ਮਹਲਾ ੯, ਅੰਗ ੧੪੨੭)*

ਹੁਣ ਨਾਮ ਜਪਣ ਵਾਲਾ ਜਗਿਆਸੂ ਨਾਮ ਦਾ ਰੂਪ ਹੀ ਹੋ ਜਾਂਦਾ ਹੈ।

ਕਰਨਾਲ, ਵਿਰਕਤ ਕੁਟੀਆ ਵਿਚ ਗੁਰਦੇਵ ਮਹਾਰਾਜ ਜੀ ਦੇ ਦਰਸ਼ਨਾਂ ਲਈ ਆਇਆ ਇਕ ਪ੍ਰੇਮੀ ਹੈਰਾਨ ਹੋ ਕੇ ਸੇਵਾਦਾਰਾਂ ਨੂੰ ਕਹਿਣ ਲੱਗਾ, 'ਤੁਸੀਂ ਸੰਤਾਂ ਦੀ ਐਵੇਂ ਸਿਫ਼ਤ ਕਰੀ ਜਾਂਦੇ ਹੋ, ਮੈਂ ਤਾਂ ਇਹਨਾਂ ਨੂੰ ਕਦੇ ਨਾਮ ਜਪਦੇ ਨਹੀਂ ਵੇਖਿਆ। ਸਗੋਂ ਇਹ ਤਾਂ ਸਾਧਾਰਨ ਲੋਕਾਂ ਵਾਂਗ ਸੇਵਕਾਂ ਨਾਲ ਗ੍ਰਹਿਸਥ ਦੀਆਂ ਆਮ ਗੱਲਾਂ ਕਰਦੇ ਰਹਿੰਦੇ ਹਨ। ਇਹ ਨਾਮ ਕਦੋਂ ਜਪਦੇ ਹਨ ?' ਸੇਵਾਦਾਰਾਂ ਨੇ ਕਿਹਾ, 'ਤੁਸੀਂ ਆਪ ਹੀ ਗੱਲ ਕਰਿਓ।' ਉਹ ਪ੍ਰੇਮੀ ਜਦੋਂ ਆਪ

ਦੇ ਪਾਸ ਜਾ ਕੇ ਬੈਠਾ ਹੀ ਸੀ ਤਾਂ ਮਹਾਰਾਜ ਨੇ ਉਸ ਤੋਂ ਪੁੱਛਿਆ, 'ਤੂੰ ਬੱਸ 'ਤੇ ਆਇਆ ਏਂ ?'

ਉਸ ਨੇ ਕਿਹਾ, "ਹਾਂ ਜੀ।"

"ਉਹ ਬੱਸ ਕਿਥੇ ਹੈ ?"

"ਉਹ ਪਿੱਛੇ ਸੜਕ 'ਤੇ ਹੈ।"

"ਉਸ ਨੂੰ ਨਾਲ ਲਿਆਉਣਾ ਸੀ।"

"ਜੀ ਇਹ ਕਿਵੇਂ ਹੋ ਸਕਦਾ ਹੈ ?"

"ਤਾਂ ਭਾਈ ਨਾਮ ਵੀ ਬੱਸ ਵਾਂਗ ਪ੍ਰਭੂ-ਮਿਲਾਪ ਦਾ ਸਾਧਨ ਹੈ। ਨਾਮ ਜ਼ਹਾਜ਼ ਹੈ, ਜੋ ਭਵਸਾਗਰ ਤੋਂ ਪਾਰ ਕਰਦਾ ਹੈ। ਜਦ ਭਵਸਾਗਰ ਪਾਰ ਹੋ ਗਿਆ ਤਾਂ ਫਿਰ ਉਸ ਦੀ ਕੋਈ ਲੋੜ ਨਹੀਂ ਰਹਿੰਦੀ।"

ਪ੍ਰੇਮੀ ਉੱਤਰ ਸੁਣ ਕੇ ਅਸਚਰਜ ਹੋ ਗਿਆ ਕਿ ਇਹਨਾਂ ਮੇਰੇ ਪ੍ਰਸ਼ਨ ਦਾ ਉੱਤਰ ਆਪੇ ਹੀ ਦੇ ਦਿੱਤਾ ਹੈ ਤੇ ਮੇਰੀ ਪੂਰੀ ਤਸੱਲੀ ਵੀ ਕਰਵਾ ਦਿੱਤੀ ਹੈ।

ਮਨ ਦਾ ਟਿਕਾਉ ਸਹਿਜ ਅਵਸਥਾ ਵਿਚ ਜਾ ਕੇ ਹੀ ਹੋਣਾ ਹੈ। ਇਹ ਅਵਸਥਾ ਪ੍ਰਭੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੋਣੀ ਹੈ। ਜਗਿਆਸੂ ਨੂੰ ਨਾਮ ਨਹੀਂ ਭੁੱਲਣਾ ਚਾਹੀਦਾ। ਸਾਡਾ ਫ਼ਰਜ਼ ਨਾਮ ਜਪਣਾ ਹੈ, ਕਿਰਪਾ ਕਰਨੀ ਪ੍ਰਭੂ ਦਾ ਧਰਮ ਹੈ। ਨਾਮ ਜਪਦਿਆਂ ਜਪਦਿਆਂ ਜੇ ਚਿੰਤਾ-ਫ਼ਿਕਰ ਮਨ ਨਾ ਲੱਗਣ ਦੇਣ, ਤਾਂ ਪ੍ਰਭੂ ਅੱਗੇ ਅਰਦਾਸ ਕਰਨੀ ਵੀ ਉਚਿਤ ਸਾਧਨ ਹੈ। ਅਰਦਾਸ ਵਿਚ ਆਪਣੇ ਗੁਨਾਹਾਂ ਦਾ ਵੇਰਵਾ ਜ਼ਰੂਰ ਦਿਉ। ਆਪਣੀ ਸ਼ੁਭ ਕਰਨੀ ਦਾ ਹੰਕਾਰ ਨਾ ਜਣਾਓ ਤੇ ਇਹ ਆਖੋ :

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥**
**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥**

*(ਮਹਲਾ ੩, ਅੰਗ ੧੫੬)*

ਮੈਨੂੰ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਇਹ ਬੋਲ ਬਹੁਤ ਪਿਆਰੇ ਲੱਗਦੇ ਹਨ :

**ਅਦਲੋਂ ਫ਼ਜ਼ਲ ਕਰੀਂ ਓ ਯਾਰ।**

ਇਨਸਾਫ਼ ਦੀ ਤੱਕੜੀ 'ਤੇ ਤੁਲਣ ਨਾਲੋਂ ਉਸ ਦਯਾ ਨਿਧ ਦੀ ਕਿਰਪਾ ਮੰਗਣੀ ਕਿੰਨੀ ਉੱਤਮ ਗੱਲ ਹੈ :

**ਕਿਰਪਾ ਕਰਹੁ ਦੀਨ ਕੇ ਦਾਤੇ**
**ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥**

**ਮਾਟੀ ਕਾ ਕਿਆ ਧੋਪੈ ਸੁਆਮੀ**
**ਮਾਣਸ ਕੀ ਗਤਿ ਏਹੀ॥** *(ਅੰਗ ੮੯੨)*

ਅੱਵਲ ਤਾਂ ਅਰਦਾਸ ਨਾਲ ਮਨ ਨਾਮ ਵਿਚ ਪ੍ਰਵੇਸ਼ ਕਰ ਜਾਵੇਗਾ ਪਰ ਜੇਕਰ ਫਿਰ ਵੀ ਨਾ ਜੁੜੇ ਤਾਂ ਜਪੁਜੀ ਦੀ ਬਾਣੀ ਦਾ ਪਾਠ ਅਰਥਾਂ ਵਿਚ ਧਿਆਨ ਲਾ ਕੇ ਬਾਰ-ਬਾਰ ਕਰਦੇ ਰਹੋ, ਕੁਝ ਸਮੇਂ ਤੋਂ ਪਿੱਛੋਂ ਮਨ ਨਾਮ ਜਪਣ ਵਿਚ ਅਨੰਦ ਮਹਿਸੂਸ ਕਰੇਗਾ। ਜਦੋਂ ਨਾਮ ਨਾ ਜਪਦੇ ਹੋਵੋ, ਉਦੋਂ ਜਪੁਜੀ ਦਾ ਪਾਠ ਕਰੋ। ਇਸ ਤਰ੍ਹਾਂ ਬਾਣੀ ਦਾ ਪਾਠ ਤੇ ਫਿਰ ਸਿਮਰਨ, ਜੇ ਸਿਮਰਨ ਵਿਚ ਮਨ ਨਾ ਲੱਗੇ ਤਾਂ ਫਿਰ ਪਾਠ ਕਰਦੇ ਰਹੋ। ਗੁਰੂ ਨਾਨਕ ਸਾਹਿਬ ਦੀ ਕਿਰਪਾ ਦੁਆਰਾ ਨਾਮ ਆਪਣੇ ਆਪ ਚੱਲ ਪਏਗਾ। ਜੇ ਫਿਰ ਵੀ ਔਕੜ ਪੇਸ਼ ਆਵੇ ਤਾਂ ਮਾਲਾ ਲੈ ਕੇ ਮੂਲ-ਮੰਤਰ 'ਨਾਨਕ ਹੋਸੀ ਭੀ ਸਚੁ' ਤਕ ਬਾਰ-ਬਾਰ ਜਾਪ ਕਰੋ। ਮੂਲ-ਮੰਤਰ ਵਿਚ ਮਨ ਜ਼ਰੂਰ ਸ਼ਾਂਤ ਹੋ ਜਾਵੇਗਾ।

ਨਾਮ ਜਪਣ ਤੋਂ ਪਹਿਲਾਂ ਇਕ 108 ਮਣਕਿਆਂ ਦੀ ਇਕ ਮਾਲਾ ਮੂਲ-ਮੰਤਰ ਦੀ ਫੇਰ ਲੈਣੀ ਬਹੁਤ ਹੀ ਉਪਯੋਗੀ ਹੈ।

ਸਿਮਰਨ ਨਿਤਨੇਮ ਤੋਂ ਵਾਧੂ ਕਰਨਾ ਹੈ। ਆਪਣਾ ਨਿਤਨੇਮ ਪੰਜ ਬਾਣੀਆਂ ਦਾ ਪਾਠ ਸਮੇਂ ਅਨੁਸਾਰ ਜ਼ਰੂਰ ਕਰਨਾ ਚਾਹੀਦਾ ਹੈ। ਇਹ ਗੁਰੂ ਨਾਨਕ ਨਾਮ-ਲੇਵਾ ਦਾ ਧਰਮ ਹੈ। ਹੋਰ ਮਤਾਂ ਵਾਲਾ ਵੀ ਆਪਣੇ ਨਿਤਨੇਮ ਨੂੰ ਆਪਣੇ ਵਿਧੀ-ਵਿਧਾਨ ਅਨੁਸਾਰ ਕਰਦਾ ਰਹੇ। ਇਸ ਤਰ੍ਹਾਂ ਕਰਨਾ ਨਾਮ ਸਿਮਰਨ ਲਈ ਸਹਾਇਕ ਕਰਮ ਹੈ, ਮੁੱਖ ਕਰਮ ਨਾਮ ਸਿਮਰਨਾ ਹੀ ਹੈ।

**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥** *(ਅੰਗ ੧੨)*

ਅੰਤ ਵਿਚ ਪ੍ਰਸਿੱਧ ਦੇਸ਼-ਭਗਤ ਮਹਾਤਮਾ ਸਵਾਮੀ ਅਰਵਿੰਦ ਘੋਸ਼ ਦਾ ਅਨੁਭਵ ਦੇ ਕੇ ਮੁਆਫ਼ੀ ਚਾਹੁੰਦਾ ਹਾਂ। ਮੇਰਾ ਕੋਈ ਸ਼ਬਦ ਕਿਸੇ ਨੂੰ ਦੁਖਾਉਣ ਲਈ ਨਹੀਂ ਸਗੋਂ ਆਪਣਾ ਅਨੁਭਵ ਸਭ ਨਾਲ ਸਾਂਝਾ ਕਰਨ ਲਈ ਹੈ। ਭਾਵਾਂ ਤੇ ਵਿਚਾਰਾਂ ਨੂੰ ਦਰਸਾਉਣ ਲਈ ਹੈ। ਖਿਮਾ!

# ਹਠ-ਜੋਗ ਤੋਂ ਸਹਿਜ-ਜੋਗ ਤਕ

ਜੋਗ ਸ਼ਬਦ 'ਯਜੂ' ਧਾਤੂ ਤੋਂ ਬਣਿਆ ਹੈ। ਇਸ ਦੇ ਅਰਥ ਹਨ ਦੋ ਜਾਂ ਦੋ ਤੋਂ ਵਧੀਕ ਚੀਜ਼ਾਂ ਦਾ ਮਿਲਣਾ। ਇਸ ਸ਼ਬਦ ਦੀ ਵਰਤੋਂ ਅੱਡ-ਅੱਡ ਵਿਸ਼ਿਆਂ ਅਤੇ ਅਨੇਕਾਂ ਅਰਥਾਂ ਵਿਚ ਹੋਈ ਹੈ। ਆਯੁਰਵੇਦ, ਜੋਤਿਸ਼, ਵਿਆਕਰਣ, ਰਾਜਨੀਤੀ, ਵਿਵਹਾਰ-ਨੀਤੀ, ਅਧਿਆਤਮ ਸ਼ਾਸਤਰ ਵਿਚ 'ਜੋਗ' ਦਾ ਅਰਥ ਮੇਲ ਜਾਂ ਮਿਲਣਾ ਹੀ ਰਿਹਾ ਹੈ।

ਜੋਤਿਸ਼ ਸ਼ਾਸਤਰਾਂ ਵਿਚ ਰਾਸ਼ੀਆਂ, ਨਛੱਤਰਾਂ ਤੇ ਗ੍ਰਹਿਆਂ ਆਦਿ ਦੇ ਮੇਲ ਨੂੰ ਜੋਗ ਕਿਹਾ ਗਿਆ ਹੈ।

ਚਕਿਸਤਾ ਸ਼ਾਸਤਰ ਵਿਚ ਦੋ ਜਾਂ ਦੋ ਤੋਂ ਵਧੀਕ ਔਸ਼ਧੀਆਂ ਦੇ ਮੇਲ ਨੂੰ ਜੋਗ ਮੰਨਿਆ ਹੈ।

SIKHBOOKCLUB.COM

ਭਾਗਵਤ ਗੀਤਾ ਵਿਚ 80 ਵਾਰ ਜੋਗ ਸ਼ਬਦ ਦੀ ਵਰਤੋਂ ਹੋਈ ਹੈ, ਉਥੇ ਚਾਰ-ਪੰਜ ਥਾਵਾਂ ਤੋਂ ਬਿਨਾਂ ਇਸ ਦੇ ਅਰਥ ਪਾਤੰਜਲ ਰਿਸ਼ੀ ਵਾਲੇ ਜੋਗ ਤੋਂ ਨਹੀਂ ਲਏ ਗਏ। ਯੁਕਤੀ, ਸਾਧਨ, ਕੁਸ਼ਲਤਾ, ਉਪਾਏ, ਭਗਵਾਨ ਨਾਲ ਮੇਲ ਆਦਿ ਅਰਥ ਆਏ ਹਨ।

ਜੀਵ ਤੇ ਪਰਮਾਤਮਾ ਦਾ ਸੰਜੋਗ ਵੀ ਜੋਗ ਸ਼ਬਦ ਦਾ ਅਰਥ ਹੈ। ਇਹਨਾਂ ਦੋਹਾਂ ਨੂੰ ਇਕ ਕਰਨ ਵਾਲੇ ਸਾਧਨ ਦਾ ਨਾਂ ਵੀ ਜੋਗ ਹੈ। ਕਿਰਿਆਤਮਕ ਦ੍ਰਿਸ਼ਟੀ ਦੀ ਰੂੜ੍ਹੀ ਵਿਚ ਤਾਂ ਜੋਗ ਨਾਮ ਹੀ ਸਾਧਨ ਦਾ ਹੈ। ਚਿੱਤ ਵਿਰਤੀ ਦੇ ਨਿਰੋਧ (ਕਾਬੂ) ਕਰਨ ਦਾ ਨਾਂ ਵੀ ਜੋਗ ਹੈ। ਚਿੱਤ ਵਿਰਤੀ ਸਾਧਨ ਦੁਆਰਾ ਹੀ ਨਿਰੋਧ ਹੁੰਦੀ ਹੈ।

## ਜੋਗ ਦੇ ਸਾਧਨ

ਜੋਗ ਦੇ ਅੱਠ ਸਾਧਨ: ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਤੇ ਸਮਾਧੀ ਹਨ।

## 1. ਯਮ

ਅਹਿੰਸਾ, ਸਤਯ, ਅਸਤੇਯ, ਬ੍ਰਹਮਚਰਯ, ਅਪਰਿ ਗ੍ਰਹਿ ਪੰਜਾਂ ਦਾ ਨਾਂ ਯਮ ਹੈ।

**ਅਹਿੰਸਾ**: ਪ੍ਰਾਣੀ ਮਾਤਰ ਨੂੰ ਮਨ, ਵਚਨ ਤੇ ਕਰਮ ਕਰਕੇ ਕਸ਼ਟ ਨਾ ਦੇਣਾ।

**ਸਤਯ**: ਅੰਤਹਕਰਣ ਤੇ ਇੰਦਰੀਆਂ ਰਾਹੀਂ ਕਿਸੇ ਗੱਲ ਦਾ ਜੈਸਾ ਨਿਸ਼ਚਾ ਕੀਤਾ ਹੋਵੇ, ਪਿਆਰ ਨਾਲ ਕਪਟ ਰਹਿਤ ਹੋ ਕੇ, ਮਿੱਠੀ ਬੋਲੀ ਵਿਚ ਜਿਉਂ ਦਾ ਤਿਉਂ ਆਖਣਾ।

**ਅਸਤੇਯ**: ਮਨ, ਵਚਨ, ਕਰਮ ਕਰਕੇ ਕਿਸੇ ਤਰ੍ਹਾਂ ਵੀ ਕਿਸੇ ਦੇ ਹੱਕ ਨੂੰ ਨਾ ਮਾਰਨਾ।

**ਬ੍ਰਹਮਚਰਯ**: ਮਨ, ਇੰਦਰੇ ਤੇ ਸਰੀਰ ਦੁਆਰਾ ਹੋਣ ਵਾਲੇ ਕਾਮ-ਵਾਸ਼ਨਾ ਵਿਕਾਰ ਦਾ ਸਰਵਥਾ ਅਭਾਵ ਕਰਨਾ।

**ਅਪਰ-ਗ੍ਰਹਿ**: ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕ ਕਿਸੇ ਵੀ ਭੋਗ ਸਾਮੱਗਰੀ ਦਾ ਸੰਗ੍ਰਹਿ ਨਾ ਕਰਨਾ।

SIKHBOOKCLUB.COM

## 2. ਨਿਯਮ

ਪਵਿੱਤਰਤਾ, ਸੰਤੋਖ, ਤਪ, ਸ੍ਵਧਯਾਏ, ਈਸ਼ਵਰ ਪ੍ਰਨਿਧਾਨ, ਇਹ ਪੰਜ ਨਿਯਮ ਕਹਾਉਂਦੇ ਹਨ।

**ਪਵਿੱਤਰਤਾ**: ਇਹ ਦੋ ਤਰ੍ਹਾਂ ਦੀ ਹੈ—ਇਕ ਬਾਹਰਲੀ (ਸਰੀਰਕ) ਦੂਜੀ ਅੰਦਰਲੀ (ਅੰਤਹਕਰਨ ਦੀ)। ਪਾਣੀ, ਮਿੱਟੀ, ਸਾਬਣ ਆਦਿ ਨਾਲ ਸਰੀਰਕ ਸਫ਼ਾਈ। ਵਰਤੋਂ ਵਿਚ ਆਉਣ ਵਾਲੀਆਂ ਵਸਤਾਂ, ਬਰਤਨ ਤੇ ਬਸਤਰਾਂ ਸਮੇਤ ਸਫ਼ਾਈ ਰੱਖਣਾ।

**ਅੰਦਰਲੀ ਪਵਿੱਤਰਤਾ**: ਹੰਗਤਾ, ਮਮਤਾ, ਰਾਗ, ਦ੍ਵੈਸ਼, ਈਰਖਾ, ਭੈਅ, ਕਾਮ, ਕਰੋਧ ਆਦਿ ਪੰਜਾਂ ਵਿਕਾਰਾਂ ਸਹਿਤ ਅੰਦਰਲੇ ਦੁਰਗੁਣਾਂ ਤੋਂ ਅੰਤਹਕਰਨ ਨੂੰ ਸਾਫ਼ ਰੱਖਣਾ।

**ਸੰਤੋਖ**: ਦੁੱਖ-ਸੁਖ, ਲਾਭ-ਹਾਨੀ, ਯਸ਼-ਅਪਯਸ਼, ਸਿਧੀ-ਅਸਿਧੀ, ਅਨੁਕੂਲਤਾ- ਪ੍ਰਤੀਕੂਲਤਾ ਆਦਿ ਦੇ ਪ੍ਰਾਪਤ ਹੋਣ 'ਤੇ ਵੀ ਸਦਾ ਸੰਤੁਸ਼ਟ ਤੇ ਪ੍ਰਸੰਨ-ਚਿੱਤ ਰਹਿਣ ਦਾ ਨਾਂ ਸੰਤੋਖ ਹੈ।

**ਤਪ :** ਮਨ ਤੇ ਇੰਦਰਿਆਂ ਦਾ ਸੰਜਮ ਵਰਤ ਆਦਿ ਰੱਖਣੇ ਤਪ ਹੈ। ਤਪਾਂ ਸਿਰ ਤਪ ਸੱਚ ਬੋਲਣਾ ਹੈ।

**ਸ੍ਵੈਯਧਯਾਇ :** ਪਰਮਾਰਥ ਸੰਬੰਧੀ ਸ਼ਾਸਤਰਾਂ ਦਾ ਪਠਨ-ਪਾਠਨ ਇਸ਼ਟ ਦੇਵ ਦਾ ਨਾਮ ਸਿਮਰਨ ਸ੍ਵੈਯਧਯਾਇ ਹੈ।

**ਈਸ਼ਵਰ ਪ੍ਰਾਣਿਧਾਨ :** ਮਨ, ਬਚ, ਕਰਮ ਕਰਕੇ ਈਸ਼ਵਰ ਅਨੁਕੂਲ ਚੇਸ਼ਟਾ ਕਰਨੀ, ਈਸ਼ਵਰ ਪ੍ਰਾਇਣ ਹੋਣਾ ਈਸ਼ਵਰ ਪ੍ਰਾਣਿਧਾਨ ਕਹਾਉਂਦਾ ਹੈ।

### 3. ਆਸਣ

ਬੈਠਣ ਦੇ ਢੰਗਾਂ ਦਾ ਨਾਂ ਆਸਣ ਹੈ। ਇਹਨਾਂ ਵਿਚੋਂ 84 ਆਸਣ ਪ੍ਰਸਿੱਧ ਹਨ। ਪਦਮ ਆਸਣ ਸਹਿਤ 33 ਮੰਗਲਮਈ ਹਨ, 51 ਆਸਣ ਕਸ਼ਟ ਸਹਾਰ ਕੇ ਲਾਏ ਜਾਂਦੇ ਹਨ। ਪਦਮ, ਸਿੱਧ ਗੋਰਖ ਬੀਰ, ਗੋਮੁਖਾ, ਸਿੰਘ, ਬਜ੍ਰ, ਧਨੁਰਾ, ਸਵਿਸਤਕਾ, ਗੁਪਤਾ ਆਸ ਅੱਠ ਆਸਣ ਜੋਗੀ ਆਮ ਕਰਦੇ ਹਨ। ਇਹਨਾਂ ਦੇ ਕਰਨ ਨਾਲ ਸਰੀਰ ਦੇ ਹਰ ਅੰਗ ਦੀ ਵਰਜਿਸ਼ ਹੁੰਦੀ ਹੈ ਜਿਸ ਦੇ ਫ਼ਲਸਰੂਪ ਸਰੀਰ ਸਵਸਥ ਤੇ ਮਨ ਸਥਿਰ ਹੁੰਦਾ ਹੈ।

SIKHBOOKCLUB.COM

### 4. ਪ੍ਰਾਣਾਯਾਮ

ਸ੍ਵਾਸਾਂ ਨੂੰ ਰੋਕਣ ਦੀ ਕਿਰਿਆ ਦਾ ਨਾਂ ਪ੍ਰਾਣਾਯਾਮ ਹੈ। ਇਸ ਨਾਲ ਮਨ ਇਕਾਗਰ ਹੁੰਦਾ ਹੈ।

## ਹਠ-ਜੋਗ ਵਿਚ ਪ੍ਰਾਣਾਂ ਦਾ ਮਹੱਤਵ

**ਕਤਮ ਏਕੋ ਦੇਵ ਇਤਿ, ਪ੍ਰਾਣ ਇਤਿ,**
**ਸਬਹਮਤ ਦਿਤਯਾ ਚਖਯਤੇ ॥** *(ਬ. ਉਪਨਿਸ਼ਦ)*

ਅਰਥਾਤ ਉਹ ਦੇਵਤਾ ਕਿਹੜਾ ਹੈ ? ਉਹ ਪ੍ਰਾਣ ਹੈ, ਉਸ ਨੂੰ ਬ੍ਰਹਮ ਕਿਹਾ ਜਾਂਦਾ ਹੈ। ਖਯਰ ਤੇ ਅਖਯਰ ਬ੍ਰਹਮ; ਪ੍ਰਾਣ ਦਾ ਹੀ ਵਿਸਤਾਰ ਹੈ। ਪ੍ਰਾਣ ਹੀ ਪਰਜਾ ਪਤਿ ਰੂਪ ਨਾਲ ਸਾਰਿਆਂ ਦੇ ਹਿਰਦੇ ਵਿਚ ਬੈਠਾ ਹੋਇਆ ਪ੍ਰਗਟ ਹੋ ਰਿਹਾ ਹੈ :

**ਪ੍ਰਾਣ ਸਯੰਦੰ ਵਸ਼ੇ ਸ੍ਵਾ, ਤ੍ਰਿਦੇਵੇ ਯਤ ਪ੍ਰਤਿਸਿਮ ॥**
**ਮਾਤੇਵ ਪੁਤਾਨੁ ਰਖਯਸ੍ਵ ਸ੍ਰੀ ਸਚ ਪ੍ਰਗਯਾਂ ਚ ਵਿਧੇਹਿ ਨ ਇਤਿ ॥**

ਅਰਥਾਤ ਇਹ ਸਭ ਪ੍ਰਾਣਾਂ ਦੇ ਵੱਸ ਵਿਚ ਹਨ ਅਤੇ ਜੋ ਕੁਝ ਸਵਰਗ ਵਿਚ ਹੈ, ਹੇ ਪ੍ਰਾਣ! ਤੇਰੇ ਵੱਸ ਵਿਚ ਹੈ, ਹੇ ਪ੍ਰਾਣ! ਮਾਤਾ ਦੇ ਸਮਾਨ ਪੁੱਤਰ ਦਾ ਪਾਲਨ ਕਰ, ਲੱਛਮੀ, ਸਰਸਵਤੀ ਅਤੇ ਪ੍ਰਗਯਾ ਸਾਨੂੰ ਦੇ।

ਜੋਗ ਸਾਧਨ ਦਾ ਕ੍ਰਮ ਪ੍ਰਾਣਾਯਾਮ, ਪ੍ਰਤਯਾਹਾਰ ਧਾਰਨਾ, ਧਯਾਨ ਤੇ ਸਮਾਧੀ ਹੈ। 12 ਪ੍ਰਾਣਾਯਾਮ ਦਾ ਇਕ ਪ੍ਰਤਯਾਹਾਰ ਹੁੰਦਾ ਹੈ।

12×12=144 ਪ੍ਰਾਣਾਯਾਮ ਦੀ ਇਕ ਧਾਰਨਾ ਹੁੰਦੀ ਹੈ।

12×12×12=1728 ਪ੍ਰਾਣਾਯਾਮ ਦਾ ਇਕ ਧਯਾਨ ਹੁੰਦਾ ਹੈ।

12×12×12×12=20736 ਪ੍ਰਾਣਾਯਾਮ ਦੀ ਇਕ ਸਮਾਧੀ ਹੁੰਦੀ ਹੈ।

## ਪੰਜ ਪ੍ਰਾਣ

1. **ਪ੍ਰਾਣ :** ਹਿਰਦੇ ਵਿਚ ਰਹਿੰਦਾ ਹੈ। 24 ਘੰਟਿਆਂ ਵਿਚ 21600 ਵਾਰ ਬਾਹਰ ਆਉਂਦਾ ਹੈ।

2. **ਅਪਾਨ :** ਪਿਸ਼ਾਬ ਆਦਿ ਮੈਲਾ ਬਾਹਰ ਕੱਢਦਾ ਹੈ।

3. **ਸਮਾਨ :** ਖ਼ੁਰਾਕ ਦੇ ਰਸ ਨੂੰ ਅੰਗ ਪ੍ਰਤੀ ਅੰਗ ਵਿਚ ਪੁਚਾਉਂਦਾ ਹੈ।

4. **ਅਵਦਾਨ :** ਗਲੇ ਵਿਚ ਰਹਿ ਕੇ ਹਵਾ ਤੇ ਪਾਣੀ ਨਿਖੇੜਦਾ ਹੈ ਤੇ ਤਾਕਤ ਬਣਾਉਂਦਾ ਹੈ।

5. **ਵਯਾਨ :** ਸਾਰੇ ਸਰੀਰ ਵਿਚ ਰਹਿ ਕੇ ਇੱਛਾ ਸ਼ਕਤੀ ਨੂੰ ਪ੍ਰੇਰਦਾ ਹੈ।

## 5. ਪ੍ਰਤਯਾਹਾਰ

ਸਾਰੀਆਂ ਇੰਦਰੀਆਂ ਨੂੰ ਇਧਰ-ਉਧਰ ਦੌੜਨ ਤੋਂ ਰੋਕਣਾ ਮਨ ਦੀ ਸਥਿਰਤਾ ਲਈ ਜ਼ਰੂਰੀ ਹੈ। ਇਸ ਕਿਰਿਆ ਨੂੰ ਪ੍ਰਤਯਾਹਾਰ ਕਹਿੰਦੇ ਹਨ।

## 6. ਧਾਰਨਾ

ਉਂਗਲੀ 'ਇੜੀ' ਤੋਂ ਲੈ ਕੇ 'ਸਹੰਸਰ ਪਦਮ' ਦੇ ਹੇਠ ਰਹੇ ਹੋਏ 'ਦ੍ਵਾਦਸ ਕਮਲ ਦਲ' ਸਭ ਸੋਲ੍ਹਾਂ ਸਥਾਨਾਂ ਵਿਚ ਪ੍ਰਾਣ ਵਾਯੂ ਧਾਰਨ ਕਰਨਾ। ਇਹ ਦੋ ਤਰ੍ਹਾਂ ਹੈ—ਮੂਰਤੀ ਇਸ਼ਟ ਦੇਵ ਦੀ ਤੇ ਅਮੂਰਤੀ ਨਿਰਆਕਾਰ ਵਿਚ ਮਨ ਲਾਉਣਾ ਹੈ।

### 7. ਧਿਆਨ

ਇਕਾਗਰਚਿਤ ਹੋ ਕੇ ਬ੍ਰਹਮ ਦਾ ਚਿੰਤਨ ਕਰਨਾ। ਇਸ ਨਾਲ ਲਘੁਤਾ ਆਉਂਦੀ ਹੈ।

### 8. ਸਮਾਧੀ

ਜੀਵਾਤਮਾ ਤੇ ਪਰਮਾਤਮਾ ਦਾ ਇਕ ਚਿੰਤਨ, ਇਸ ਨਾਲ ਆਤਮਾ ਪ੍ਰਤੱਖ ਹੁੰਦੀ ਹੈ ਅਤੇ ਨਿਰਲੇਪਤਾ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਧਿਆਤਾ ਧਿਆਨ ਦੇ ਧੇਯ ਦਾ ਇਕ ਹੋ ਜਾਣਾ ਸਮਾਧੀ ਹੈ।

## ਹਠ-ਜੋਗ ਦੇ ਖਟ ਕਰਮ

ਪ੍ਰਾਣਾਯਾਮ ਤੋਂ ਪਹਿਲਾਂ ਜੋਗੀ ਲਈ ਖਟ ਕਰਮ ਕਰਨੇ ਸਹਾਇਕ ਹਨ। ਇਹ ਖਟ ਕਰਮ ਇਹ ਹੈ।

SIKHBOOKCLUB.COM

1. ਨੇਤੀ, 2. ਧੋਤੀ, 3. ਨਿਉਲੀ, 4. ਬਸਤੀ, 5. ਗਜ ਕਰਮ, 6. ਤ੍ਰਾਟਕਾ।

### ਨੇਤੀ

ਦੋ ਤਰ੍ਹਾਂ ਨਾਲ ਨੇਤੀ ਕਰਮ ਹੁੰਦਾ ਹੈ। ਇਕ ਪਾਣੀ ਨਾਲ ਤੇ ਦੂਜਾ ਸੂਤਰ ਨਾਲ। ਪਹਿਲਾਂ ਜਲ ਦੀ ਨੇਤੀ ਕਰਨੀ ਚਾਹੀਦੀ ਹੈ।

(ੳ) ਜਲ ਨੇਤੀ : ਸਵੇਰੇ ਵੇਲੇ ਸ਼ੌਚ-ਸਫ਼ਾਈ ਉਪਰੰਤ ਜਿਹੜੀ ਨਾਸ ਵਿਚੋਂ ਸੁਰ ਨਿਕਲਦੀ ਹੋਵੇ, ਚੂਲੀ ਵਿਚ ਪਾਣੀ ਲੈ ਕੇ ਸੁਆਸ ਨਾਲ ਅੰਦਰ ਖਿੱਚੋ ਅਤੇ ਦੂਜੀ ਨਾਸ ਬੰਦ ਕਰੀ ਰੱਖੋ। ਇਸ ਪਾਣੀ ਨਾਲ ਸਿਰ ਦੇ ਪਿਛਲੇ ਹਿੱਸੇ ਵਿਚ ਮੱਥੇ ਵਿਚ ਗੁਦ-ਗੁਦਾਹਟ ਜਾਂ ਸੁਨਸੁਨਾਹਟ ਹੋਵੇਗੀ। ਅਭਿਆਸ ਵਧਣ ਨਾਲ ਇਸ ਤਰ੍ਹਾਂ ਨਹੀਂ ਹੋਵੇਗਾ। ਇਹ ਪਾਣੀ ਜਿਸ ਪਾਸਿਉਂ ਖਿੱਚਿਆ ਜਾਵੇ, ਦੂਜੀ ਨਾਸ ਵਿਚੋਂ ਕੱਢਣਾ ਚਾਹੀਦਾ ਹੈ।

ਜਲ ਨੇਤੀ ਨਾਲ ਅੱਖਾਂ ਬਲਵਾਨ ਹੁੰਦੀਆਂ ਹਨ। ਪਰ ਜੇ ਅੱਖਾਂ ਦੁਖਦੀਆਂ

ਹੋਣ ਜਾਂ ਬੁਖ਼ਾਰ ਹੋਵੇ ਤਾਂ ਜਲ ਨੇਤੀ ਨਹੀਂ ਕਰਨੀ ਚਾਹੀਦੀ। ਕਈ ਨਾਸਾਂ ਦੇ ਰਾਹੀਂ ਪਾਣੀ ਪੀ ਕੇ ਪੇਟ ਵਿਚ ਲੈ ਜਾਂਦੇ ਹਨ। ਇਹ ਕਿਰਿਆ ਚੰਗੀ ਨਹੀਂ। ਕਈ ਵਾਰ ਨੱਕ ਵਿਚੋਂ ਬੀਮਾਰੀਆਂ ਦੇ ਕਿਰਮ ਪੇਟ ਵਿਚ ਚਲੇ ਜਾਂਦੇ ਹਨ ਤੇ ਅੰਤੜੀਆਂ ਵਿਚ ਜਾ ਕੇ ਮਨੁੱਖ ਨੂੰ ਬੀਮਾਰ ਕਰ ਦੇਂਦੇ ਹਨ।

**(ਅ) ਸੂਤਰ ਨੇਤੀ :** ਜਲ ਨੇਤੀ ਤੋਂ ਪਿੱਛੋਂ ਸੂਤਰ ਨੇਤੀ ਕਰਨੀ ਉਚਿਤ ਹੈ। ਸੂਤਰ ਦੀਆਂ ਦਸ-ਪੰਦਰਾਂ ਤਾਰਾਂ ਦੀ ਇਕ ਹੱਥ ਲੰਬੀ, ਬਿਨਾਂ ਵੱਟੇ ਡੋਰ ਬਣਾ ਲਵੋ। ਇਕ ਪਾਸਿਉਂ 6-7 ਇੰਚ ਵੱਟ ਕੇ ਗਾਂ ਦੀ ਪੂਛ ਵਰਗਾ ਬਰੀਕ ਕਰਕੇ ਮੋਮ ਨਾਲ ਚਿਕਨਾ ਕਰ ਕੇ ਭਿਉਂ ਲਉ। ਇਸ ਨੂੰ ਜਿਹੜੀ ਸੁਰ ਚੱਲਦੀ ਹੋਵੇ, ਨਾਸ ਵਿਚ ਪਾ ਲਉ ਤੇ ਦੂਜੀ ਨਾਸ ਬੰਦ ਕਰ ਲਵੋ ਤੇ ਪੂਰਕ ਕਰੋ। ਇਸ ਤਰ੍ਹਾਂ ਕਰਨ ਨਾਲ ਧਾਗਾ ਗਲੇ ਵਿਚ ਆ ਜਾਵੇਗਾ। ਮੂੰਹ ਵਿਚ ਹੱਥ ਪਾ ਕੇ ਹੌਲੀ-ਹੌਲੀ ਧਾਗਾ ਬਾਹਰ ਖਿੱਚੋ। ਫੇਰ ਸਾਫ਼ ਕਰ ਕੇ ਇਹੀ ਕਿਰਿਆ ਦੂਜੀ ਨਾਸ ਰਾਹੀਂ ਧਾਗਾ ਲੰਘਾ ਕੇ ਕਰੋ। ਇਸ ਤਰ੍ਹਾਂ ਕਫ਼ ਧਾਗੇ ਨਾਲ ਲੱਗ ਕੇ ਬਾਹਰ ਆ ਜਾਵੇਗੀ। ਸੂਤਰ ਨੇਤੀ ਤੀਜੇ ਦਿਨ ਕਰਨੀ ਚਾਹੀਦੀ ਹੈ। ਜਲ ਨੇਤੀ ਨਿੱਤ ਕਰੋ।

**ਲਾਭ :** ਨੇਤੀ ਸਿਰ ਨੂੰ ਸ਼ੁੱਧ ਕਰਦੀ ਹੈ। ਦਿੱਬ-ਦ੍ਰਿਸ਼ਟੀ ਦੇਂਦੀ ਹੈ। ਬਾਹਾਂ, ਮੋਢੇ, ਸਿਰ ਦੇ ਜੋੜ ਉਪਰ ਦੇ ਸਾਰੇ ਰੋਗਾਂ ਨੂੰ ਨੇਤੀ ਨਸ਼ਟ ਕਰਦੀ ਹੈ। ਪਿੱਤ ਦੇ ਵਧੇ ਹੋਣ 'ਤੇ ਜਲ ਨੇਤੀ ਕਰਨੀ ਚਾਹੀਦੀ ਹੈ। ਪਾਂਡੂ ਰੋਗ, ਅੱਖਾਂ ਦੀ ਲਾਲੀ, ਮੱਥੇ ਵਿਚ ਦਰਦ ਹੋਣ ਉੱਤੇ ਨੇਤੀ ਨਹੀਂ ਕਰਨੀ ਚਾਹੀਦੀ।

SIKHBOOKCLUB.COM

## ਧੋਤੀ

ਚਾਰ ਉਂਗਲ ਚੌੜਾ ਤੇ ਪੰਦਰਾਂ ਹੱਥ ਲੰਬਾ ਮਲਮਲ ਦਾ ਕੱਪੜਾ ਲੈ ਕੇ ਗਰਮ ਪਾਣੀ ਵਿਚ ਥੋੜ੍ਹਾ ਜਿਹਾ ਭਿਉਂ ਕੇ ਨਿਚੋੜ ਲਵੋ। ਫੇਰ ਮੂੰਹ ਵਿਚ ਉਂਗਲੀ ਪਾ ਨਿਗਲੀ ਜਾਉ। ਜੇ ਰੁਕੇ ਤਾਂ ਘੁੱਟ ਕੁ ਪਾਣੀ ਪੀ ਲਉ। ਹੌਲੀ-ਹੌਲੀ ਬਾਹਰ ਕੱਢੋ। ਪੇਟ ਵਿਚ ਕਫ਼ ਤੇ ਹੋਰ ਗੰਦੇ ਮਾਦੇ ਧੋਤੀ ਰਾਹੀਂ ਬਾਹਰ ਨਿਕਲਦੇ ਹਨ। ਇਹ ਬਸੰਤ ਜਾਂ ਗਰਮੀ ਦੇ ਦਿਨਾਂ ਵਿਚ ਕਰਨੀ ਉਚਿਤ ਹੈ। ਧੋਤੀ ਕਰਵਾਉਣ ਵਾਲਾ ਆਚਾਰੀਆ ਪਾਸ ਹੋਣਾ ਜ਼ਰੂਰੀ ਹੈ। ਇਸ ਨਾਲ ਪੇਟ ਦੇ ਰੋਗ ਵਾਤ, ਪਿੱਤ, ਕਫ਼ ਸਮਾਨ ਹੋ ਕੇ ਸਰੀਰ ਤੰਦਰੁਸਤ ਹੁੰਦਾ ਹੈ।

ਗਲਾ ਖ਼ਰਾਬ ਹੋਵੇ, ਦਸਤ ਲੱਗੇ ਹੋਣ ਜਾਂ ਖ਼ੂਨ ਨਿਕਲਦਾ ਹੋਵੇ ਤਾਂ ਇਹ ਨਹੀਂ ਕਰਨੀ ਚਾਹੀਦੀ। ਧੋਤੀ ਵਧੇਰੇ ਕਰਨ ਨਾਲ ਰੋਟੀ ਨੂੰ ਹਜ਼ਮ ਕਰਨ ਵਾਲੇ ਮਾਦੇ ਬਾਹਰ ਨਿਕਲ ਜਾਂਦੇ ਹਨ ਤੇ ਅਪਚੀ ਰੋਗ ਹੋ ਸਕਦਾ ਹੈ।

## ਨਿਉਲੀ ਕਰਮ

ਹਠ-ਜੋਗ ਪ੍ਰਦੀਪਕਾ ਵਿਚ ਲਿਖਿਆ ਹੈ ਕਿ ਮੋਢਿਆਂ ਨੂੰ ਨਿਵਾ ਕੇ ਬੜੀ ਛੇਤੀ ਨਾਲ ਜਲ ਭਰਮਰ ਦੇ ਵਾਂਗ ਆਪਣੀ ਤੋਂਦ (ਪੇਟ) ਨੂੰ ਦੱਖਣ ਵਾਮ ਮਾਰਗ ਨੂੰ ਭੁਆਉਣ ਨੂੰ ਸਿੱਧ ਨਿਉਲੀ ਕਰਮ ਕਹਿੰਦੇ ਹਨ।

ਇਹ ਸ਼ੌਚ ਆਦਿ ਕਰਮ ਤੋਂ ਫਾਰਗ ਹੋ ਕੇ, ਪਦਮ ਆਸਣ ਲਾ ਕੇ ਸੁਾਸਾਂ ਨੂੰ ਬਾਹਰ ਖਿੱਚ ਕੇ ਰੋਕੋ, ਫਿਰ ਬਿਨਾਂ ਸਰੀਰ ਹਿਲਾਏ ਕੇਵਲ ਮਨੋਬਲ ਨਾਲ ਪੇਟ ਨੂੰ ਸੱਜੇ ਪਾਸਿਉਂ ਖੱਬੇ ਤੇ ਖੱਬੇ ਪਾਸਿਉਂ ਸੱਜੇ ਨੂੰ ਹਿਲਾਉ। ਇਹ ਕਰਮ ਸੰਧਿਆ ਸਵੇਰੇ ਨਿਤਾ-ਪ੍ਰਤੀ ਕਰਨ ਨਾਲ ਪੇਟ ਦਾ ਮੋਟਾਪਨ ਨਹੀਂ ਰਹਿੰਦਾ। ਇਹ ਕਰਮ ਓਨਾ ਚਿਰ ਕਰੋ ਜਦ ਤਕ ਪਸੀਨਾ ਨਾ ਆ ਜਾਵੇ। ਇਕ ਵੇਰ ਨਿਉਲੀ ਚੱਲ ਜਾਣ ਨਾਲ ਫੇਰ ਜਦੋਂ ਚਾਹੋ ਆਪੇ ਚੱਲ ਜਾਂਦੀ ਹੈ। ਪਹਿਲੋਂ-ਪਹਿਲ ਨਿਉਲੀ ਚੱਲਣ ਸਮੇਂ ਦਸਤ ਆਉਂਦੇ ਹਨ। ਪੇਚਸ਼ ਸੰਗ੍ਰਹਿਣੀ ਵਾਲੇ ਨੂੰ ਇਹ ਨਹੀਂ ਕਰਨੀ ਚਾਹੀਦੀ। ਨਿਉਲੀ ਪ੍ਰਾਣਾਯਾਮ ਦੀ ਪੌੜੀ ਹੈ। ਇਹ ਹਠ-ਜੋਗ ਦੇ ਸਾਰੇ ਕਰਮਾਂ ਨਾਲੋਂ ਉੱਤਮ ਕਰਮ ਮੰਨਿਆ ਜਾਂਦਾ ਹੈ। ਇਸ ਦੇ ਚੱਲਣ ਨਾਲ ਤਿੰਨੇ ਬੋਧ ਹੋ ਜਾਂਦੇ ਹਨ। ਬਸਤੀ ਤੇ ਧੋਤੀ ਕਰਮ ਵਿਚ ਵੀ ਨਿਉਲੀ ਕਰਮ ਦੀ ਲੋੜ ਰਹਿੰਦੀ ਹੈ। ਇਸ ਦੇ ਕਰਨ ਨਾਲ ਪੇਟ ਦੇ ਸਾਰੇ ਰੋਗ, ਵਾਤ, ਪਿਤ, ਕਫ਼ ਦੀ ਸਮਾਨਤਾ ਕਾਰਨ ਦੂਰ ਹੋ ਜਾਂਦੇ ਹਨ, ਦੇਹ ਅਰੋਗ ਹੋ ਜਾਂਦੀ ਹੈ।

## ਵਸਤੀ

ਵਰਤੀ ਕਰਮ ਦੋ ਤਰ੍ਹਾਂ ਦਾ ਹੈ—ਇਕ ਪਵਨ ਵਸਤੀ ਤੇ ਦੂਜਾ ਜਲ ਵਸਤੀ। ਨਿਉਲੀ ਕਰਮ ਨਾਲ ਅਪਾਨ ਵਾਯੂ ਨੂੰ ਉਪਰ ਖਿੱਚ ਕੇ ਫਿਰ 'ਮਿਊਰ ਆਸਣ' ਨਾਲ ਬਾਹਰ ਕੱਢਣ ਨੂੰ ਵਸਤੀ ਕਰਮ ਕਹਿੰਦੇ ਹਨ। ਪਵਨ ਵਸਤੀ ਚੰਗੀ ਤਰ੍ਹਾਂ ਕਰ ਲੈਣ ਨਾਲ ਜਲ ਵਸਤੀ ਕਰਨੀ ਸੌਖੀ ਹੈ ਕਿਉਂ ਜੋ ਪਾਣੀ ਨੂੰ ਹਵਾ ਨਾਲ ਹੀ ਖਿੱਚਿਆ ਜਾ ਸਕਦਾ ਹੈ। ਜਦ ਪਾਣੀ ਨਾਲ ਭਰੇ ਹੋਏ ਪੇਟ ਵਿਚ ਨਿਉਲੀ ਹੋ ਜਾਏ, ਤਦ ਨਿਉਲੀ ਨਾਲ ਪਾਣੀ ਉਪਰ ਖਿੱਚਿਆ ਜਾਏਗਾ।

ਛੇ ਉਂਗਲ ਬਾਂਸ ਦੀ ਲੱਕੜੀ ਲੈਣੀ ਚਾਹੀਦੀ ਹੈ, ਜਿਸ ਦੇ ਵਿਚ ਛੋਟੀ ਉਂਗਲ ਜਿੰਨਾ ਸੁਰਾਖ਼ ਹੋਵੇ। ਇਸ ਨੂੰ ਘਿਉ ਨਾਲ ਨਰਮ ਕਰ ਕੇ ਚਾਰ ਉਂਗਲ ਗੁੱਦਾ ਵਿਚ ਲੈ ਜਾਉ, ਦੋ ਉਂਗਲ ਬਾਹਰ ਰੱਖੋ। ਫਿਰ ਧੁੰਨੀ ਤਕ ਆਏ ਪਾਣੀ ਵਾਲੇ ਟੱਬ ਵਿਚ ਉਤਕੁਟਾਸਨ ਨਾਲ ਬੈਠੋ ਅਰਥਾਤ ਦੋਹਾਂ ਪੈਰਾਂ ਦੀਆਂ ਅੱਡੀਆਂ

ਨੂੰ ਖੜਾ ਕਰ ਕੇ ਮਿਲਾਉ। ਉਸ ਉੱਤੇ ਆਪਣੇ ਚਿੱਤੜਾਂ ਨੂੰ ਰੱਖੋ ਤੇ ਪੈਰਾਂ ਦੇ ਅਗਲੇ ਹਿੱਸੇ (ਪੱਬਾਂ ਦੇ ਭਾਰ) 'ਤੇ ਬੈਠੋ ਤੇ ਆਧਾਰ ਕੁੰਚਨ ਕਰੋ। ਇਸ ਤਰ੍ਹਾਂ ਪਾਣੀ ਆਪਣੇ ਆਪ ਉਪਰ ਚੜ੍ਹਨ ਲੱਗੇਗਾ। ਫਿਰ ਨਿਉਲੀ ਕਰਮ ਕਰ ਕੇ ਅੰਦਰ ਗਏ ਪਾਣੀ ਨੂੰ ਬਾਹਰ ਕੱਢ ਦਿਉ। ਇਸ ਕਰਮ ਨਾਲ ਪੇਟ ਵਿਚੋਂ ਮਲ ਤੇ ਕਿਰਮ ਆਦਿ ਚੀਜ਼ਾਂ ਬਾਹਰ ਨਿਕਲ ਆਉਣਗੀਆਂ। ਇਹ ਕਰਮ ਪ੍ਰਸ਼ਾਦ ਛਕਣ ਤੋਂ ਪਹਿਲਾਂ ਹੀ ਕਰਨੇ ਚਾਹੀਦੇ ਹਨ, ਪਿੱਛੋਂ ਖਿਚੜੀ ਆਦਿ ਹਲਕੀ ਗ਼ਿਜ਼ਾ ਖਾਣੀ ਚਾਹੀਦੀ ਹੈ। ਵਸਤੀ ਕਰਮ ਨਾਲ ਜੇ ਪਾਣੀ ਵੱਡੀ ਨਾੜੀ ਵਿਚ ਰਹਿ ਗਿਆ ਹੋਵੇਗਾ ਤਾਂ ਉਹ ਪੇਸ਼ਾਬ ਕਰਨ ਨਾਲ ਨਿਕਲ ਜਾਵੇਗਾ। ਬਾਂਸ ਦੇ ਸਿਰੇ 'ਤੇ ਬਰੀਕ ਕੱਪੜਾ ਲਿਪਟਿਆ ਹੋਵੇ ਤਾਂ ਬੇਹਤਰ ਹੈ। ਪਾਣੀ ਬਹੁਤਾ ਠੰਡਾ ਜਾਂ ਬਹੁਤਾ ਗਰਮ ਨਹੀਂ ਹੋਣਾ ਚਾਹੀਦਾ, ਕੋਸਾ ਨਿੱਘਾ ਹੋਵੇ।

**ਲਾਭ:** ਇਹ ਕਰਮ ਸਾਧਕ ਦੀਆਂ ਸਭ ਧਾਤੂ, ਦਸ ਇੰਦਰੀਆਂ ਤੇ ਅੰਤਹਕਰਨ ਨੂੰ ਪ੍ਰਸੰਨ ਕਰਦਾ ਹੈ। ਵਾਤ, ਪਿੱਤ, ਕਫ਼ ਨੂੰ ਸਮਾਨ ਕਰ ਕੇ ਸਰੀਰ ਸਵਸਥ ਕਰਦਾ ਹੈ।

## ਗਜ ਕਰਮ

SIKHBOOKCLUB.COM

ਗਜ ਨਾਮ ਹਾਥੀ, ਕਰਮ ਭਾਵ ਕੰਮ ਅਰਥਾਤ ਹਾਥੀ ਵਾਂਗ ਨੱਕ ਰਾਹੀਂ ਪਾਣੀ ਪੀਣਾ ਗਜ ਕਰਮ ਹੈ।

## ਤ੍ਰਾਟਕ ਕਰਮ

ਇਕਾਗਰ-ਚਿੱਤ ਹੋਇਆ ਮਨੁੱਖ ਨਿਸ਼ਚਲ ਦ੍ਰਿਸ਼ਟੀ ਨਾਲ ਸੂਖ਼ਮ ਲਖਸ਼ ਨੂੰ ਅਰਥਾਤ ਲਘੂ ਪਦਾਰਥ ਨੂੰ ਉਦੋਂ ਤਕ ਵੇਖੇ, ਜਦ ਤਕ ਅੱਖਾਂ ਵਿਚੋਂ ਅੱਥਰੂ ਨਾ ਡਿੱਗ ਪੈਣ। ਇਸ ਨੂੰ 'ਮਤਸਯੇਂਦਰ' ਆਦਿਕ ਆਚਾਰੀਆਂ ਨੇ 'ਤ੍ਰਾਟਕ ਕਰਮ' ਕਿਹਾ ਹੈ।

'ਭਗਤਿ ਸਾਗਰ' ਵਿਚ ਲਿਖਿਆ ਹੈ—ਚਿੱਟੀ ਚਾਦਰ ਜਾਂ ਕਾਗ਼ਜ਼ ਦੇ ਇਕ ਪੱਤਰੇ ਉੱਤੇ ਸਰ੍ਹੋਂ ਦੇ ਦਾਣੇ ਬਰਾਬਰ ਕਾਲਾ ਨਿਸ਼ਾਨ ਬਣਾ ਕੇ ਉਸ 'ਤੇ ਨਜ਼ਰ ਟਿਕਾਉਂਦੇ-ਟਿਕਾਉਂਦੇ ਚਿੱਤ ਇਕਾਗਰ ਅਤੇ ਦ੍ਰਿਸ਼ਟੀ ਸ਼ਕਤੀਵਾਨ ਹੋ ਜਾਂਦੀ ਹੈ। ਮਿਸਮਰੇਜ਼ਮ ਨਾਲ ਜਿਹੜੀ ਸ਼ਕਤੀ ਆਉਂਦੀ ਹੈ, ਉਹੀ ਤ੍ਰਾਟਕਾ ਨਾਲ ਵੀ ਪ੍ਰਾਪਤ ਹੁੰਦੀ ਹੈ।

ਤ੍ਰਾਟਕ ਨੇਤਰ-ਰੋਗ ਨਾਸ਼ਕ ਹੈ। ਆਲਸ ਆਦਿ ਨੂੰ ਆਉਣ ਨਹੀਂ ਦੇਂਦਾ।

ਤ੍ਰਾਟਕ ਕਰਮ ਨੂੰ ਇੰਨਾ ਗੁਪਤ ਰੱਖਣਾ ਚਾਹੀਦਾ ਹੈ, ਜਿੰਨਾ ਕਿ ਸੋਨੇ ਦੇ ਸੰਦੂਕ ਨੂੰ।

ਤ੍ਰਾਟਕ ਕਰਨ ਵਾਲੇ ਨੂੰ ਤ੍ਰਿਫ਼ਲੇ ਦਾ ਪਾਣੀ ਜਾਂ ਗੁਲਾਬ ਦਾ ਅਰਕ, ਅੱਖਾਂ ਸਾਫ਼ ਕਰਨ ਲਈ ਵਰਤਣਾ ਚਾਹੀਦਾ ਹੈ। ਹਰ ਰੋਜ਼ ਜਲ ਨੇਤੀ ਕਰਨੀ ਚਾਹੀਦੀ ਹੈ। ਕਬਜ਼ ਵਾਲੀਆਂ ਚੀਜ਼ਾਂ ਤੇ ਗਰਮ ਚੀਜ਼ਾਂ ਖ਼ੁਰਾਕ ਵਿਚ ਨਹੀਂ ਹੋਣੀਆਂ ਚਾਹੀਦੀਆਂ। ਜਿਸ ਦਿਨ ਅੱਖਾਂ ਵਿਚ ਅੱਥਰੂ ਆ ਜਾਣ, ਉਸ ਦਿਨ ਇਹ ਕਿਰਿਆ ਨਾ ਕਰੋ। ਕੇਵਲ ਇਕ ਵਾਰ ਹੀ ਸਵੇਰੇ ਅੰਮ੍ਰਿਤ ਵੇਲੇ ਕਰੋ। ਇਸ ਦਾ ਸਮਾਂ ਰਾਤ 2 ਵਜੇ ਤੋਂ ਲੈ ਕੇ 5 ਵਜੇ ਸਵੇਰੇ ਤਕ ਹੈ।

ਸ਼ਾਂਤੀ ਦੇ ਸਮੇਂ ਚਿੱਤ ਦੀ ਇਕਾਗਰਤਾ ਸ਼ੀਘਰ ਹੁੰਦੀ ਹੈ। ਨਿਯਮ ਪੂਰਬਕ ਤ੍ਰਾਟਕ ਕਰਨ ਵਾਲੇ ਸਾਧਕ ਦੇ ਸੰਕਲਪ ਪੂਰੇ ਹੋਣ ਲੱਗ ਜਾਂਦੇ ਹਨ। ਦੂਜਿਆਂ ਦੇ ਹਿਰਦੇ ਦਾ ਭਾਵ ਮਾਲੂਮ ਹੋਣ ਲੱਗ ਪੈਂਦਾ ਹੈ।

ਨੱਕ ਵਿਚ ਕਈ ਕਿਸਮ ਦੇ ਜਰਮ ਵੀ ਹੁੰਦੇ ਹਨ, ਉਹ ਪਾਣੀ ਦੇ ਨਾਲ ਮਿਹਦੇ ਵਿਚ ਤੇ ਫਿਰ ਨਾੜੀਆਂ ਵਿਚ ਵੀ ਜਾ ਸਕਦੇ ਹਨ। ਇਸ ਲਈ ਨੱਕ ਰਾਹੀਂ ਪਾਣੀ ਪੀਣ ਦਾ ਕੰਮ ਸਿਹਤ ਲਈ ਹਾਨੀਕਾਰਕ ਵੀ ਸਿੱਧ ਹੋ ਸਕਦਾ ਹੈ। ਪਾਣੀ ਵਿਚ ਥੋੜ੍ਹਾ ਨਮਕ ਪਾਉਣਾ ਸਫ਼ਾਈ ਲਈ ਚੰਗਾ ਹੈ। ਗਲ ਵਿਚ ਉਂਗਲ ਪਾ ਕੇ ਉਲਟੀ ਕਰ ਕੇ ਸਾਰਾ ਪਾਣੀ ਬਾਹਰ ਕੱਢ ਕੇ ਮਿਹਦੇ ਦੀ ਸਫ਼ਾਈ ਹੋ ਜਾਂਦੀ ਹੈ।

# ਕੁੰਡਲਨੀ ਸ਼ਕਤੀ

ਰੀੜ੍ਹ ਦੀ ਹੱਡੀ ਦੀ ਕੰਗਰੋੜ ਤੇਤੀ (33) ਹੱਡੀਆਂ ਦੇ ਮੇਲ ਤੋਂ ਬਣੀ ਹੈ। ਇਹ ਵਿਚੋਂ ਖ਼ਾਲੀ ਹੈ, ਇਸ ਦਾ ਹੇਠਲਾ ਹਿੱਸਾ ਬਰੀਕ, ਨੋਕ ਵਾਲਾ ਤੇ ਛੋਟਾ ਹੈ। ਇਸ ਦੇ ਅੱਗੇ, ਪਿੱਛੇ ਤੇ ਲਾਗੇ ਦੇ ਹਿੱਸੇ ਨੂੰ 'ਕੰਦ-ਮੂਲ' ਕਹਿੰਦੇ ਹਨ। ਇਥੇ ਹੀ ਕੁੰਡਲਨੀ ਸ਼ਕਤੀ ਦਾ ਨਿਵਾਸ ਮੰਨਿਆ ਗਿਆ ਹੈ।

ਮਨੁੱਖੀ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ (ਨਸਾਂ) ਹਨ। ਜੋਗ ਵਿਚ ਤਿੰਨ-ਚਾਰ ਨਾੜੀਆਂ ਵਿਸ਼ੇਸ਼ ਮੰਨੀਆਂ ਗਈਆਂ ਹਨ। ਇਹ ਇੜਾ, ਪਿੰਗਲਾ ਤੇ ਸੁਖਮਨਾ ਬ੍ਰਹਮ ਨਾੜੀਆਂ ਹਨ। ਇੜਾ ਨਾੜੀ ਰੀੜ ਦੀ ਹੱਡੀ ਦੇ ਬਾਹਰਵਾਰ

ਖੱਬੇ ਪਾਸੇ ਤੇ ਪਿੰਗਲਾ ਬਾਹਰਵਾਰ ਸੱਜੇ ਪਾਸੇ ਹੈ। 'ਸੁਖਮਨਾ' ਰੀੜ ਦੀ ਹੱਡੀ ਦੇ ਅੰਦਰਵਾਰ ਹੈ। ਇਹ ਕੰਦ-ਮੂਲ ਤੋਂ ਸ਼ੁਰੂ ਹੋ ਕੇ ਸਿਰ ਵਿਚ 'ਸਹੰਸਰ ਦਲ ਕਮਲ' ਤਕ ਜਾਂਦੀ ਹੈ। ਜਿਸ ਤਰ੍ਹਾਂ ਕੇਲੇ ਦੇ ਪੱਤਰ ਵਿਚ ਪਰਤਾਂ ਹੁੰਦੀਆਂ ਹਨ, ਇਸੇ ਪ੍ਰਕਾਰ ਸੁਖਮਨਾ ਨਾੜੀ ਵਿਚ ਪਰਤਾਂ ਹਨ। ਉਹਨਾਂ ਵਿਚ ਤਰਤੀਬਵਾਰ 'ਬਜ੍ਰਾ', 'ਚਿਤ੍ਰਣੀ' ਤੇ 'ਬ੍ਰਹਮ ਨਾੜੀਆਂ' ਹਨ। ਪ੍ਰਾਣਾਯਾਮ ਦੀ ਪ੍ਰਕਿਰਿਆ ਨਾਲ ਕੁੰਡਲਨੀ ਸ਼ਕਤੀ ਜਾਗ ਕੇ ਬ੍ਰਹਮ ਨਾੜੀ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਬ੍ਰੰਮਰਿੰਧਰ ਤਕ (ਉਹ ਟਿਕਾਣਾ ਜਿਥੇ ਖੋਪਰੀ ਦੀਆਂ ਹੱਡੀਆਂ ਆਪਸ ਵਿਚ ਮਿਲਦੀਆਂ ਹਨ, ਜਿਸ ਦੇ ਉਪਰ ਚੋਟੀ ਜਾਂ ਬੋਦੀ ਰੱਖੀ ਜਾਂਦੀ ਹੈ) ਜਾਂਦੀ ਹੈ ਤੇ ਫਿਰ ਮੁੜ ਆਉਂਦੀ ਹੈ। ਬ੍ਰਹਮ ਨਾੜੀ ਵਿਚ ਵੱਖੋ-ਵੱਖ ਥਾਵਾਂ 'ਤੇ ਛੇ ਕੰਵਲ ਹਨ ਇਹਨਾਂ ਛੇ ਕੰਵਲਾਂ ਨੂੰ ਖਟ-ਚੱਕਰ ਵੀ ਕਿਹਾ ਜਾਂਦਾ ਹੈ।

1. **ਮੂਲਾਧਾਰ ਚੱਕਰ :** ਇਹ ਚੱਕਰ ਰੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ 'ਤੇ 'ਕੰਦ-ਮੂਲ' ਵਿਚ ਲੱਗਾ ਹੋਇਆ, ਗੁੱਦਾ ਅਤੇ ਲਿੰਗ ਇੰਦਰੇ ਵਿਚਕਾਰ ਹੈ। ਇਸ ਕੰਵਲ ਦੇ ਚੱਕਰ ਦਾ ਰੰਗ ਲਾਲ ਹੈ। ਇਸ ਦੀਆਂ ਚਾਰ ਪੱਤੀਆਂ ਹਨ। ਇਹਨਾਂ ਚਾਰ ਪੱਤੀਆਂ ਦੇ ਦਲਾਂ ਤੇ ਵੱ, ਸ਼ੱ, ਕਸ਼ਾ ਅਤੇ ਸ ਅੱਖਰਾਂ ਦੀ ਸਥਿਤੀ ਮੰਨੀ ਹੈ। ਇਸ ਦਾ ਯੰਤਰ ਪ੍ਰਿਥਵੀ ਤੱਤ ਦਾ ਦਯੋਤਕ ਤੇ ਚਤੁਰਕੋਨ ਹੈ। ਯੰਤਰ ਦਾ ਰੰਗ ਪੀਲਾ ਹੈ। ਬੀਜ ਲਾ ਹੈ ਤੇ ਬੀਜ ਦਾ ਵਾਹਨ ਹਾਥੀ ਹੈ। ਬੀਜ ਦੇ ਦੋ ਦੇਵ ਬ੍ਰਹਮਾ ਅਤੇ ਡਾਕਨੀ ਸ਼ਕਤੀ ਹੈ। ਇਸ ਯੰਤਰ ਦੇ ਵਿਚਕਾਰ ਸ੍ਵਭੂਲਿੰਗ ਹੈ। ਜਿਸ ਉੱਤੇ ਸੱਪ ਵਾਂਗ ਸਾਢੇ ਤਿੰਨ ਵਲ ਖਾ ਕੇ ਕੁੰਡਲਨੀ ਲਿਪਟੀ ਹੋਈ ਹੈ। ਇਸ ਨੇ ਆਪਣੀ ਪੂਛ ਨੂੰ ਆਪਣੇ ਮੂੰਹ ਵਿਚ ਲੈ ਰੱਖਿਆ ਹੈ ਤੇ ਸੁੱਤੀ ਪਈ ਹੈ। ਪ੍ਰਾਣਾਯਾਮ ਦੇ ਬਲ ਨਾਲ ਇਸ ਨੂੰ ਜਗਾਇਆ ਜਾਂਦਾ ਹੈ ਤਾਂ ਫਿਰ ਇਹ ਵਿਦਯੂਲ ਲਤਾ ਦੇ ਰੂਪ ਵਿਚ ਰੀੜ੍ਹ ਦੀ ਹੱਡੀ ਦੇ ਵਿਚ ਤੁਰਦੀ ਹੋਈ ਉਪਰ 'ਸਹੰਸਰ ਦਲ ਕੰਵਲ' ਵੱਲ ਜਾਂਦੀ ਹੈ।

2. **ਸਾਧਿਗਨ ਚੱਕਰ :** ਇਸ ਚੱਕਰ ਦੀ ਸਥਿਤੀ ਲਿੰਗ-ਸਥਾਨ ਦੇ ਸਾਹਮਣੇ ਹੈ। ਇਸ ਕੰਵਲ ਦਾ ਰੰਗ ਸੰਧੂਰੀ ਹੈ। ਪੱਤੀਆਂ ਛੇ ਹਨ। ਇਸ ਚੱਕਰ ਦਾ ਯੰਤਰ ਜਲ ਤਤ੍ਵ ਦਾ ਦਯੋਤਕ ਹੈ ਤੇ ਸ਼ਕਲ ਅੱਧੇ ਚੰਦਰਮਾ ਵਰਗੀ ਹੈ। ਇਸ ਦਾ ਰੰਗ ਚੰਦਰਮਾ ਵਾਂਗ ਸ਼ੁਭਰ ਹੈ। ਬੀਜ ਵੱ ਹੈ ਤੇ ਉਸ ਦਾ ਵਾਹਨ ਮਕਰ ਹੈ।

3. **ਮਣਿਪੁਰਕਾ ਚੱਕਰ :** ਇਹ ਧੁੰਨੀ ਦੇ ਸਾਹਮਣੇ ਰੀੜ੍ਹ ਦੀ ਹੱਡੀ ਵਿਚ ਹੈ। ਰੰਗ ਇਸ ਦਾ ਨੀਲਾ ਹੈ। ਪੱਤੀਆਂ ਦਸ ਹਨ। ਇਸ ਦਾ ਯੰਤਰ ਤ੍ਰਿਕੋਣ ਹੈ। ਇਹ ਅਗਨੀ ਤੱਤ ਦਾ ਦਯੋਤਕ ਹੈ, ਇਸ ਦਾ ਬੀਜ 'ਰ' ਹੈ।

4. ਅਨਾਹਤ ਚੱਕਰ : ਇਸ ਦਾ ਸਥਾਨ ਹਿਰਦੇ ਦੇ ਸਾਹਮਣੇ ਰੀੜ੍ਹ ਦੀ ਹੱਡੀ ਵਿਚਕਾਰ ਹੈ। ਇਸ ਦਾ ਰੰਗ ਅਰੁਣ ਹੈ ਤੇ ਪੱਤੀਆਂ 12 ਹਨ। ਚੱਕਰ ਦਾ ਯੰਤਰ ਧੂੰਏਂ ਦੇ ਰੰਗ ਦਾ ਹੈ ਤੇ ਚੱਕਰ ਵਿਚਕਾਰ ਸ਼ਕਤੀ ਤ੍ਰਿਕੋਣ ਹੈ। ਜਿਸ ਵਿਚ ਵਿਦਯੁਤ ਜਿਹਾ ਪ੍ਰਕਾਸ਼ ਪ੍ਰਾਪਤ ਹੈ।

5. ਵਿਸ਼ੁਧ ਚੱਕਰ ਇਸ ਦਾ ਸਥਾਨ ਕੰਠ ਹੈ। ਇਸ ਦਾ ਰੰਗ ਧੂੰਏਂ ਵਾਲਾ ਹੈ। ਪੱਤੀਆਂ 16 ਹਨ। ਇਸ ਦਾ ਯੰਤਰ ਪੂਰਨ ਚੰਦਰਕਾਰ ਹੈ। ਪੂਰਨ ਚੰਦਰਮਾ ਦੇ ਚਾਨਣੇ ਨਾਲ ਦਮਕ ਰਿਹਾ ਹੈ। ਚੱਕਰ ਸ਼ੂਨਯ (ਆਕਾਸ਼) ਤੱਤ ਦਾ ਦਯੋਤਕ ਹੈ।

6. ਆਗਯਾ ਚੱਕਰ ਇਹ ਦੋਹਾਂ ਭਾਵਾਂ ਦੇ ਵਿਚਕਾਰ ਬ੍ਰਹਮ ਨਾੜੀ ਦੇ ਵਿਚ ਹੈ। ਇਸ ਦਾ ਰੰਗ ਚਿੱਟਾ ਹੈ ਅਤੇ ਪੱਤੀਆਂ ਦੋ ਹਨ।

ਇਹਨਾਂ ਛੇ ਚੱਕਰਾਂ ਤੋਂ ਪਿੱਛੋਂ ਕੰਗਰੋੜ ਦੀ ਹੱਡੀ ਦੇ ਸਿਰੇ 'ਤੇ 'ਸਹੰਸਰ ਦਲ' ਵਾਲਾ 'ਸਹੰਸਰ ਚੱਕਰ' ਹੈ ਜਿਸ ਦੀਆਂ ਹਜ਼ਾਰਾਂ ਪੱਤੀਆਂ ਹਨ। ਦੇਵ ਪਰਮ ਸ਼ਿਵ ਹੈ। ਪਰਮ ਸ਼ਿਵ ਨਾਲ ਕੁੰਡਲਨੀ ਦਾ ਸੰਜੋਗ ਹੀ ਲਯ-ਜੋਗ ਦਾ ਧਯੇਯ ਹੈ।

ਭਾਵ ਇਹ ਕਿ ਪ੍ਰਿਥਵੀ, ਜਲ, ਅਗਨੀ, ਵਾਯੂ, ਆਕਾਸ਼ ਬੁੱਧੀ ਤੱਤਾਂ ਦਾ, ਤਰਤੀਬਵਾਰ ਇਕ ਦੂਜੇ ਵਿਚ ਲੀਨ ਕਰ ਕੇ ਅੰਤ ਅਦ੍ਵੈਤ ਰੂਪ ਦਾ ਅਨੁਭਵ ਕਰਨਾ ਹੈ। ਇਹੀ ਜੀਵਾਂ ਦੇ ਮੁਖੀ, ਮਨੁੱਖ ਮਾਤਰ ਦਾ ਆਦਰਸ਼ ਹੋਣਾ ਚਾਹੀਦਾ ਹੈ।

ਅੰਗਰੇਜ਼ੀ ਵਿਚ ਚੱਕਰ ਨੂੰ plaxus ਅਥਵਾ ਨਾੜੀ-ਪੁੰਜ ਕਹਿੰਦੇ ਹਨ। ਇਹ ਗੱਲ ਕੁਝ ਠੀਕ ਵੀ ਹੈ। ਇਹ ਛੇ ਚੱਕਰ ਕੰਗਰੋੜ ਦੀ ਹੱਡੀ ਦੇ ਉਹਨਾਂ ਥਾਵਾਂ 'ਤੇ ਮੰਨੇ ਗਏ ਹਨ, ਜਿਹਨਾਂ ਥਾਵਾਂ ਤੋਂ ਨਾੜੀਆਂ ਦਾ ਗੁੱਛਾ ਨਿਕਲਦਾ ਹੈ। ਨਾੜੀਆਂ ਦੇ ਇਹਨਾਂ ਗੁੱਛਿਆਂ ਦਾ ਨਾਮ ਹੀ ਕੰਵਲ ਦਲ ਹੈ।

## ਕੰਵਲ ਦਲਾਂ ਦੇ ਰੰਗ

ਨਾੜੀਆਂ ਵਿਚ ਖ਼ੂਨ ਫਿਰ ਰਿਹਾ ਹੈ। ਉਸ ਦਾ ਸਾਧਾਰਨ ਰੂਪ ਵਿਚ ਰੰਗ ਲਾਲ ਹੈ। ਪਰ ਇਸ ਲਾਲ ਰੰਗ ਉੱਤੇ ਸਰੀਰ ਦੇ ਤੱਤਾਂ ਦਾ ਪ੍ਰਭਾਵ ਪੈ ਕੇ ਜਿਸ

ਥਾਂ ਤੇ ਜਿਹੜਾ ਰੰਗ ਦਿਖਾਈ ਦਿੰਦਾ ਹੈ, ਉਸ ਦਾ ਉਹੀ ਰੰਗ ਦੱਸਿਆ ਗਿਆ ਹੈ। ਲਾਲ ਰੰਗ ਵਿਚ ਪਾਣੀ ਮਿਲ ਜਾਵੇ ਤਾਂ ਗੁਲਾਬੀ, ਜੇ ਮਿੱਟੀ ਮਿਲੀ ਹੋਵੇ ਤਾਂ ਭੂਸਲਾ ਤੇ ਪੀਲਾ, ਜੇ ਗਾੜ੍ਹਾ ਹੋ ਜਾਵੇ ਤਾਂ ਨੀਲਾ ਦਿਖਾਈ ਦਿੰਦਾ ਹੈ।

**ਕੰਵਲ ਦਲਾਂ ਉੱਤੇ ਅੱਖਰ** : ਨਾੜੀਆਂ ਉੱਤੇ ਕੋਈ ਵੀ ਅੱਖਰ ਲਿਖੇ ਹੋਏ ਨਹੀਂ। ਹਵਾ ਦਾ ਧੱਕਾ ਲੱਗਣ ਨਾਲ ਜਿਸ-ਜਿਸ ਥਾਂ 'ਤੇ ਜਿਹੜੀ-ਜਿਹੜੀ ਆਵਾਜ਼ ਨਿਕਲਦੀ ਹੈ, ਉਹੀ ਅੱਖਰ ਮੰਨ ਲਿਆ ਗਿਆ ਹੈ।

**ਚੱਕਰਾਂ ਦੇ ਯੰਤਰ** : ਚੱਕਰਾਂ ਦੀ ਸਕਲ, ਚਕੋਰ, ਤ੍ਰਿਕੋਣ, ਅਰਧ-ਚੰਦਰਮਾ, ਪੂਰਨ ਚੰਦਰਮਾ, ਲਿੰਗਾਕਾਰ, ਗੋਲਾਕਾਰ, ਇਸ ਦਾ ਭਾਵ ਨਾੜੀਆਂ ਵਾਯੂ ਦੀ ਟੱਕਰ ਨਾਲ, ਵੱਖ-ਵੱਖ ਥਾਵਾਂ 'ਤੇ ਜੋ ਸ਼ਕਲ ਧਾਰਨ ਕਰ ਲੈਂਦੀਆਂ ਹਨ, ਉਹੀ ਯੰਤਰ ਦੀ ਸ਼ਕਲ ਦੱਸੀ ਗਈ ਹੈ।

**ਯੰਤਰਾਂ ਦੇ ਤੱਤ** : ਰੋਟੀ ਖਾਣ ਪਿੱਛੋਂ ਸਰੀਰ ਦੇ ਇਹਨਾਂ ਟਿਕਾਣਿਆਂ 'ਤੇ ਜੋ ਤੱਤ ਤਿਆਰ ਹੁੰਦੇ ਹਨ, ਉਹ ਦੱਸੇ ਹਨ, ਜਿਹਨਾਂ ਕਾਰਨ ਸਰੀਰ ਬਲਵਾਨ ਤੇ ਪੁਸ਼ਟ ਹੁੰਦਾ ਹੈ।

**ਤੱਤਾਂ ਦੇ ਬੀਜ** : ਸਰੀਰ ਦੇ ਖ਼ਾਸ-ਖ਼ਾਸ ਤੱਤਾਂ ਦੇ ਸਥਾਨ 'ਤੇ ਵਾਯੂ ਦੇ ਸੰਬੰਧ ਨਾਲ ਕਈ ਤਰ੍ਹਾਂ ਦੀਆਂ ਆਵਾਜ਼ਾਂ ਉਤਪੰਨ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਕਿ ਪ੍ਰਿਥਵੀ ਤੱਤ ਦੇ ਸਥਾਨ ਤੋਂ ਜਿਥੋਂ ਮੈਲ ਨਿਕਲਦੀ ਹੈ, ਉਥੇ ਵਾਯੂ ਲੱ, ਲੱ, ਲੱ, ਲੱ ਕਰਦੀ ਪ੍ਰਤੀਤ ਹੁੰਦੀ ਹੈ। ਮੂਤਰ ਦੀ ਥਾਂ ਤੋਂ ਪਾਣੀ ਨਿਕਲਣ ਲੱਗਿਆਂ ਵੱ, ਵੱ, ਵੱ, ਵੱ ਆਵਾਜ਼ ਨਿਕਲਦੀ ਹੈ। ਅਗਨੀ ਤੱਤ ਰੋਟੀ ਪਚਾਣ ਸਮੇਂ ਰੱ, ਰੱ, ਰੱ, ਰੱ ਕਰਦਾ ਤੁਰਦਾ ਪ੍ਰਤੀਤ ਹੁੰਦਾ ਹੈ, ਹੀ ਤੱਤਾਂ ਦੇ ਬੀਜ ਮੰਨੇ ਗਏ ਹਨ।

**ਬੀਜਾਂ ਦੇ ਵਾਹਨ** : ਜਿਹਨਾਂ ਥਾਵਾਂ 'ਤੇ ਵਾਯੂ ਦੀ ਚਾਲ ਜਿਹਨਾਂ ਜਾਨਵਰਾਂ ਵਾਂਗ ਹੁੰਦੀ ਹੈ, ਉਹਨਾਂ ਅਨੁਸਾਰ ਬੀਜਾਂ ਦੇ ਵਾਹਨ ਮੰਨੇ ਗਏ ਹਨ। ਜਿਵੇਂ ਪ੍ਰਿਥਵੀ ਤੱਤ ਦੇ ਬੋਝ ਨਾਲ ਹਾਥੀ ਵਾਂਗ ਮੰਦ-ਮੰਦ, ਜਲ ਦੇ ਚੱਲਣ, ਵਾਯੂ ਮਕਰ ਵਾਂਗ, ਮੀਂਢੇ ਦੀ ਚਾਲ ਵਾਂਗ ਮੰਨੀ ਹੈ।

**ਦੇਵੀ ਦੇਵਤੇ** : 'ਖਟ ਚੱਕਰ ਨਿਰੂਪਨ' ਕਿਤਾਬ ਦੇ ਆਧਾਰ 'ਤੇ ਦਿੱਤੇ ਹਨ। ਪ੍ਰਾਚੀਨ ਗ੍ਰੰਥਾਂ ਵਿਚ ਇਹਨਾਂ ਚੱਕਰਾਂ ਦੇ ਨਾਲ ਹੋਰ ਦੇਵੀ-ਦੇਵਤੇ ਵੀ ਲਿਖੇ ਹਨ। ਇਹ ਥਾਵਾਂ ਆਪਣਾ ਇਸ਼ਟ ਮੰਨ ਕੇ ਧਿਆਨ ਦੇਣ ਲਈ ਹਨ।

# ਕੁੰਡਲਨੀ ਸ਼ਕਤੀ ਬਾਰੇ ਮਤ-ਭੇਦ

ਕੁੰਡਲਨੀ ਸ਼ਕਤੀ ਬਾਰੇ ਕੁਝ ਮਤ-ਭੇਦ ਹਨ। ਇਹ ਮਤ ਉਪਰ ਲਿਖੇ ਅਨੁਸਾਰ ਹੈ। ਦੂਜਾ ਮਤ ਕੰਦ-ਮੂਲ ਦਾ ਟਿਕਾਣਾ ਨਾਭੀ (ਧੁੰਨੀ) ਪਾਸ ਮੰਨਦਾ ਹੈ ਤੇ ਕੁੰਡਲਨੀ ਵੀ ਇਥੇ ਮੰਨਦਾ ਹੈ। ਪੱਛਮੀ ਵਿਦਵਾਨਾਂ ਦਾ ਖ਼ਿਆਲ ਹੈ ਕਿ ਕੁੰਡਲਨੀ ਦੀ ਥਾਂ ਹਿਰਦੇ ਪਾਸ ਹੈ।

**ਮੁਦਰਾਵਾਂ :** ਜੋਗੀ ਲਈ ਕੁੰਡਲਨੀ ਸ਼ਕਤੀ ਜਗਾਉਣ ਵਾਸਤੇ ਮੁਦਰਾਵਾਂ ਵੀ ਸਿੱਖੀਆਂ ਹੋਣੀਆਂ ਚਾਹੀਦੀਆਂ ਹਨ, ਜੋ ਪ੍ਰਾਣਾਯਾਮ ਤੋਂ ਉਪਰੰਤ ਕਰਨੀਆਂ ਹਨ। ਉਪਯੋਗੀ ਮੁਦਰਾਵਾਂ ਮਹਾਂ-ਮੁਦਰਾ, ਮਹਾਂ ਬੋਧ, ਮਹਾਂ ਬੰਧ, ਵਿਪਰਤੀ ਕਰਨੀ, ਤਾਰਣ ਪ੍ਰੀਧਾਨ, ਯੁਗਤੀ ਚਾਲਨ ਆਦਿਕ ਆਵੱਸ਼ਕ ਸਿੱਖਣੀਆਂ ਚਾਹੀਦੀਆਂ ਹਨ। ਇਹਨਾਂ ਤੋਂ ਪਿੱਛੋਂ ਮੂਲਾਧਾਰ ਚੱਕਰ ਦਾ ਭੇਦਨ ਕਰਨ 'ਤੇ ਕੁੰਡਲਨੀ ਸ਼ਕਤੀ ਦੇ ਉੱਪਰ ਨੂੰ ਚੱਲਣ ਦਾ ਅਨੁਭਵ ਹੋਵੇਗਾ।

**ਅਭਿਆਸ ਦਾ ਸਮਾਂ :** ਅੰਮ੍ਰਿਤ ਵੇਲੇ 4 ਵਜੇ ਉੱਠ ਕੇ ਸ਼ੌਚ ਆਦਿ ਤੋਂ ਵਿਹਲੇ ਹੋ ਕੇ ਪੰਜ ਤੋਂ ਨੌਂ ਵਜੇ ਤਕ ਪ੍ਰਾਤਾਕਾਲ ਸਮੇਂ। ਸੰਧਿਆ ਕਾਲ ਤੋਂ ਚਾਰ ਘੰਟੇ ਰਾਤ ਦਾ ਸਮਾਂ ਅਭਿਆਸੀ ਲਈ ਉਚਿਤ ਸਮਾਂ ਹੈ।

ਜੋਗ ਦੀਆਂ ਪ੍ਰਕਿਰਿਆਵਾਂ ਕਿਸੇ ਦੇ ਸਾਹਮਣੇ ਨਹੀਂ ਕਰਨੀਆਂ ਚਾਹੀਦੀਆਂ। ਇਹ ਇਕਾਂਤ ਵਿਚ ਹੋਣੀਆਂ ਚਾਹੀਦੀਆਂ ਹਨ। ਇਹਨਾਂ ਦੇ ਲਈ ਸੂਝਵਾਨ ਉਸਤਾਦ ਦੀ ਆਵੱਸ਼ ਲੋੜ ਹੈ ਵਰਨਾ ਸਿਹਤ ਵਿਗਾੜ ਤੇ ਮੌਤ ਦਾ ਵੀ ਡਰ ਹੈ।

**ਅਨਾਹਤ ਸ਼ਬਦ :** 'ਕੰਨ ਬੰਦ ਕਰ ਲੈਣ ਤੋਂ ਦਸ ਤਰ੍ਹਾਂ ਦੇ ਸ਼ਬਦ ਸੁਣਾਈ ਦਿੰਦੇ ਹਨ। ਇਹ ਸੂਖ਼ਮ ਅਕਾਸ਼ ਤਰੰਗਾਂ ਦੇ ਸ਼ਬਦ ਜਾਂ ਇਉਂ ਕਹੋ ਭੁਵਰ ਲੋਕ ਦੇ ਸ਼ਬਦ ਹਨ। ਇਹ ਸ਼ਬਦ ਭੌਤਿਕ ਹਨ, ਇਹ ਅਸਲ ਅਨਾਹਤ ਸ਼ਬਦ ਅਥਵਾ ਪਰਮ ਨਾਦ ਨਹੀਂ ਹੈ। ਇਹਨਾਂ ਸ਼ਬਦਾਂ ਦੇ ਸੁਣਨ ਨਾਲ ਕਿਸੇ ਆਦਮੀ ਦੇ ਦਿਮਾਗ਼ ਵਿਚ ਗਰਮੀ ਆ ਜਾਂਦੀ ਹੈ ਤੇ ਕਿਸੇ-ਕਿਸੇ ਦਾ ਆਪਣੇ ਉੱਤੋਂ ਪ੍ਰਭੂਤ੍ਵ ਜਾਂਦਾ ਰਹਿੰਦਾ ਹੈ ਤੇ ਉਹ ਭੁਵਰ ਲੋਕ ਦੇ ਮਾਇਆ ਜਾਲ ਵਿਚ ਫਸ ਜਾਂਦਾ ਹੈ।

ਅਨਹਦ ਕੰਨਾਂ ਦੀ ਘੂੰ-ਘੂੰ ਨਹੀਂ ਹੈ। ਜਿਸ ਵੇਲੇ 'ਇੜਾ' ਤੇ 'ਪਿੰਗਲਾ' ਨਾੜੀਆਂ ਸਿੱਧ ਹੋ ਜਾਣ, ਉਸ ਵੇਲੇ ਸੁਖਮਨਾ ਨਾੜੀ ਖੁੱਲ੍ਹਦੀ ਹੈ। ਉਸ ਦੇ ਵਿਚ ਜਿਸ ਵੇਲੇ ਪ੍ਰਾਣ ਵਾਯੂ ਪ੍ਰਵੇਸ਼ ਕਰਦੀ ਹੈ ਤਾਂ ਅਨਹਦ ਨਾਦ ਸੁਣਾਈ ਦੇਣ ਲੱਗਦਾ ਹੈ। (ਸ੍ਵਾਮੀ ਨਿੱਤਯਾ ਨੰਦ ਜੀ)

# ਜੋਗ ਦੀਆਂ ਕਿਸਮਾਂ

ਹਠ-ਜੋਗ ਤੋਂ ਬਿਨਾਂ ਨਾਦ ਜੋਗ, ਗਿਆਨ ਜੋਗ, ਮੰਤਰ ਜੋਗ ਜਾਂ ਭਗਤੀ ਜੋਗ, ਰਾਜ ਜੋਗ ਆਦਿ ਦੀਆਂ ਪ੍ਰਸਿੱਧ ਕਿਸਮਾਂ ਹਨ। ਸਾਡੇ ਲਈ ਉਪਯੋਗੀ ਮੰਤਰ-ਜੋਗ ਅਥਵਾ ਭਗਤੀ ਜੋਗ ਹੈ। ਸਤਿਗੁਰੂ ਦੀ ਕਿਰਪਾ ਨਾਲ ਹੀ ਭਗਤੀ ਜੋਗ ਵਿਚ ਪ੍ਰਵੇਸ਼ ਹੋ ਸਕੀਦਾ ਹੈ:

**ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥**
**ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥**
**ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥**

*(ਵਡਹੰਸ ਮਹਲਾ ੩, ਅੰਗ ੫੫੮)*

ਨਾਮ ਮੰਤਰ ਦੀ ਕਮਾਈ ਨਾਲ ਧਿਆਨ ਪਰਪੱਕ ਹੁਦਾ ਹੈ। ਧਿਆਨ ਵਿਚ ਪ੍ਰਭੂ ਦਾ ਅਨੁਭਵ ਹੁੰਦਾ ਹੈ:

**ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ**
**ਗੁਰਮੁਖਿ ਅਕਥ ਕਹਾਨੀ ॥** *(ਰਾਮਕਲੀ ਮਹਲਾ ੧, ਅੰਗ ੮੭੯)*

# ਗਿਆਨ ਜੋਗ

ਬੁੱਧੀ ਗਿਆਨ ਦੁਆਰਾ ਤੱਤ ਗਿਆਨ ਨੂੰ ਜਾਨਣਾ ਗਿਆਨ ਜੋਗ ਹੈ। ਗਿਆਨ ਦੋ ਕਿਸਮ ਦਾ ਹੈ:

1. ਸੱਚਾ ਗਿਆਨ, 2. ਝੂਠਾ ਗਿਆਨ।

ਇਸ ਨੂੰ ਇਲਮ ਹਕੀਕੀ ਤੇ ਇਲਮ ਗ਼ੈਰ-ਹਕੀਕੀ ਵੀ ਕਿਹਾ ਜਾਂਦਾ ਹੈ।

ਅਧਿਆਤਮਕ ਸੰਸਾਰ ਵਿਚ ਇਸ ਦੋ ਤਰ੍ਹਾਂ ਦੇ ਗਿਆਨ ਨੂੰ 'ਪਰਾ ਵਿਦਿਆ' ਅਤੇ 'ਅਪਰਾ ਵਿਦਿਆ' ਵੀ ਕਿਹਾ ਗਿਆ ਹੈ।

**ਸੱਚਾ ਗਿਆਨ :** ਸੱਚ ਬਾਰੇ ਅਪ੍ਰੋਕਸ਼ ਗਿਆਨ ਸੱਚਾ ਗਿਆਨ ਹੈ। ਸੱਚ ਕੀ ਹੈ ਤੇ ਝੂਠ ਕੀ ਹੈ ? ਦੋ ਪ੍ਰਸ਼ਨ ਅਜਿਹੇ ਹਨ ਜਿਹਨਾਂ ਦਾ ਉੱਤਰ ਹਰ ਕੋਈ ਨਹੀਂ ਦੇ ਸਕਦਾ ਤੇ ਨਾ ਹੀ ਇਸ ਦੀ ਹਰ ਕਿਸੇ ਨੂੰ ਸਮਝ ਪੈ ਸਕਦੀ ਹੈ। ਆਮ ਤੌਰ 'ਤੇ ਅਸੀਂ ਇਖ਼ਲਾਕੀ ਸੱਚ ਨੂੰ ਸੱਚ ਆਖਦੇ ਹਾਂ। ਇਹ ਸੱਚ ਕਈ ਵਾਰ ਬਦਲ ਵੀ ਜਾਂਦਾ ਹੈ ਪਰ ਇਕ ਸੱਚ (ਸਤਿ) ਰਹਿਸਕ ਸਤਿ ਹੈ ਜੋ ਕਦੇ ਵੀ ਤਬਦੀਲ ਨਹੀਂ ਹੁੰਦਾ। ਕਦੇ ਤਬਦੀਲ ਨਾ ਹੋਣ ਵਾਲਾ ਸਤਿ ਹੀ ਸੱਚ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ :

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** *(ਜਪੁਜੀ, ਅੰਗ ੧)*

ਇਹ ਸੱਚ ਜਿਥੇ ਬਦਲਦਾ ਨਹੀਂ, ਉਸੇ ਸਦਾ ਇਕ ਹੀ ਰਹਿੰਦਾ ਹੈ, ਕਦੇ ਦੋ ਜਾਂ ਬਹੁਤਾ ਨਹੀਂ ਹੋਇਆ। ਇਸ ਇਕ ਦੇ ਗਿਆਨ ਨੂੰ ਸੱਚਾ ਗਿਆਨ ਕਿਹਾ ਜਾਂਦਾ ਹੈ।

**ਗਿਆਨ-ਭਰਮ :** ਉੱਪਰ ਦੱਸੇ ਸੱਚ ਤੋਂ ਬਿਨਾਂ ਜੋ ਹੋਰ ਬਹੁਤ ਕੁਝ ਦਾ ਗਿਆਨ ਹੈ, ਉਸ ਨੂੰ ਗਿਆਨ ਭਰਮ ਜਾਂ ਝੂਠਾ ਗਿਆਨ ਆਖ ਸਕਦੇ ਹਾਂ। ਇਕ ਦਾ ਗਿਆਨ ਮਾਦੀ ਅੱਖਾਂ ਨਾਲ ਨਾ ਦਿੱਸਣ 'ਤੇ ਵੀ ਹੈ। ਜਦੋਂ ਕਿ ਝੂਠ ਗਿਆਨ ਪ੍ਰਤੱਖ ਦਿਸਦਿਆਂ ਵੀ ਸੁਪਨੇ ਵਾਂਗ ਝੂਠਾ ਹੀ ਹੈ। ਇਕ ਰੱਬੀ ਗਿਆਨ ਤੋਂ ਬਿਨਾਂ ਬਾਕੀ ਕੁਲ ਸੰਸਾਰਕ ਗਿਆਨ ਝੂਠਾ ਗਿਆਨ ਹੈ। ਅੱਜ ਸਾਇੰਸ ਦੀਆਂ ਖੋਜਾਂ ਤੇ ਤਜਰਬੇ ਕਰ ਕੇ ਮੈਟਰ ਬਾਰੇ ਨਵੀਆਂ-ਨਵੀਆਂ ਕਥਨੀਆਂ ਹੋ ਰਹੀਆਂ ਹਨ। ਅਸੀਂ ਇਸ ਨੂੰ ਨਵੇਂ ਤੋਂ ਨਵਾਂ ਗਿਆਨ ਮੰਨਦੇ ਹਾਂ ਪਰ ਇਹ ਸਭ ਕੁਝ ਝੂਠਾ ਗਿਆਨ ਹੀ ਹੈ। ਸੱਚੇ ਗਿਆਨ ਵਿਚ ਕੋਈ ਨਵਾਂ ਪੁਰਾਣਾ ਨਹੀਂ ਸਗੋਂ ਸੱਚ ਕਦੇ ਪੁਰਾਣਾ ਹੀ ਨਹੀਂ ਹੋਇਆ :

**ਸਚੁ ਪੁਰਾਣਾ ਨ ਥੀਐ ਨਾਮੁ ਨ ਮੈਲਾ ਹੋਇ ॥** *(ਮਹਲਾ ੩, ਅੰਗ ੧੨੪੮)*

ਜਿਸ ਨੂੰ ਅਸੀਂ ਅੱਗੇ ਵਧਦਾ ਕਹਿੰਦੇ ਹਾਂ, ਉਹ ਕਿਸ ਦਿਸ਼ਾ ਵਿਚ ਵਧਣਾ ਹੈ ? ਉੱਤਰ, ਦੱਖਣ, ਪੂਰਬ ਜਾਂ ਪੱਛਮ ਵੱਲ ? ਜਾਂ ਫਿਰ ਉਪਰ ਹੇਠਾਂ, ਕੋਈ ਤਾਂ ਉਸ ਦੇ ਵਧਣ ਦੀ ਦਿਸ਼ਾ ਹੋਵੇਗੀ ? ਬਹੁਤੇ ਕਹਿਣਗੇ ਕਿ ਉਪਰ ਨੂੰ। ਮੰਨ ਲਵੋ ਕਿ ਉੱਪਰ ਨੂੰ ਵਧ ਰਹੇ ਹਾਂ ਤਾਂ ਅਨੁਮਾਨ ਕਰੋ ਕਿ ਕਿੰਨਾ ਕੁ ਉੱਪਰ ਵਧ ਸਕਾਂਗੇ। ਫਿਰ ਉੱਪਰ ਵਧਿਆਂ ਟੁੱਟੇਗਾ ਨਹੀਂ ? ਜੇ ਟੁੱਟਣਾ ਹੈ ਤਾਂ

ਵਧਣਾ ਕੀ ਹੋਇਆ ? ਸਗੋਂ ਮਰਨਾ ਹੋਇਆ। ਅਸਲ ਗੱਲ ਇਹ ਹੈ ਕਿ ਇਥੇ ਜੋ ਵੀ ਹੋਂਦ ਹੈ, ਉਹ ਸਭ ਗੋਲਾਈ ਵਿਚ ਜਾਂ ਚੱਕਰ ਵਿਚ ਹੈ, ਜਿਸ ਦਾ ਕੋਈ ਆਦਿ-ਅੰਤ ਨਹੀਂ। ਇਸ ਆਦਿ-ਅੰਤ ਤੋਂ ਰਹਿਤ ਹੋਂਦ ਇਕ ਹੀ ਹੈ। ਇਸ ਇਕ ਤੋਂ ਬਿਨਾਂ ਹੋਰ ਸਭ ਕੁਝ ਝੂਠ ਹੀ ਹੈ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥

*(ਮਹਲਾ ੧, ਅੰਗ ੪੬੮)*

**ਗਿਆਨ ਦੇ ਸਾਧਨ:** ਸੱਚੇ ਗਿਆਨ ਦੀ ਪ੍ਰਾਪਤੀ ਦੇ ਛੇ ਸਾਧਨ ਹਨ, ਜਿਹਨਾਂ ਨੂੰ ਪ੍ਰਮਾਣ ਕਿਹਾ ਜਾਂਦਾ ਹੈ। ਇਹਨਾਂ ਦੇ ਨਾਂ ਹਨ:

SIKHBOOKCLUB.COM

1. ਪ੍ਰਤੱਕਸ਼ ਪ੍ਰਮਾਣ, 2. ਅਨੁਮਾਨ ਪ੍ਰਮਾਣ, 3. ਸ਼ਬਦ ਪ੍ਰਮਾਣ, 4. ਉਪਮਾਨ ਪ੍ਰਮਾਣ, 5. ਅਰਥਾਪਤੀ ਪ੍ਰਮਾਣ, 6. ਅਨੋਪ੍ਰਬੰਧੀ ਪ੍ਰਮਾਣ

ਇਹਨਾਂ ਵਿਚੋਂ ਸਤਿ ਨੂੰ ਜਾਨਣ ਲਈ ਸ਼ਬਦ ਪ੍ਰਮਾਣ ਨੂੰ ਸ਼ਬਦ ਮੰਨਿਆ ਜਾਂਦਾ ਹੈ।

ਝੂਠਾ ਗਿਆਨ ਪ੍ਰਾਪਤ ਕਰਨਾ ਪਰਮੇਸ਼ਰ ਦੀ ਪ੍ਰਾਪਤੀ ਦੇ ਉਲਟ ਹੈ। ਸਤਿ ਦੇ ਪੰਧਾਊਆਂ ਲਈ ਇਕ ਸਦੀਵੀ ਸੱਚ ਨੂੰ ਜਾਨਣਾ ਹੀ ਮਨੋਰਥ ਹੈ। ਇਸ ਗਿਆਨ ਦੀਆਂ ਦੋ ਹੀ ਕਿਸਮਾਂ ਹਨ:

1. ਪ੍ਰੋਕਸ਼ ਗਿਆਨ, 2. ਅਪ੍ਰੋਕਸ਼ ਗਿਆਨ।

**ਪ੍ਰੋਕਸ਼ ਗਿਆਨ:** ਗੁਰੂ ਦੇ ਸ਼ਬਦ ਦੁਆਰਾ ਪੂਰਨ ਭਰੋਸੇ ਨਾਲ ਸਤਿ ਬਾਰੇ ਸੁਣਿਆ ਗਿਆਨ ਪ੍ਰੋਕਸ਼ ਗਿਆਨ ਹੈ।

**ਅਪ੍ਰੋਕਸ਼ ਗਿਆਨ:** ਸਤਿਗੁਰੂ ਦੇ ਦੱਸੇ ਗਿਆਨ ਨੂੰ ਜਦੋਂ ਸਿੱਖ ਖ਼ੁਦ ਅਨੁਭਵ ਵਿਚ ਲੈ ਆਉਂਦਾ ਹੈ ਤਾਂ ਉਹ ਪ੍ਰੋਕਸ਼ ਗਿਆਨ ਅਪ੍ਰੋਕਸ਼ ਗਿਆਨ ਹੋ ਨਿੱਬੜਦਾ ਹੈ। ਇਸ਼ਕ ਹਕੀਕੀ ਤੇ ਪ੍ਰੇਮਾ-ਭਗਤੀ ਇਕੋ ਗੱਲ ਹੈ। ਹਕੀਕਤ ਇਕ ਸੱਚ ਹੈ। ਇਸ ਸੱਚ ਨਾਲ ਪ੍ਰੇਮ, ਮੁਰਸ਼ਦ ਜਾਂ ਸਤਿਗੁਰੂ ਹੀ ਪੁਆ ਸਕਦਾ ਹੈ।

ਜੀਵ ਆਪਣੇ ਆਪ ਉਸ 'ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਆਰੇ' ਨੂੰ ਨਹੀਂ ਜਾਣ ਸਕਦਾ। ਇਸੇ ਲਈ ਪ੍ਰਭੂ-ਭਗਤੀ ਲਈ ਹਠ-ਜੋਗ, ਨਾਦ-ਜੋਗ ਤੇ ਦਿਮਾਗ਼ੀ ਗਿਆਨ ਜੋਗ ਸਾਧਨਾ ਨਾਲੋਂ ਪ੍ਰੇਮ-ਭਗਤੀ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ। ਸੂਫ਼ੀ ਇਸ਼ਕ ਦੀ ਨਵੀਓਂ ਨਵੀਂ ਬਹਾਰ ਕਹਿੰਦਾ ਹੈ ਤੇ ਗੁਰੂ ਜੀ ਫ਼ੁਰਮਾਉਂਦੇ ਹਨ:

**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥** *(ਪਾਤਸਾਹੀ ੧੦)*

ਅਪ੍ਰੋਕਸ਼ ਗਿਆਨ ਲਈ ਵੇਦਾਂਤੀ ਵੀ ਸੁਣਨ, ਮੰਨਣ ਨਿਧਿਆਸਣ ਸਾਧਨ ਨੂੰ ਕਬੂਲਦਾ ਹੈ। ਨਿਰਾ ਬੁੱਧੀ ਗਿਆਨ ਪ੍ਰਾਪਤੀ ਨਹੀਂ, ਸਹਾਇਕ ਹੈ। 'ਗੁਰੂ ਕਾ ਮੱਤ' ਨਾਮ ਦੁਆਰਾ ਜੋਗ ਹੈ:

**ਨਾਮਿ ਰਤੇ ਜੋਗ ਜੁਗਤਿ ਬੀਚਾਰ॥** *(ਸਿਧ ਗੋਸਟਿ, ਅੰਗ ੯੪੧)*

# ਸਹਿਜ ਜੋਗ

SIKHBOOKCLUB.COM

ਸੁਤੇ-ਸਿਧ ਦਾ ਦੂਜਾ ਸਮਰਥਕ ਸ਼ਬਦ ਸਹਿਜ ਹੈ। ਸੁਤੇ-ਸਿਧ ਆਪਣੇ ਆਪ ਨੂੰ ਜਾਣ ਲੈਣਾ ਸਹਿਜ ਜੋਗ ਹੈ। ਨਾ ਜਾਣਨਾ ਅਗਿਆਨ ਹੈ ਜਾਂ ਭੁਲੇਖਾ ਹੈ। ਭੁੱਲ ਵਿਚ ਕਦੇ ਕਿਸੇ ਨੂੰ ਸੁਖ ਪ੍ਰਾਪਤ ਨਹੀਂ ਹੋਇਆ। ਉਦਾਹਰਣ ਇਕ—ਲੋਕਾਂ ਨੂੰ ਲੈਕਚਰ ਦੇ ਕੇ ਸਮਝਾਉਣ ਵਾਲਾ ਗਿਆਨੀ ਆਪਣੇ ਅਟੈਚੀ ਦਾ ਤਾਲਾ ਕਿਤੇ ਰੱਖ ਕੇ ਭੁੱਲ ਗਿਆ। ਹੁਣ ਸਫ਼ਰ ਅੱਗੇ ਸ਼ੁਰੂ ਕਰਨਾ ਸੀ।

ਉਸ ਨੂੰ ਆਪਣੇ ਭੁੱਲੇ ਤਾਲੇ ਦਾ ਖ਼ਿਆਲ ਆ ਗਿਆ। ਉਹ ਬੇਚੈਨ ਹੋ ਗਿਆ। ਲੱਗਾ ਉਸ ਦੀ ਇਧਰ-ਉਧਰ ਭਾਲ ਕਰਨ। ਸਾਰਾ ਬਿਸਤਰਾ ਝਾੜਿਆ। ਇਕ-ਇਕ ਸ਼ੈਅ ਨੂੰ ਅੱਗੇ-ਪਿੱਛੇ ਕਰ ਕੇ ਗ਼ੌਰ ਨਾਲ ਦੇਖ ਰਿਹਾ ਸੀ ਕਿ ਇਤਨੇ ਨੂੰ ਖਾਣਾ ਆ ਗਿਆ ਪਰ ਉਸ ਦਾ ਦਿਲ ਖਾਣੇ ਵੱਲ ਨਾ ਜਾਵੇ ਕਿਉਂ ਜੋ ਭੁੱਲੇ ਤਾਲੇ ਵੱਲ ਸਾਰਾ ਧਿਆਨ ਖਿੱਚਿਆ ਗਿਆ ਸੀ। ਬਾਰ-ਬਾਰ ਕਹਿਣ 'ਤੇ ਵੀ ਉਹ ਖਾਣਾ ਖਾਣ ਲਈ ਤਿਆਰ ਨਾ ਹੋਇਆ। ਚਿੰਤਾ ਦੇ ਚਿੰਨ੍ਹ ਉਸ ਦੇ ਚਿਹਰੇ ਉੱਤੇ ਛਾਏ ਪ੍ਰਤੱਖ ਦਿਸ ਰਹੇ ਸਨ। ਉਸ ਨੇ ਭੁੱਖ ਦੀ ਕੋਈ ਪ੍ਰਵਾਹ ਨਾ ਕੀਤੀ, ਹਰ ਕਿਸੇ ਨੂੰ ਤਾਲੇ ਬਾਰੇ ਹੀ ਪੁੱਛੇ ਕਿ ਤੂੰ

ਮੇਰਾ ਤਾਲਾ ਤਾਂ ਨਹੀਂ ਦੇਖਿਆ ? ਇਸ ਤਰ੍ਹਾਂ ਫ਼ਿਕਰ ਨਾਲ ਤਰਲੋ-ਮੱਛੀ ਹੋਏ ਨੂੰ ਜਦੋਂ ਇਕ ਸੱਜਣ ਨੇ ਆ ਕੇ ਕਿਹਾ ਕਿ ਇਹ ਤਾਲਾ ਕਿਸ ਦਾ ਹੈ ਤਾਂ ਉਹ ਖਿੜ-ਖਿੜਾ ਕੇ ਹੱਸ ਪਿਆ। ਆਖਣ ਲੱਗਾ ਕਿ ਇਹ ਮੇਰਾ ਹੈ। ਇਸ ਨੂੰ ਤੂੰ ਕਿਥੇ ਲੈ ਗਿਆ ਸੀ ? ਉਹ ਬੋਲਿਆ ਕਿ ਇਹ ਦਰਵਾਜ਼ੇ ਦੇ ਨਾਲ ਬਾਹਰ ਪਿਆ ਸੀ, ਮੈਂ ਚੁੱਕ ਕੇ ਅੰਦਰ ਲੈ ਆਇਆ ਹਾਂ। ਗਿਆਨੀ ਬੋਲਿਆ ਕਿ ਓਹ! ਇਥੇ ਤਾਂ ਮੈਂ ਹੀ ਰੱਖਿਆ ਸੀ, ਮੈਂ ਰੱਖ ਕੇ ਭੁੱਲ ਗਿਆ ਸਾਂ। ਮੇਰੀ ਨਿੱਕੀ ਜਿਹੀ ਭੁੱਲ ਨੇ ਕਿੰਨਾ ਪ੍ਰੇਸ਼ਾਨ ਕੀਤਾ ਹੈ।

ਠੀਕ ਹੈ ਇਨਸਾਨ ਨੂੰ ਭੁਲੇਖਾ ਜਾਂ ਭੁੱਲ ਦੁਖੀ ਤੇ ਪ੍ਰੇਸ਼ਾਨ ਹੀ ਕਰਦੀ ਹੈ ਪਰ ਜਿਹੜਾ ਇਨਸਾਨ ਆਪਣਾ-ਆਪ ਭੁੱਲ ਜਾਵੇ, ਉਹ ਕਿੰਨਾ ਕੁ ਦੁਖੀ ਹੋਵੇਗਾ। ਇਸ ਦਾ ਕਦੇ ਖ਼ਿਆਲ ਕੀਤਾ ਹੈ ? ਗੁਰੂ ਤੇਗ਼ ਬਹਾਦਰ ਸਾਹਿਬ ਧਨਾਸਰੀ ਰਾਗ ਵਿਚ ਫ਼ੁਰਮਾਉਂਦੇ ਹਨ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥**

*(ਮਹਲਾ ੯, ਅੰਗ ੬੮੪)*

ਪ੍ਰਭੂ ਸਰਬ-ਨਿਵਾਸੀ ਹੋ ਕੇ ਨਿਰਲੇਪ ਹੈ। ਜਿਵੇਂ ਫ਼ੁੱਲ ਵਿਚ ਸੁਗੰਧੀ ਸਾਰੇ ਵਿਆਪਕ ਹੈ, ਇਸੇ ਭਾਂਤ ਉਹ ਆਪਣੀ ਕੁਲ ਰਚਨਾ ਵਿਚ ਵਿਆਪਕ ਹੈ। ਨਿਰਲੇਪ ਇਸ ਤਰ੍ਹਾਂ ਹੈ ਜਿਵੇਂ ਸ਼ੀਸ਼ੇ ਵਿਚ ਪ੍ਰਤੀਬਿੰਬ ਨਿਰਲੇਪ ਹੈ। ਉਸ ਦੀ ਖੋਜ ਹਿਰਦੇ ਵਿਚੋਂ ਹੋ ਸਕਦੀ ਹੈ।

ਇਸ ਸ਼ਬਦ ਵਿਚ ਮੁੱਖ ਗੱਲ 'ਆਪਾ ਚੀਨਣ' ਦੀ ਹੈ। ਜਦ ਤਕ ਇਨਸਾਨ ਆਪਣਾ ਆਪ ਨਹੀਂ ਜਾਣ ਲੈਂਦਾ, ਉਦੋਂ ਤਕ ਉਸ ਨੂੰ ਚੈਨ ਨਹੀਂ ਆਵੇਗਾ। ਜਦੋਂ ਮਨੁੱਖ ਦੀ ਇਹ ਭੁੱਲ, ਭੁਲੇਖਾ ਦੂਰ ਹੋ ਗਿਆ ਤਾਂ ਉਹ ਸਹਿਜ ਵਿਚ ਆ ਜਾਵੇਗਾ। ਬਿਨਾਂ ਸਹਿਜ ਵਿਚ ਆਇਆਂ ਉਸ ਨੂੰ ਅਨੰਦ ਪ੍ਰਾਪਤ ਨਹੀਂ ਹੋਵੇਗਾ। ਭੁੱਲੇ ਹੋਏ ਨੂੰ ਕੋਈ ਦੂਜਾ ਹੀ ਰਾਹੇ ਪਾ ਸਕਦਾ ਹੈ, ਜਿਸ ਦੀ ਭੁੱਲ ਨਿਕਲ ਚੁੱਕੀ ਹੋਵੇ। ਰਾਹੇ ਪਾਉਣ ਵਾਲਾ ਸਤਿਗੁਰੂ ਹੀ ਹੁੰਦਾ ਹੈ :

**ਗੁਰ ਪ੍ਰਸਾਦਿ ਕਮਲ ਪ੍ਰਗਾਸਿਆ**
**ਮਿਟਿਆ ਅੰਧੇਰਾ ਚੰਦ ਚੜਿਆ ॥**

ਸਹਿਜ ਜੋਗ ਦਾ ਰਾਹ ਹੀ ਸੰਤ ਮੱਤ ਹੈ :

**ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥**
**ਨਾਮੁ ਪ੍ਰਭੂ ਕਾ ਲਾਗਾ ਮੀਠਾ ॥** *(ਮਹਲਾ ੫, ਅੰਗ ੨੯੩)*

ਸੰਤ ਕਿਸੇ ਭੇਖ ਦਾ ਨਾਂ ਨਹੀਂ ਹੈ। ਜਿਸ ਦੀ ਭੁੱਲ ਨਿਕਲ ਗਈ, ਉਹੀ ਸੰਤ ਹੈ, ਉਹੀ ਗਿਆਨੀ ਹੈ। ਪਰ ਇਹ ਗਿਆਨ ਗੱਲਾਂ ਦਾ ਗਿਆਨ ਨਹੀਂ, ਸਗੋਂ ਅਪ੍ਰੋਕਸ਼ ਗਿਆਨ ਹੈ। ਅਜਿਹੇ ਅਪ੍ਰੋਕਸ਼ ਗਿਆਨ ਵਾਲੇ ਤੱਤ-ਵੇਤਾ ਬ੍ਰਹਮ ਗਿਆਨੀ ਦੀ ਸੰਗਤ ਕਰਨ ਨਾਲ ਜਗਿਆਸਾ ਪੈਦਾ ਹੁੰਦੀ ਹੈ। ਜਿਸ ਨੂੰ ਪ੍ਰਭੂ-ਪ੍ਰਾਪਤੀ ਦੀ ਪਿਆਸ ਲੱਗ ਜਾਵੇ ਉਹ ਧੰਨਤਾ ਯੋਗ ਹੈ :

**ਜੇ ਕੋ ਜਨਮ ਮਰਣ ਤੇ ਡਰੈ ॥**
**ਸਾਧ ਜਨਾ ਕੀ ਸਰਨੀ ਪਰੈ ॥**
**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥** *(ਮਹਲਾ ੫, ਅੰਗ ੨੬੬)*

ਸਹਿਜ ਜੋਗ ਵਿਚ ਪੂਰਨ ਸਤਿਗੁਰੂ ਦੀ ਅਵੱਸ਼ ਲੋੜ ਹੈ, ਜਿਸ ਦੇ ਭਰਮ-ਭੁਲੇਖੇ ਨਿਕਲ ਚੁੱਕੇ ਹੋਣ ਤੇ ਜੋ ਪੂਰਨ ਸੱਚ ਦੇ ਗਿਆਨ ਵਿਚ ਸੁਤੇ-ਸਿਧ ਜਿਉਂ ਰਿਹਾ ਹੋਵੇ। ਉਸ ਨੂੰ ਆਪਣੇ ਆਪ ਬਾਰੇ ਤੇ ਤ੍ਰੈਗੁਣੀ ਮਾਇਆ ਤੇ ਉਸ ਦੇ ਵਿਸਥਾਰ ਬਾਰੇ ਕੋਈ ਭੁੱਲ-ਭੁਲੇਖਾ ਨਾ ਰਹਿ ਗਿਆ ਹੋਵੇ। ਇਸ ਅਵਸਥਾ ਨੂੰ ਸਹਿਜ ਅਵਸਥਾ ਜਾਂ ਬ੍ਰਹਮ ਗਿਆਨ ਦੀ ਅਵਸਥਾ ਕਹਿੰਦੇ ਹਨ। ਇਸ ਮਾਰਗ ਦਾ ਨਾਂ ਸਹਿਜ ਜੋਗ ਹੈ :

**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥**
**ਠਕਠੀਂ ਠਕਾਜ ਗਾਸਓ ।ਠਜ ।ਕਰਠਛਕ ਹੈ**

*(ਧਨਾਸਰੀ ਮਹਲਾ ੫, ਅੰਗ ੬੯੮)*

ਨਾਮ ਮਾਰਗ ਹੀ ਸਹਿਜ ਜੋਗ ਦਾ ਮਾਰਗ ਹੈ। ਇਸ ਰਾਹ ਦੇ ਪੰਧਾਊ ਨੂੰ ਕਿਸੇ ਆਸਣ ਜਾਂ ਪ੍ਰਕਿਰਿਆ ਦੀ ਫ਼ਿਕਰ ਨਹੀਂ ਹੁੰਦੀ। ਨਾ ਹੀ ਸ਼ਰ੍ਹਾ ਦੀਆਂ ਪਾਬੰਦੀਆਂ ਉਸ ਉੱਤੇ ਲਾਗੂ ਹੁੰਦੀਆਂ ਹਨ। ਕੇਵਲ ਸੁਰਤਿ ਨੂੰ ਸ਼ਬਦ ਨਾਲ ਜੋੜਨਾ ਤੇ ਲਿਵ ਲਾਉਣਾ ਹੀ ਉਸ ਦਾ ਇਕੋ-ਇਕ ਕੰਮ ਹੁੰਦਾ ਹੈ। ਉਹ ਜਾਣਦਾ ਹੈ ਕਿ ਸੱਚੀ ਲਿਵ ਤੋਂ ਬਿਨਾਂ ਇਸ ਮਨੁੱਖਾ ਸਰੀਰ ਦਾ ਕੋਈ ਲਾਭ ਨਹੀਂ :

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**
**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥**
**ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥**

**ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥**

*(ਰਾਮਕਲੀ ਮਹਲਾ ੩ ਅਨੰਦੁ, ਅੰਗ ੯੧੮)*

ਸੱਚ ਦੀ ਧੁਨ ਧਿਆਨ ਦੀ ਪ੍ਰਪੱਕਤਾ ਤਕ ਲੈ ਜਾਂਦੀ ਹੈ। ਧਿਆਨ ਦੀ ਪ੍ਰਪੱਕਤਾ ਇਕਾਗਰ ਕਰ ਦੇਂਦੀ ਹੈ। ਇਕ ਦੇ ਅੱਗੇ ਹੋਣਾ ਇਕਾਗਰਤਾ ਹੈ। ਇਕ ਸਤਿ ਦੇ ਅੱਗੇ ਹੋਣ ਨਾਲ ਮਨ ਵਿਚੋਂ ਝੂਠ ਦੀ ਸਾਰੀ ਦੀ ਸਾਰੀ ਮੈਲ ਧੁਲ ਜਾਂਦੀ ਹੈ। ਮਨ ਦਾ ਸ਼ੀਸ਼ਾ ਸਾਫ਼ ਹੁੰਦਿਆਂ ਸਾਰ ਹੀ ਆਪੇ ਦਾ (ਪ੍ਰਤੀਬਿੰਬ ਜਾਂ ਅਕਸ) ਪ੍ਰਕਾਸ਼ ਹੋ ਜਾਂਦਾ ਹੈ। ਹੁਣ ਮਨ ਨਾਂ ਦੀ ਕੋਈ ਸ਼ੈਅ ਦੇਹੀ ਵਿਚ ਨਹੀਂ ਰਹਿ ਜਾਂਦੀ। ਦੇਹ ਦੇ ਅੰਦਰ ਕੇਵਲ ਆਤਮਾ ਹੀ ਆਪਣਾ ਆਪ ਹੈ ਤੇ ਆਪਣਾ ਆਪ ਹੀ ਸਾਰੇ ਪਰੀਪੂਰਨ ਹੈ:

**ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥**

*(ਮਹਲਾ ੨, ਅੰਗ ੪੬੯)*

ਆਤਮਾ ਦਾ ਰਸ ਹੀ ਸਹਿਜ ਅਨੰਦ ਹੈ। ਸਹਿਜ ਜੋਗ ਵਾਲਿਆਂ ਦੀ ਵੀ ਸਮਾਧੀ ਸੁਤੇ-ਸਿਧ ਲੱਗੀ ਰਹਿੰਦੀ ਹੈ। ਉਹਨਾਂ ਦਾ ਵਾਸਾ ਦਸਮ ਦੁਆਰ ਵਿਚ ਹੀ ਹੁੰਦਾ ਹੈ। ਉਹ ਸ਼ਹਿਨਸ਼ਾਹੀ ਹੁਕਮ ਇਥੋਂ ਬੈਠੇ ਹੀ ਸਾਦਰ ਕਰਦੇ ਹਨ। ਉਹਨਾਂ ਦੇ ਦਰ ਉੱਤੇ ਅਨਹਦ ਧੁਨਾਂ ਹਰ ਸਮੇਂ ਵੱਜਦੀਆਂ ਰਹਿੰਦੀਆਂ ਹਨ। ਉਹ ਅਮਰ ਤੇ ਅਟਲ ਪਦਵੀ ਦੇ ਮਾਲਕ, ਸੱਚਖੰਡ ਵਾਸੀ ਹਨ। ਇਸ ਬ੍ਰਹਮ ਗਿਆਨ ਦੀ ਸਹਿਜ ਅਵਸਥਾ ਵਾਲਾ ਸੁਤੇ-ਸਿਧ ਸਤਿਗੁਰੂ ਵੀ ਹੈ ਤੇ ਅਕਾਲ ਪੁਰਖ ਵੀ:

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥** *(ਮਹਲਾ ੫, ਅੰਗ ੨੭੩)*

ਇਥੇ ਨਾ ਜਨਮ ਹੈ ਨਾ ਮੌਤ ਹੈ। ਇਥੇ ਨਾ ਡਰ ਹੈ ਨਾ ਵੈਰ ਹੈ। ਜੇ ਹੈ ਤਾਂ ਉਹ ਆਪ ਹੈ ਤੇ ਸਭ ਕੁਝ ਆਪਣਾ ਆਪ ਹੈ:

**ਕਿਸ ਨੂੰ ਕਹੀਐ ਨਾਨਕਾ ਸਭੁ ਕਿਛੁ ਆਪੇ ਆਪ॥**

ਜਿਥੇ ਸਭ ਕੁਝ ਆਪਣਾ ਆਪ ਹੈ, ਉਥੇ ਕੋਈ ਵੈਰ ਨਹੀਂ, ਕੋਈ ਸਰਾਪ ਨਹੀਂ.ਸਗੋਂ ਸਰਬੱਤ ਦਾ ਭਲਾ ਹੀ ਹੈ ਤੇ ਚੜ੍ਹਦੀ ਕਲਾਹੈ। ਰੋਂਦੂਪੁਣਾ ਤੇ ਢਹਿੰਦੀ ਕਲਾ ਉਹਨਾਂ ਦੇ ਨੇੜੇ ਵੀ ਨਹੀਂ ਫਟਕ ਸਕਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 237 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਹਿਜ ਅਵਸਥਾ ਦਾ ਜੋ ਵਰਣਨ ਕੀਤਾ ਹੈ, ਉਹ ਜਗਿਆਸੂ ਦੀ ਰਹਿਬਰੀ ਕਰਦਾ ਹੈ। ਆਪ ਲਿਖਦੇ ਹਨ:

ਗਉੜੀ ਮਹਲਾ ੫ ॥
ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥
ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥
ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥
ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥
ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥੨॥
ਸਹਜੇ ਜਾਗਣੁ ਸਹਜੇ ਸੋਇ ॥
ਸਹਜੇ ਹੋਤਾ ਜਾਇ ਸੁ ਹੋਇ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥
ਸਹਜੇ ਚੂਪ ਸਹਜੇ ਹੀ ਜਪਨਾ ॥੩॥
ਸਹਜੇ ਭੋਜਨੁ ਸਹਜੇ ਭਾਉ ॥
ਸਹਜੇ ਮਿਟਿਓ ਸਗਲ ਦੁਰਾਉ ॥
SIKHBOOKCLUB.COM
ਸਹਜੇ ਹੋਆ ਸਾਧੂ ਸੰਗੁ ॥
ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥
ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥
ਤਾ ਕਉ ਭੇਟਿਆ ਪਰਮਾਨੰਦੁ ॥੫॥
ਸਹਜੇ ਅੰਮ੍ਰਿਤੁ ਪੀਓ ਨਾਮੁ ॥
ਸਹਜੇ ਕੀਨੋ ਜੀਅ ਕੋ ਦਾਨੁ ॥
ਸਹਜ ਕਥਾ ਮਹਿ ਆਤਮੁ ਰਸਿਆ ॥
ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥
ਸਹਜੇ ਆਸਣੁ ਅਸਥਿਰੁ ਭਾਇਆ ॥
ਸਹਜੇ ਅਨਹਤ ਸਬਦੁ ਵਜਾਇਆ ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥
ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥
ਸਹਜੇ ਜਾ ਕਉ ਪਰਿਓ ਕਰਮਾ ॥
ਸਹਜੇ ਗੁਰੁ ਭੇਟਿਓ ਸਚੁ ਧਰਮਾ ॥

**ਜਾ ਕੈ ਸਹਜੁ ਭਇਆ ਸੋ ਜਾਣੈ॥**
**ਨਾਨਕ ਦਾਸ ਤਾ ਕੈ ਕੁਰਬਾਣੈ॥੮॥** *(ਅੰਗ ੨੩੭)*

ਸਹਿਜ ਗਿਆਨ ਦੀ ਅਵਸਥਾ ਏਕੇ (੧) ਨੂੰ ਅਨੁਭਵੀ ਰੂਪ ਵਿਚ ਜਾਨਣਾ ਹੈ। ਇਹ ਏਕਾ (੧) ਜੋ ਸ਼ਬਦ ਰੂਪ ਹੈ ਜਦੋਂ ਪ੍ਰਾਣਾਂ ਦਾ ਆਧਾਰ ਹੋ ਜਾਵੇਗਾ ਤਾਂ ਜਨਮ-ਮਰਨ ਦਾ ਗੇੜ ਮੁੱਕ ਜਾਵੇਗਾ।

**ਏਕ ਸਬਦ ਮੇਰੈ ਪ੍ਰਾਣ ਬਸਤ ਹੈ ਬਾਹੁੜਿ ਜਨਮ ਨ ਆਵਾ॥**

ਇਸ ਇਕ ਨੂੰ ਜਾਣਨ ਵਾਲਾ ਆਪ ਹੀ ਕਰਤਾ ਪੁਰਖ ਜਾਂ ਦੇਵਤਾ ਸਰੂਪ ਹੈ:

**ਇਸੁ ਏਕੇ ਕਾ ਜਾਣੈ ਭੇਉ॥**
**ਆਪੇ ਕਰਤਾ ਆਪੇ ਦੇਉ॥** *(ਰਾਮਕਲੀ ਮਹਲਾ ੧, ਅੰਗ ੯੩੦)*

ਹੰਕਾਰ ਵਿਚ ਸਭ ਕੋਈ ਏਕੋ-ਏਕ ਕਹਿ ਲੈਂਦਾ ਹੈ ਪਰ ਕਹਿਣ ਮਾਤਰ ਜਾਂ ਕੇਵਲ ਦਿਮਾਗ਼ੀ ਤੌਰ 'ਤੇ ਸਮਝ ਲੈਣ ਨਾਲ ਸਹਿਜ ਅਵਸਥਾ ਪ੍ਰਾਪਤ ਨਹੀਂ ਹੁੰਦੀ, ਜਦ ਤਕ ਅੰਦਰੋਂ ਤੇ ਬਾਹਰੋਂ, ਤਨੋਂ-ਮਨੋਂ ਏਕਾ ਨਹੀਂ ਦਿੱਸਦਾ। ਉਦੋਂ ਤਕ ਮਨ ਨੂੰ ਅਸਲੀ ਘਰ ਤੇ ਮਹਿਲ ਨਹੀਂ ਮਿਲ ਸਕਦਾ:

**ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥**
**ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥**
*(ਦਖਣੀ ਓਅੰਕਾਰੁ ਮਹਲਾ ੧, ਅੰਗ ੯੩੦)*

ਸੂਫ਼ੀ ਵੀ ਇਹੋ ਕਹਿੰਦੇ ਹਨ:

**ਇਕੋ ਅਲਫ਼ ਤੈਨੂੰ ਦਰਕਾਰ।**
**ਇਲਮੋਂ ਵਸ ਕਰੀਂ ਓ ਯਾਰ।**

ਵੇਦਾਂਤੀ ਵੀ ਇਸੇ ਇਕ ਤੋਂ ਬਿਨਾਂ ਦੂਜੀ ਕੋਈ ਸ਼ੈਅ ਨਹੀਂ ਮੰਨਦਾ। 'ਏਕੋ ਬ੍ਰਹਮ ਦੁਤੀਆ ਨਾਸਤੀ'। ਵੇਦਾਂ ਦਾ ਸਾਰ, ਉਪਨਿਸ਼ਦਾਂ ਦਾ ਨਿਚੋੜ ਤੇ ਗੀਤਾਂ ਦਾ ਗੂੜ੍ਹ ਗਿਆਨ, ਇਸੇ ਇਕ ਦੇ ਤੱਤ ਗਿਆਨ ਨੂੰ ਸਵੀਕਾਰ ਕਰਦਾ ਹੈ। ਇਸਲਾਮੀ ਦ੍ਰਿਸ਼ਟੀਕੋਣ ਤੋਂ ਵੀ ਅੱਲਾਹ ਇਕ ਹੈ। ਇਸ ਲਈ ਵੀਹਵੀਂ ਸਦੀ ਦੇ ਇਸਲਾਮੀ ਵਿਦਵਾਨ ਡਾ. ਇਕਬਾਲ ਨੇ ਗੁਰੂ ਨਾਨਕ ਦੇਵ ਜੀ ਦੇ ਏਕੇ ਦੀ ਰਮਜ਼ ਨੂੰ ਜਾਣ ਕੇ ਕਿਹਾ ਸੀ:

**ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।**

ਸੂਫ਼ੀ ਤੇ ਭਗਤੀ ਮਾਰਗ ਦੇ ਭਗਤ ਸਭ ਸਹਿਜ ਗਿਆਨ ਦੇ ਰਾਹ ਦੇ

ਪੰਧਾਊ ਹਨ। ਉਹਨਾਂ ਦਾ ਨਿਸ਼ਾਨਾ ਇਕ ਹੀ ਹੈ ਭਾਵੇਂ ਜੁਗਤੀਆਂ ਆਪੋ ਆਪਣੀਆਂ ਹਨ। ਸਹਿਜ ਅਵਸਥਾ ਨੂੰ ਪਹੁੰਚੇ ਸਾਰੇ ਭਗਤ ਇਕ ਥਾਂ ਵੱਸਦੇ ਹਨ:

**ਤਿਥੈ ਭਗਤ ਵਸਹਿ ਕੇ ਲੋਅ ॥**
**ਕਰਹਿ ਅਨੰਦੁ ਸਚਾ ਮਨਿ ਸੋਇ ॥** *(ਜਪੁਜੀ, ਅੰਗ ੮)*

ਸਹਿਜ ਗਿਆਨ ਦੇ ਪੰਧਾਊਆਂ ਨੂੰ ਬੁੱਧੀ ਦੀ ਤ੍ਰਿਪਤੀ ਲਈ ਗਿਆਨ ਜ਼ੋਗ ਹਥਿਆਰ ਹੈ। ਉਹ ਰੱਬ ਦੇ ਭੈਅ ਵਿਚ ਰਹਿ ਕੇ ਭਗਤੀ ਕਰਦੇ, ਧੀਰਜ ਤੇ ਜਤਿ ਨੂੰ ਧਾਰਨ ਕਰ ਕੇ, ਮਨ ਨੂੰ ਪ੍ਰੇਮ ਦਾ ਭਾਂਡਾ ਬਣਾ ਕੇ ਇਸ ਵਿਚ ਨਾਮ ਦਾ ਅੰਮ੍ਰਿਤ ਚੋਂਦੇ ਹਨ। ਇਹੀ ਬ੍ਰਹਮ ਗਿਆਨੀਆਂ ਦੀ ਟਕਸਾਲ ਹੈ। ਜਿਵੇਂ ਟਕਸਾਲ ਵਿਚੋਂ ਨਿਕਲੇ ਸਿੱਕੇ ਹਰ ਥਾਂ ਚੱਲਦੇ ਹਨ ਤੇ ਖਰੇ ਹੁੰਦੇ ਹਨ, ਉਵੇਂ ਭਗਤੀ ਦੀ ਟਕਸਾਲ ਵਿਚੋਂ ਨਿਕਲੇ ਬ੍ਰਹਮ ਗਿਆਨੀ ਸਹਿਯੋਗ ਦੇ ਖਰੇ ਸਿੱਕੇ ਹੁੰਦੇ ਹਨ। ਇਹ ਪਵਿੱਤਰ ਕਾਰ ਉਹਨਾਂ ਭਾਗਵਾਨਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜਿਹਨਾਂ ਉੱਤੇ ਸਤਿਗੁਰਾਂ ਦੀ ਮਿਹਰ ਦੀ ਨਜ਼ਰ ਪੈ ਜਾਂਦੀ ਹੈ। ਫਿਰ ਉਹ ਆਪ ਵੀ ਨਦਰੀ ਨਦਰਿ ਨਿਹਾਲ ਕਰਨ ਦੇ ਯੋਗ ਹੋ ਜਾਂਦੇ ਹਨ:

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**
**ਅਹਰਣਿ ਮਤਿ ਵੇਦੁ ਹਥੀਆਰੁ ॥**
**ਭਉ ਖਲਾ ਅਗਨਿ ਤਪ ਤਾਉ ॥**
**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**
**ਘੜੀਐ ਸਬਦੁ ਸਚੀ ਟਕਸਾਲ ॥**
**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**
**ਨਾਨਕ ਨਦਰੀ ਨਦਰਿ ਨਿਹਾਲ ॥** *(ਜਪੁਜੀ, ਅੰਗ ੮)*

ਸਹਿਜ ਅਵਸਥਾ ਕਰੋੜਾਂ ਵਿਚੋਂ ਕਿਸੇ ਇਕ ਨੂੰ ਪ੍ਰਾਪਤ ਹੁੰਦੀ ਹੈ। ਇਹ ਪ੍ਰਭੂ ਦੀ ਕਿਰਪਾ ਨਾਲ ਹੀ ਹਾਸਲ ਹੋ ਸਕਦੀ ਹੈ। ਧਰਮ ਖੰਡ ਹਰ ਆਸਤਕ ਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਰੱਬ ਦੇ ਭੈਅ ਵਿਚ ਆ ਕੇ ਇਹ ਨਿਸ਼ਚੇ ਕਰ ਲੈਂਦਾ ਹੈ ਕਿ:

**ਸਚਾ ਆਪ ਸਚਾ ਦਰਬਾਰ ॥**

ਗਿਆਨ ਖੰਡ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਸੱਚਾ ਗੁਰੂ ਮਿਲ ਗਿਆ ਹੋਵੇ ਅਤੇ ਉਸ ਉੱਤੇ ਸਿੱਖ ਦੀ ਪੂਰਨ ਸ਼ਰਧਾ ਹੋਵੇ। ਇਸ ਅਵਸਥਾ ਵਿਚ ਬੁੱਧੀ ਗਿਆਨ ਦੀ ਪ੍ਰਾਪਤੀ ਹੈ, ਪ੍ਰਭੂ ਮੇਲ ਦਾ ਅਨੁਭਵੀ ਗਿਆਨ ਨਹੀਂ ਉਸ ਦੀ ਪ੍ਰਾਪਤੀ ਲਈ ਮਿਹਨਤ ਨਾਮ ਅਭਿਆਸ ਅਤਿ ਜ਼ਰੂਰੀ ਹੈ। ਉਹ ਗਿਆਨ ਖੰਡ

ਤੋਂ ਅਗਲਾ ਖੰਡ ਧਰਮ ਖੰਡ ਹੈ। 'ਇਕ ਦੂ ਜੀਭੌ ਲਖ ਹੋਹਿ' ਵਾਲਿਆਂ ਉੱਤੇ ਵੀ ਰੱਬੀ ਕਰਮ (ਬਖ਼ਸ਼ਿਸ਼) ਹੁੰਦਾ ਹੈ। ਕਰਮ ਖੰਡ ਵਾਲੇ ਸੱਚਖੰਡ ਵਿਚ ਪ੍ਰਭੂ ਦੇ ਸਨਮੁਖ ਹੁੰਦੇ ਹਨ। ਉਹਨਾਂ ਦੀ ਅਵਸਥਾ ਸਹਿਜ ਵਾਲੀ ਹੁੰਦੀ ਹੈ। ਉਹ ਪ੍ਰਭੂ ਦੇ ਹੁਕਮ ਨੂੰ ਠੀਕ ਤੇ ਆਪਣਾ ਕਰਤੱਵ ਸਮਝਦੇ ਹਨ।

## ਮਹਾਤਮਾ ਅਰਵਿੰਦ ਘੋਸ਼ ਦਾ ਅਨੁਭਵ

ਅਰਵਿੰਦ ਘੋਸ਼ ਦਾ ਮਤ ਹੈ ਕਿ ਹਿੰਦੂ ਧਰਮ ਦਾ ਧੁਰਾ 'ਵੇਦਾਂਤ' ਇਕ ਸ਼ਕਤੀਸ਼ਾਲੀ ਸਿਧਾਂਤ ਹੈ। ਗੀਤਾ ਵਿਚ ਵੀ ਇਹੀ ਸਿਧਾਂਤ ਮੁੱਖ ਰੂਪ ਵਿਚ ਹੈ ਜੋ ਜੋਗ ਉੱਤੇ ਬਾਰ-ਬਾਰ ਜ਼ੋਰ ਦਿੰਦਾ ਹੈ। ਅਰਵਿੰਦ ਘੋਸ਼ ਜੀ ਲਿਖਦੇ ਹਨ ਕਿ ਮੈਂ ਵੀ ਇਹੋ ਧਾਰਨ ਕੀਤਾ। ਚਿੱਤ ਦੀਆਂ ਵਿਰਤੀਆਂ ਨੂੰ ਰੋਕ ਕੇ ਮਨ ਨੂੰ ਕਾਬੂ ਕਰਨਾ ਜੋਗ ਦਾ ਪਹਿਲਾ ਸਾਧਨ ਹੈ। ਇਸ ਤੋਂ ਬਿਨਾਂ ਜੋਗ ਵਿਚ ਸਫ਼ਲਤਾ ਤੇ ਉੱਨਤੀ ਸੰਭਵ ਨਹੀਂ। ਹਰ ਸਾਧਕ ਨੂੰ ਇਸ ਵਿਚ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ। ਅਭਿਆਸ ਦੇ ਸਮੇਂ ਮਨ ਦੇ ਬਿਖਰੇ ਹੋਏ ਖ਼ਿਆਲਾਂ ਤੇ ਮਨੋ-ਵੇਗਾਂ ਨੇ ਵੱਡੇ-ਵੱਡੇ ਜੋਗੀਆਂ ਦੇ ਛੱਕੇ ਛੁਡਾ ਦਿੱਤੇ ਹਨ। ਹਜ਼ਰਤ ਈਸਾ ਮਸੀਹ ਅਤੇ ਮਹਾਤਮਾ ਬੁੱਧ ਤਕ ਨੂੰ ਮਨ ਨੇ ਇਤਨਾ ਤੰਗ ਕੀਤਾ ਹੈ ਕਿ ਉਹਨਾਂ ਨੂੰ ਬਹੁਤ ਲੰਬੇ ਸਮੇਂ ਤਕ ਵੱਖ-ਵੱਖ ਸਾਧਨਾਂ ਤੇ ਵਿਧੀਆਂ ਨਾਲ ਯੁੱਧ ਕਰਨਾ ਪਿਆ। ਚਿੱਤ ਵਿਰਤੀ ਨਿਰੋਧ ਦੇ ਜੋਗੀਆਂ ਨੇ ਕਈ ਤਰੀਕੇ ਲਿਖੇ ਹਨ ਪਰ ਪ੍ਰਸਿੱਧ ਇਹ ਹਨ ਜਿਹਨਾਂ ਨੇ ਮੈਨੂੰ ਬਹੁਤ ਛੇਤੀ ਸਫ਼ਲਤਾ ਬਖ਼ਸ਼ੀ ਹੈ।

**ਪਹਿਲਾ ਤਰੀਕਾ :** ਸਵਾਮੀ ਵਿਵੇਕਾਨੰਦ ਨੇ ਆਪਣੇ 'ਰਾਜ-ਜੋਗ' ਵਿਚ ਲਿਖਿਆ ਹੈ ਕਿ ਮਨ ਨੂੰ ਜ਼ੋਰ ਨਾਲ ਰੋਕਣ ਦੀ ਕੋਸ਼ਿਸ਼ ਨਾ ਕਰੋ। ਇਸ ਨਾਲ ਕੁਸ਼ਤੀ ਜਾਂ ਸੀਨਾ-ਜ਼ੋਰੀ ਨਾ ਕਰੋ। ਕੇਵਲ ਆਪਣੇ ਖ਼ਿਆਲਾਂ ਨੂੰ ਧਿਆਨ ਨਾਲ ਵੇਖਦੇ ਰਹੋ। ਆਪਣੇ ਮਨ ਦੀ ਖ਼ਸਲਤ ਪਛਾਣੋ ਕਿ ਇਹ ਕਿਸ ਕਿਸਮ ਦਾ ਹੈ ਅਤੇ ਕਿਧਰ ਜਾਂਦਾ ਹੈ। ਇਸ ਨੂੰ ਇਧਰ-ਉਧਰ ਭੱਜ-ਦੌੜ ਦੀ ਆਗਿਆ ਨਾ ਦਿਉ ਪਰ ਰੋਕੋ ਵੀ ਨਾ। ਇਸ ਨੂੰ ਖੁੱਲ੍ਹੀ ਛੁੱਟੀ ਦੇ ਦਿਉ ਅਤੇ ਖ਼ੁਦ ਇਸ ਨੂੰ ਵੇਖਦੇ ਰਹੋ। ਥੋੜ੍ਹੀ ਦੇਰ ਪਿੱਛੋਂ ਇਹ ਖ਼ੁਦ ਹੀ ਸ਼ਾਂਤ ਹੋ ਜਾਵੇਗਾ। ਸਾਧਾਰਨ ਤੇ ਆਮ ਦਰਮਿਆਨੇ ਦਰਜੇ ਦੇ ਸਾਧਕਾਂ ਲਈ ਜਿਹਨਾਂ ਦੀ ਗਿਣਤੀ ਬਹੁਤ ਹੈ, ਇਹੀ ਉਪਯੋਗੀ ਹੈ।

**ਦੂਜਾ ਤਰੀਕਾ** : ਇਹ ਵਿਸ਼ਨੂੰ ਭਾਸਕਰ ਲੇਲੇ ਨਾਂ ਦੇ ਮਰਹੱਟਾ ਜੋਗੀ ਦਾ ਹੈ। ਜੋਗੀ ਆਪਣੇ ਅਨੁਭਵ ਤੇ ਭਰੋਸੇ ਨਾਲ ਕਹਿੰਦਾ ਹੈ ਕਿ ਖ਼ਿਆਲਾਤ ਸਾਡੇ ਅੰਦਰ ਪੈਦਾ ਨਹੀਂ ਹੁੰਦੇ, ਨਾ ਹੀ ਸਾਡੇ ਅੰਦਰੋਂ ਉੱਠਦੇ ਹਨ, ਸਗੋਂ ਬਾਹਰਲੇ ਵਾਯੂਮੰਡਲ ਵਿਚੋਂ ਆ ਕੇ ਸਾਡੇ ਦਿਮਾਗ਼ ਵਿਚ ਦਾਖ਼ਲ ਹੁੰਦੇ ਹਨ। ਸਾਡਾ ਮਨ ਇਹਨਾਂ ਨੂੰ ਫੜ ਲੈਂਦਾ ਹੈ। ਇਹ ਕਿਵੇਂ ? ਜਿਸ ਤਰ੍ਹਾਂ ਸ਼ਬਦ ਜਾਂ ਬੋਲ ਨਾਸ਼ ਨਹੀਂ ਹੁੰਦੇ, ਸਗੋਂ ਵਾਯੂਮੰਡਲ ਵਿਚ ਪ੍ਰਿਥਵੀ ਦੇ ਚੌਹੀਂ ਪਾਸੀਂ ਘੁੰਮਦੇ ਰਹਿੰਦੇ ਹਨ। ਰੇਡੀਓ ਜਦ ਚਾਹੇ ਇਹਨਾਂ ਨੂੰ ਪਕੜ ਕੇ ਸੁਣਾ ਸਕਦਾ ਹੈ। ਇਸ ਤਰ੍ਹਾਂ ਪ੍ਰਾਣੀ ਮਾਤਰ ਦੇ ਖ਼ਿਆਲ ਵੀ ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਹੁਣ ਤਕ ਵਾਯੂਮੰਡਲ ਵਿਚ ਇਕ ਵਿਸ਼ੇਸ਼ ਤਬਕ ਵਿਚ ਇਕੱਤਰ ਹੋਏ ਰਹਿੰਦੇ ਹਨ ਤੇ ਪ੍ਰਿਥਵੀ ਦੇ ਚੌਹੀਂ ਪਾਸੀਂ ਘੁੰਮਦੇ ਰਹਿੰਦੇ ਹਨ। ਇਹ ਤਬਕ ਧਰਤੀ ਦੇ ਨਾਲ ਜੁੜਿਆ ਹੈ।

ਇਹੋ ਵਿਸ਼ਵ ਵਿਆਪੀ ਮਨ ਹੈ, ਇਨਸਾਨ ਦੀ ਪ੍ਰਕਿਰਤੀ ਜਾਂ ਸੁਭਾਅ ਅਨੁਸਾਰ ਖ਼ਿਆਲ ਵਿਸ਼ਵ ਵਿਆਪੀ ਮਨ ਵਿਚੋਂ ਖ਼ੁਦ ਹੀ ਉਸ ਵੱਲ ਖਿੱਚੇ ਚਲੇ ਆਉਂਦੇ ਹਨ ਤੇ ਉਸ ਦੇ ਦਿਮਾਗ਼ ਵਿਚ ਪ੍ਰਵੇਸ਼ ਕਰਦੇ ਰਹਿੰਦੇ ਹਨ। ਜਿਹੜਾ ਬੰਦਾ ਜਿਸ ਪਾਸੇ ਆਪਣੇ ਮਨ ਨੂੰ ਇਕਾਗਰ ਕਰਦਾ ਹੈ, ਉਸੇ ਕਿਸਮ ਦੇ ਇਲਮ ਹੁਨਰ ਦੀਆਂ ਲਹਿਰਾਂ ਉਸ ਦੇ ਦਿਮਾਗ਼ ਵਿਚ ਸ਼ਾਮਲ ਹੋ ਕੇ ਬੇਖ਼ਬਰੀ ਵਿਚ ਹੀ ਉਸ ਦੀ ਸਹਾਇਤਾ ਕਰਦੀਆਂ ਰਹਿੰਦੀਆਂ ਹਨ। ਪਰ ਇਹ ਕੇਵਲ ਪ੍ਰਕਿਰਤੀ ਅਰਥਾਤ ਮਾਤਾ ਤਕ ਹੀ ਸੀਮਿਤ ਹੈ। ਇਹ ਖ਼ਿਆਲਾਤ ਅਧੂਰੇ ਵੀ ਹਨ ਜਿਹੜੇ ਬਦਇਖ਼ਲਾਕੀ ਵੱਲ ਲੈ ਜਾਂਦੇ ਹਨ ਪਰ ਜੋਗੀ ਨੇ ਵਿਸ਼ਵ ਵਿਆਪੀ ਮਨ ਤੋਂ ਅੱਗੇ ਲੰਘਣਾ ਹੈ। ਇਸ ਲਈ ਉਸ ਨੇ ਲਗਾਤਾਰ ਇਹ ਅਭਿਆਸ ਕਰਨਾ ਹੈ ਕਿ ਕੋਈ ਖ਼ਿਆਲ ਉਸ ਦੇ ਅੰਦਰ ਨਾ ਆਵੇ। ਚਿੱਤ ਨੂੰ ਖ਼ਿਆਲਾਂ ਤੋਂ ਪਾਕ ਕਰਨਾ ਹੈ।

ਲੈਲੇ ਅਨੁਸਾਰ ਆਰਾਮ ਨਾਲ ਧਿਆਨ ਜਮਾਉਣ ਲਈ ਬੈਠ ਜਾਉ ਤੇ ਸੋਚਣਾ ਬੰਦ ਕਰ ਦਿਉ। ਦਿਮਾਗ਼ ਨੂੰ ਖ਼ਾਲੀ ਕਰ ਦਿਉ ਅਤੇ ਆਪਣੇ ਮਨ ਨੂੰ ਵੇਖੋ। ਇਸ ਵਿਚ ਖ਼ਿਆਲ ਕਿਧਰੋਂ ਆਉਂਦੇ ਹਨ। ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਹ ਬਾਹਰ ਤੋਂ ਆ ਰਹੇ ਹਨ। ਇਹਨਾਂ ਨੂੰ ਮਨ ਵਿਚ ਦਾਖ਼ਲ ਨਾ ਹੋਣ ਦਿਉ। ਪਹਿਲਾਂ ਹੀ ਬਾਹਰ ਧਕੇਲ ਦਿਉ। ਇਹੀ ਅਭਿਆਸ ਕਰਨ ਨਾਲ ਤੁਹਾਡਾ ਮਨ ਪੂਰੀ ਤਰ੍ਹਾਂ ਚੁੱਪ ਤੇ ਸਥਿਰ ਹੋ ਜਾਵੇਗਾ।

ਮੈਂ ਫ਼ੌਰਨ ਹੀ ਬੈਠ ਗਿਆ। ਠੀਕ ਇਸੇ ਤਰ੍ਹਾਂ ਕੀਤਾ। ਸੱਚਮੁੱਚ ਖ਼ਿਆਲ ਬਾਹਰੋਂ ਆ ਰਹੇ ਸਨ। ਮੈਂ ਇਕ-ਇਕ ਕਰਕੇ ਉਹਨਾਂ ਨੂੰ ਬਾਹਰ ਕੱਢਦਾ ਰਿਹਾ

ਸਗੋਂ ਦਿਮਾਗ਼ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਹੀ ਬਾਹਰ ਧਕੇਲ ਦਿੰਦਾ। ਥੋੜ੍ਹੀ ਦੇਰ ਵਿਚ ਹੀ ਮੇਰਾ ਮਨ ਚੁੱਪ ਤੇ ਸਥਿਰ ਹੋ ਗਿਆ। ਕੁਝ ਚਿਰ ਪਿੱਛੋਂ ਖ਼ਿਆਲ ਫਿਰ ਬਾਹਰੋਂ ਜ਼ੋਰ ਨਾਲ ਆਉਣੇ ਸ਼ੁਰੂ ਹੋ ਗਏ। ਮੈਂ ਫਿਰ ਉਸੇ ਤਰ੍ਹਾਂ ਕੀਤਾ, ਦਿਨ ਭਰ ਇਹੀ ਕਰਦਾ ਰਿਹਾ। ਕੇਵਲ ਤਿੰਨ ਦਿਨਾਂ ਵਿਚ ਮੈਨੂੰ ਇਕ ਦਿਨ ਅਚਾਨਕ ਹੀ ਨਿਰਵਾਨ ਦਾ ਅਨੁਭਵ ਜਾਂ ਨਿਰਗੁਣ ਬ੍ਰਹਮ ਸ਼ਾਖ਼ਸ਼ਾਤਕਾਰ ਹੋ ਗਿਆ।

(ਮਹਾਤਮਾ ਅਰਵਿੰਦ ਘੋਸ਼)

SIKHBOOKCLUB.COM